New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 | 28 February, 2025 | C | ੧੭ ਫੱਗਣ ਨਾਨਕਸ਼ਾਹੀ ਸੰਮਤ ੫੫੬ | Ph.: 604-338-7310 | FAX : 604-572-3638 | /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਟੈਰਿਫ਼ ਦੇ ਮੁੱਦੇ ’ਤੇ ਕੈਨੇਡਾ-ਅਮਰੀਕਾ ਆਹਮੋ-ਸਾਹਮਣੇ

## ਜੇਕਰ ਅਮਰੀਕਾ ਵਲੋਂ ਟੈਰਿਫ਼ ਲਾਗੂ ਹੋਏ ਤਾਂ ਕੈਨੇਡਾ ਵੀ ਸਖ਼ਤ ਜਵਾਬੀ ਕਾਰਵਾਈ ਕਰੇਗਾ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ 4 ਮਾਰਚ ਤੋਂ ਜ਼ਿਆਦਾਤਰ ਕੈਨੇਡੀਅਨ ਸਾਮਾਨ ‘ਤੇ 25 ਪ੍ਰਤੀਸ਼ਤ ਟੈਰਿਫ਼ ਲਗਾਉਣਗੇ। ਉਨ੍ਹਾਂ ਨੇ ਕਿਹਾ ਕਿ ਇਹ ਫੈਸਲਾ ਫੈਂਟਾਨਿਲ ਦੀ ਆਮਦ ਨੂੰ ਰੋਕਣ ਲਈ ਲਿਆ ਗਿਆ ਹੈ, ਪਰ ਅੰਕੜੇ ਇਹ ਦਰਸਾਉਂਦੇ ਹਨ ਕਿ ਕੈਨੇਡਾ-ਅਮਰੀਕਾ ਦਰਮਿਆਨ ਹੁੰਦੀ ਫੈਂਟਾਨਿਲ ਦੀ ਤਸਕਰੀ ਸਰਹੱਦ ‘ਤੇ ਵਧੀ ਸਖ਼ਤੀ ਤੋਂ ਬਾਅਦ ਕਾਫੀ ਘਟ ਗਈ ਹੈ।

ਵੀਰਵਾਰ ਨੂੰ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਟਰੰਪ ਨੇ ਕਿਹਾ, "ਫੈਂਟਾਨਿਲ ਦੀ ਆਮਦ ਅਮਰੀਕਾ ਵਿੱਚ ਲੋਕਾਂ ਨੂੰ ਮਾਰ ਰਹੀ ਹੈ। ਅਸੀਂ ਇਸ ਮਹਾਂਮਾਰੀ ਨੂੰ ਆਪਣੇ



ਦੇਸ਼ ਨੂੰ ਨੁਕਸਾਨ ਪਹੁੰਚਾਉਣ ਨਹੀਂ ਦੇ ਸਕਦੇ। ਜਦ ਤੱਕ ਇਹ ਪੂਰੀ ਤਰ੍ਹਾਂ ਬੰਦ ਨਹੀਂ ਹੁੰਦੀ ਜਾਂ ਗੰਭੀਰ ਤਰੀਕੇ ਨਾਲ ਸੀਮਿਤ ਨਹੀਂ ਕੀਤੀ ਜਾਂਦੀ, ਤਦ ਤੱਕ ਕੈਨੇਡਾ ‘ਤੇ 25% ਟੈਰਿਫ਼ ਲਾਗੂ ਰਹੇਗਾ।"

ਦੂਜੇ ਪਾਸੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ‘ਤੇ ਸਖ਼ਤ ਪ੍ਰਤੀਕ੍ਰਿਆ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਸਰਕਾਰ, ਸੂਬਾਈ

☛ ਬਾਕੀ ਸਫ਼ਾ 3 ’ਤੇ

# ਸਰੀ ਸਿਟੀ ਕੌਂਸਲ ਦੀਆਂ ਚੋਣਾਂ ਲੜ੍ਹਨ ਵਾਲੀਆਂ 5 ’ਚੋਂ 4 ਪਾਰਟੀਆਂ ’ਤੇ ਇਲੈਕਸ਼ਨਜ਼ ਬੀ.ਸੀ. ਵਲੋਂ ਜੁਰਮਾਨੇ

**ਸਰੀ (ਸਿਮਰਨਜੀਤ ਸਿੰਘ):** ਸਰੀ ਦੀਆਂ 5 ‘ਚੋਂ 4 ਚੋਣ ਲੜ੍ਹਨ ਵਾਲੀਆਂ ਪਾਰਟੀਆਂ ‘ਤੇ ਇਲੈਕਸ਼ਨਜ਼ ਬੀ.ਸੀ. ਨੇ ਕੁੱਲ $10,043 ਦੇ ਜੁਰਮਾਨੇ ਲਗਾਏ ਹਨ। ਇਹ ਜੁਰਮਾਨੇ 2022 ਦੀਆਂ ਚੋਣਾਂ ‘ਚ ਸਥਾਨਕ ਚੋਣ ਮੁਹਿੰਮ ਦੀ ਵਿੱਤੀ ਐਕਟ ਦੀ ਉਲੰਘਣਾ ਕਰਨ ਕਾਰਨ ਲਗਾਏ ਗਏ।

ਇਲੈਕਸ਼ਨਜ਼ ਬੀ.ਸੀ. ਵਲੋਂ ਜਿਨ੍ਹਾਂ 4 ਪਾਰਟੀਆਂ ‘ਤੇ ਜੁਰਮਾਨੇ ਲਗਾਏ ਗਏ ਹਨ, ਉਹਨਾਂ ‘ਚ ਸਾਬਕਾ ਮੇਅਰ ਡਗ ਮੈਕਕੈਲਮ ਦੀ ਅਗਵਾਈ ‘ਚ ਸੇਫ਼ ਸਰੀ ਕੋਅਲਿਸ਼ਨ (Safe Surrey Coalition), ਸਾਬਕਾ ਲਿਬਰਲ ਸੰਸਦ




ਮੈਂਬਰ ਅਤੇ ਵ੍ਹਾਈਟ ਰੌਕ ਦੇ ਸਾਬਕਾ ਮੇਅਰ ਗੋਰਡਨ ਹੌਗ ਦੀ ਅਗਵਾਈ ‘ਚ ਸਰੀ ਫ਼ਸਟ (Surrey First Electors Soicety) , ਲਿਬਰਲ ਸੰਸਦ ਮੈਂਬਰ ਸੁਖ ਧਾਲੀਵਾਲ ਦੀ ਅਗਵਾਈ ‘ਚ ਯੂਨਾਈਟਡ ਸਰੀ (Uinted Surrey) , ਮੌਜੂਦਾ ਮੇਅਰ ਬ੍ਰੈਂਡਾ ਲੌਕ ਦੀ ਅਗਵਾਈ ‘ਚ ਸਰੀ ਕਨੈਕਟ (Surrey Connect) ਨੂੰ ਜੁਰਮਾਨੇ ਲਗਾਏ ਗਏ ਹਨ ।

ਇਸਦੇ ਇਲਾਵਾ ਸਰੀ ਫਾਰਵਰਡ (Surrey Forward), ਜੋ ਕਿ ਸਾਬਕਾ ਐੱਨ.ਡੀ.ਪੀ. ਸੰਸਦ ਮੈਂਬਰ ਜਿੰਨੀ ਸਿਮਸ ਦੀ ਅਗਵਾਈ ‘ਚ ਸੀ, ਉਸ ‘ਤੇ ਕੋਈ ਜੁਰਮਾਨਾ ਨਹੀਂ ਹੋਇਆ।

ਫ਼ਰਵਰੀ 26 ਨੂੰ ਜਾਰੀ ਬੁਲੇਟਿਨ ਮੁਤਾਬਕ, ਹਰੇਕ ਪਾਰਟੀ ‘ਤੇ ਨਿਮਨਲਿਖਤ ਤਰੀਕੇ ਨਾਲ ਜੁਰਮਾਨੇ ਲਗਾਏ

☛ ਬਾਕੀ ਸਫ਼ਾ 3 ’ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm | SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

Keep Smiling Denture Clinic
Complete Denture
Implant Denture
Partial Denture
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

PEST CONTROL
RESIDENTIAL & COMMERCIALS
SAFE EFFECTIVE SOLUTIONS
Rats, Mice
Ant, Fire Brats
House Flies
Termites
Spider | Fleas
Bed Bugs
Cockroaches
Silver Fish
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Randy)
nppestcontrol05@gmail.com
778-683-8964, 778-895-6655

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਵੈਨਕੂਵਰ 'ਚ ਸਹਾਇਕ ਰਿਹਾਇਸ਼ 'ਤੇ ਰੋਕ ਲਗਾਉਣ ਦੇ ਫ਼ੈਸਲੇ ਖਿਲਾਫ਼ ਰੋਸ ਪ੍ਰਦਰਸ਼ਨ




**ਵੈਨਕੂਵਰ, (ਸਿਮਨਰਜੀਤ ਸਿੰਘ):** ਵੈਨਕੂਵਰ ਸ਼ਹਿਰੀ ਹਾਲ ਦੇ ਬਾਹਰ ਬੁਧਵਾਰ ਨੂੰ ਵੱਡੀ ਗਿਣਤੀ ਵਿੱਚ ਪ੍ਰਦਰਸ਼ਨਕਾਰੀ ਇਕੱਠੇ ਹੋਏ, ਜਦੋਂ ਸ਼ਹਿਰੀ ਕੌਂਸਲ ਨੇ ਮੇਅਰ ਕੇਨ ਸਿਮ ਵੱਲੋਂ ਸਹਾਇਕ ਰਿਹਾਇਸ਼ (ਸ਼ੁਪਪੋਰਟਿਵਊ ਸਿਨਗ) ਦੀ ਨਵੀਂ ਨਿਰਮਾਣ ਪ੍ਰਕਿਰਿਆ 'ਤੇ ਰੋਕ ਲਗਾਉਣ 'ਤੇ ਚਰਚਾ ਕੀਤੀ ਗਈ। ਆਖ਼ਰਕਾਰ, ਸ਼ਹਿਰੀ ਕੌਂਸਲ ਨੇ ਇਹ ਪੇਸ਼ਕਸ਼ ਮਨਜ਼ੂਰ ਕਰ ਲਈ, ਜਿਸ ਕਾਰਨ ਸ਼ਹਿਰ ਵਿੱਚ ਸਹਾਇਕ ਰਿਹਾਇਸ਼ ਪ੍ਰੋਜੈਕਟਾਂ 'ਤੇ ਤੁਰੰਤ ਮਾੜਾ ਅਸਰ ਪੈਣ ਦੀ ਸੰਭਾਵਨਾ ਅਤੇ ਲੱਖਾਂ ਡਾਲਰ ਬਰਬਾਦ ਹੋਣ ਦੀ ਸੰਭਾਵਨਾ ਬਣ ਗਈ ਹੈ।

ਮੇਅਰ ਕੇਨ ਸਿਮ ਦੀ ਇਹ ਨੀਤੀ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਜਦ ਤੱਕ ਹੋਰ ਸ਼ਹਿਰ ਨਵੀਆਂ ਸਹਾਇਕ ਰਿਹਾਇਸ਼ ਇਮਾਰਤਾਂ ਨਹੀਂ ਬਣਾਉਂਦੇ, ਤਦ ਤੱਕ ਵੈਨਕੂਵਰ 'ਚ ਨਵੇਂ ਯੂਨਿਟਾਂ ਦਾ ਨਿਰਮਾਣ ਰੋਕਿਆ ਜਾਵੇ। ਉਨ੍ਹਾਂ ਦਾ ਦਾਅਵਾ ਹੈ ਕਿ ਸਿਰਫ਼ ਵੈਨਕੂਵਰ ਹੀ ਹੋਮਲੈੱਸ ਆਬਾਦੀ ਲਈ ਹੱਲ ਨਹੀਂ ਹੋ ਸਕਦਾ, ਇਸ ਲਈ ਹੋਰ ਸ਼ਹਿਰਾਂ ਨੂੰ ਵੀ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਸ ਪੇਸ਼ਕਸ਼ ਵਿੱਚ ਸ਼ਹਿਰ ਦੀ ਤਵੱਜੋ ਨਵੇਂ ਨਿਰਮਾਣ ਦੀ ਬਜਾਏ ਮੌਜੂਦਾ ਘੱਟ-ਲਾਗਤ ਵਾਲੇ ਘਰਾਂ ਦੀ ਮੁਰੰਮਤ ਅਤੇ ਨਵੀਨੀਕਰਨ 'ਤੇ ਕੇਂਦਰਤ ਕਰਨੀ ਦੀ ਗੱਲ ਕਹੀ ਗਈ ਹੈ।

ਉਧਰ ਵੈਨਕੂਵਰ ਹਾਲ ਦੇ ਬਾਹਰ ਲਗਭਗ 100 ਪ੍ਰਦਰਸ਼ਨਕਾਰੀ ਇਕੱਠੇ ਹੋਏ, ਜਿਨ੍ਹਾਂ ਨੇ ਇਹ ਨੀਤੀ ਬੇ-ਅਸਰ ਅਤੇ ਅਣਸੋਚੀ-ਵਿਚਾਰੀ ਦੱਸਦਿਆਂ ਇਸ ਖਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਡਾਊਨਟਾਊਨ ਈਸਟਸਾਈਡ ਵਿੱਚ ਕੰਮ ਕਰ ਰਹੀਆਂ ਕੁਝ ਗੈਰ-ਲਾਭਕਾਰੀ ਸੰਸਥਾਵਾਂ ਨੇ ਵੀ ਇਸ ਨੀਤੀ 'ਤੇ ਗੰਭੀਰ ਚਿੰਤਾ ਜਤਾਈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਨਵੀਆਂ ਸਹਾਇਕ ਰਿਹਾਇਸ਼ ਯੋਜਨਾਵਾਂ 'ਤੇ ਰੋਕ ਲਗਾ ਦਿੱਤੀ ਗਈ, ਤਾਂ ਹੋਮਲੈੱਸ ਲੋਕਾਂ ਦੀ ਗਿਣਤੀ ਹੋਰ ਵਧੇਗੀ ਅਤੇ ਸ਼ਹਿਰ ਦੀਆਂ ਗਲੀਆਂ ਵਿੱਚ ਹੋਰ ਵਿਅਕਤੀਕਤ ਅਤੇ ਆਰਥਿਕ ਸੰਕਟ ਪੈਦਾ ਹੋਣਗੇ।

ਵੈਨਕੂਵਰ ਕੌਂਸਲਰ ਪੀਟ ਫਰਾਈ ਨੇ ਵੀ ਇਸ ਫ਼ੈਸਲੇ 'ਤੇ ਨਾਰਾਜ਼ਗੀ ਜਤਾਈ। ਉਨ੍ਹਾਂ ਨੇ ਕਿਹਾ, "ਇਹ ਇੱਕ ਅਣਸੋਚਿਆ-ਵਿਚਾਰਿਆ ਤਰੀਕਾ ਹੈ। ਜੇਕਰ ਤੁਸੀਂ ਸੜਕਾਂ 'ਤੇ ਰਹਿ ਰਹੇ ਲੋਕਾਂ ਲਈ ਰਿਹਾਇਸ਼ ਦੀ ਵਿਕਾਸ ਯੋਜਨਾ ਨੂੰ ਰੋਕ ਦਿੰਦੇ ਹੋ, ਤਾਂ ਇਹ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਹੋਰ ਵਧਾਏਗੀ।"

ਉਨ੍ਹਾਂ ਕਿਹਾ ਕਿ "ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਸਹਾਇਕ ਰਿਹਾਇਸ਼ ਰੋਕਣ ਨਾਲ ਨਾ ਤਾਂ ਸ਼ਹਿਰ ਦੀ ਸੁਰੱਖਿਆ ਵਧੇਗੀ ਅਤੇ ਨਾ ਹੀ ਹੋਮਲੈੱਸ ਮਸਲੇ ਦਾ ਹੱਲ ਨਿਕਲੇਗਾ।"

ਬ੍ਰਿਟਿਸ਼ ਕੋਲੰਬੀਆ ਦੇ ਹਾਊਜ਼ਿੰਗ ਮੰਤਰੀ ਨੇ ਵੀ ਵੈਨਕੂਵਰ ਕੌਂਸਲ ਦੇ ਫ਼ੈਸਲੇ 'ਤੇ ਨਾਰਾਜ਼ਗੀ ਜਤਾਈ, ਕਿਹਾ ਕਿ ਸਹਾਇਕ ਰਿਹਾਇਸ਼ ਨੂੰ ਰੋਕਣਾ ਸਹੀ ਹੱਲ ਨਹੀਂ। ਉਨ੍ਹਾਂ ਕਿਹਾ, "ਜੇਕਰ ਅਸੀਂ ਆਉਣ ਵਾਲੇ ਸਾਲਾਂ ਵਿੱਚ ਵਧ ਰਹੀ ਹੋਮਲੈੱਸ ਆਬਾਦੀ ਨੂੰ ਕੰਟਰੋਲ ਕਰਨਾ ਚਾਹੁੰਦੇ ਹਾਂ, ਤਾਂ ਅਸੀਂ ਵਧੇਰੇ ਲੋਕਾਂ ਨੂੰ ਰਿਹਾਇਸ਼ ਉਪਲਬਧ ਕਰਵਾਉਣੀ ਪਵੇਗੀ।"

ਉਨ੍ਹਾਂ ਨੇ ਇਹ ਵੀ ਕਿਹਾ ਕਿ "ਇਸ ਨੀਤੀ ਕਾਰਨ ਹੋ ਸਕਦਾ ਹੈ ਕਿ ਵੈਨਕੂਵਰ ਵਿੱਚ ਹੋਮਲੈੱਸ ਲੋਕ ਹੋਰ ਸੰਕਟ ਵਿੱਚ ਆ ਜਾਣ ਅਤੇ ਹੋਰ ਸ਼ਹਿਰਾਂ ਉੱਤੇ ਦਬਾਅ ਵਧ ਜਾਵੇ।" ਦੂਜੇ ਪਾਸੇ ਮੇਅਰ ਕੇਨ ਸਿਮ ਅਤੇ ਉਨ੍ਹਾਂ ਦੇ ਸਮਰਥਕਾਂ ਦਾ ਕਹਿਣਾ ਹੈ ਕਿ "ਵੈਨਕੂਵਰ ਨੂੰ ਇੱਕਲਾ ਨਿਸ਼ਾਨਾ ਬਣਾਉਣ ਦੀ ਬਜਾਏ ਹੋਰ ਸ਼ਹਿਰਾਂ ਨੂੰ ਵੀ ਇਸ 'ਚ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ।" ਉਨ੍ਹਾਂ ਦਾ ਦਾਅਵਾ ਹੈ ਕਿ "ਜੇ ਹੋਰ ਸ਼ਹਿਰ ਸਹਾਇਕ ਰਿਹਾਇਸ਼ ਨਿਰਮਾਣ ਕਰਨ, ਤਾਂ ਇਹ ਹੋਮਲੈੱਸ ਸਮੱਸਿਆ ਨੂੰ ਬਿਹਤਰ ਢੰਗ ਨਾਲ ਹੱਲ ਕਰੇਗਾ।" ਉਨ੍ਹਾਂ ਨੇ ਇਹ ਵੀ ਕਿਹਾ ਕਿ "ਸ਼ਹਿਰ ਪਹਿਲਾਂ ਹੀ ਘੱਟ-ਲਾਗਤ ਵਾਲੀ ਰਿਹਾਇਸ਼ 'ਚ ਕਾਫ਼ੀ ਪੈਸਾ ਲਗਾ ਚੁੱਕਾ ਹੈ, ਹੁਣ ਹੋਰ ਸ਼ਹਿਰ ਵੀ ਆਪਣੀ ਭੂਮਿਕਾ ਨਿਭਾਉਣ।" This report was written by Simranjit Singh as part of the Local Journalism Initiative.

# ਅਮਰੀਕੀ ਟੈਰੀਫ਼ ਵਿਰੁੱਧ ਕੈਲਗਰੀ ਸ਼ਹਿਰ ਵਲੋਂ ਵੀ ਵਿਰੋਧੀ ਕਾਰਵਾਈ ਦੀ ਤਿਆਰੀ

**ਕੈਲਗਰੀ (ਸਿਮਰਨਜੀਤ ਸਿੰਘ):** ਅਮਰੀਕਾ ਵੱਲੋਂ ਕੈਨੇਡਾ ਉੱਤੇ ਨਵੇਂ ਟੈਰੀਫ਼ ਲਗਾਉਣ ਦੀਆਂ ਧਮਕੀਆਂ ਮਿਲਣ ਤੋਂ ਬਾਅਦ, ਕੈਲਗਰੀ ਸ਼ਹਿਰੀ ਕੌਂਸਲ ਨੇ ਬੀਤੇ ਕੱਲ੍ਹ ਟੈਰੀਫ਼ ਦੇ ਸੰਭਾਵਿਤ ਪ੍ਰਭਾਵਾਂ ਨੂੰ ਘੱਟ ਕਰਨ ਅਤੇ ਵਿਰੋਧੀ ਕਾਰਵਾਈ ਕਰਨ ਲਈ ਆਪਣੀ ਯੋਜਨਾ ਉੱਤੇ ਵਿਚਾਰ-ਵਿਮਰਸ਼ ਕੀਤਾ। ਇਸ ਹਫ਼ਤੇ ਦੀ ਸ਼ੁਰੂਆਤ ਵਿੱਚ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕੀਤਾ ਸੀ ਕਿ 4 ਮਾਰਚ ਤੋਂ ਕੈਨੇਡਾ ਉੱਤੇ ਨਵੇਂ ਟੈਰੀਫ਼ ਲਾਗੂ ਕੀਤੇ ਜਾਣਗੇ। ਟਰੰਪ ਵਲੋਂ ਕੈਨੇਡਾ ਦੇ ਹਰ ਇਕਸਪੋਰਟ ਉੱਤੇ 25% ਅਤੇ ਊਰਜਾ ਉਤਪਾਦਾਂ 'ਤੇ 10% ਟੈਰੀਫ਼ ਲਗਾਏ ਜਾਣ ਦੀ ਧਮਕੀ ਦੱਤੀ ਗਈ ਹੈ। ਕੈਲਗਰੀ ਦੀ ਮੇਅਰ ਜਯੋਤੀ ਗੋਂਡਕ ਨੇ ਪੱਤਰਕਾਰਾਂ ਨੂੰ ਦੱਸਿਆ, "ਸਾਡੇ ਕੋਲ ਕੋਈ ਜਾਦੂਈ ਗੇਂਦ ਨਹੀਂ ਕਿ ਪਤਾ ਲਗਾ ਸਕੀਏ ਕਿ ਕੀ ਟਰੰਪ ਇਹ ਟੈਰੀਫ਼ ਲਾਗੂ ਕਰੇਗਾ ਜਾਂ ਨਹੀਂ।" ਕੈਲਗਰੀ ਦੇ ਮੁੱਖ ਪ੍ਰਸ਼ਾਸਕੀ ਅਧਿਕਾਰੀ ਡੇਵਿਡ ਡਕਵਰਥ ਨੇ ਕੌਂਸਲ ਨੂੰ ਦੱਸਿਆ ਕਿ ਸ਼ਹਿਰ ਦੀ 95% ਖਰੀਦ ਕੈਨੇਡਾ ਜਾਂ ਹੋਰ ਗ਼ੈਰ-ਅਮਰੀਕੀ ਸਪਲਾਇਰਾਂ ਤੋਂ ਹੁੰਦੀ ਹੈ, ਜਦਕਿ ਕੇਵਲ 5% ਉਤਪਾਦ ਅਮਰੀਕਾ ਤੋਂ ਆਉਂਦੇ ਹਨ। ਪਰ ਸ਼ਹਿਰ ਦੇ ਪ੍ਰਸ਼ਾਸਨ ਨੇ ਇਹ ਪ੍ਰਕਿਰਿਆ ਹੋਰ ਵੀ ਮਜ਼ਬੂਤ ਬਣਾਉਣ ਲਈ ਤਬਦੀਲੀਆਂ ਲਿਆਉਣ ਦੀ ਯੋਜਨਾ ਬਣਾਈ ਹੈ। ਉਨ੍ਹਾਂ ਨੇ ਉਦਾਹਰਨ ਵਜੋਂ ਕੈਲਗਰੀ ਦੇ ਨਵੇਂ ਈਵੈਂਟ ਸੈਂਟਰ ਪ੍ਰੋਜੈਕਟ ਦਾ ਹਵਾਲਾ ਦਿੱਤਾ, ਜਿਸ ਵਿੱਚ ਪਲੇਟਫਾਰਮ ਨੇ ਅਲੂਮੀਨੀਅਮ ਅਤੇ ਲੋਹਾ (ਸਟੀਲ) ਕੈਨੇਡਾ ਅਤੇ ਯੂਰਪ ਤੋਂ ਮੰਗਵਾਉਣ ਦੀ ਯੋਜਨਾ ਬਣਾਈ ਹੈ, ਤਾਂ ਜੋ ਮੁੱਲਾਂ ਦੀ ਵਾਧੂ ਅਤੇ ਸਪਲਾਈ ਚੇਨ ਦੇ ਵਿਧਨ ਨੂੰ ਘੱਟ ਕੀਤਾ ਜਾ ਸਕੇ। This report was written by Simranjit Singh as part of the Local Journalism Initiative.


ੴ ਸਤਿਗੁਰ ਪ੍ਰਸਾਦਿ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ, ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ

## ਸ਼ੋਕ ਸਮਾਚਾਰ

ਬੜੇ ਦੁਖੀ ਹਿਰਦੇ ਨਾਲ ਦੱਸਿਆ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ

**ਸਵ: ਸਰਦੂਲ ਸਿੰਘ ਦਿਓਲ**

ਜਿਨ੍ਹਾਂ ਦਾ ਪਿਛਲਾ ਪਿੰਡ ਖਾਰਾ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਜੋ ਹੁਣ ਆਪਣੇ ਪਰਿਵਾਰ ਨਾਲ 1972 ਤੋਂ ਵੈਨਕੂਵਰ ਵਿਖੇ ਰਹਿ ਰਹੇ ਸਨ। ਬੀਤੀ 24 ਫਰਵਰੀ ਦਿਨ ਸੋਮਵਾਰ ਨੂੰ ਕਰੀਬ 10:30 ਵਜੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਪੰਜਾਬ ਤੋਂ ਬੀ.ਏ., ਬੀ.ਐੱਡ ਕੀਤੀ ਹੋਣ ਕਰਕੇ ਇਥੇ ਕੁਝ ਹੋਰ ਪੜ੍ਹਾਈ ਕਰਕੇ 1976 ਤੋਂ ਵੈਨਕੂਵਰ ਸਕੂਲ ਬੋਰਡ ਵਿੱਚ ਬਤੌਰ ਇੰਜੀਨੀਅਰ ਨੌਕਰੀ ਕਰਨ ਲੱਗੇ, 2006 ਤੱਕ ਉਥੇ ਰਹੇ। ਉਹ ਹਮੇਸ਼ਾ ਭਾਈਚਾਰੇ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਤੱਤਪਰ ਰਹੇ। ਉਹ ਬੀ.ਸੀ. ਖਾਲਸਾ ਦਰਬਾਰ ਸੁਸਾਇਟੀ ਦੇ ਮੁਢਲੇ ਮੈਂਬਰ ਸਨ ਅਤੇ ਹੁਣ ਤੱਕ ਲਗਾਤਾਰ ਸੁਸਾਇਟੀ ਵਿੱਚ ਸੇਵਾ ਕਰਦੇ ਰਹੇ। ਉਨ੍ਹਾਂ ਦਾ

## ਅੰਤਮ ਸੰਸਕਾਰ

**8 ਮਾਰਚ ਦਿਨ ਸ਼ਨੀਵਾਰ ਨੂੰ ਸਵੇਰੇ 10:00 ਵਜੇ**

ਰਿਵਰਸਾਈਡ ਹੌਪ-ਕੋਟ ਰੋਡ ਡੈਲਟਾ ਵਿਖੇ ਸਥਿਤ ਫਿਊਨਰਲ ਹੋਮ ਵਿਖੇ ਕੀਤਾ ਜਾਵੇਗਾ, ਉਪਰੰਤ

## ਪਾਠ ਦਾ ਭੋਗ ਅਤੇ ਅੰਤਿਮ ਅਰਦਾਸ

ਗੁਰਦੁਆਰਾ ਖਾਲਸਾ ਦਰਬਾਰ ਸੁਸਾਇਟੀ ਵੈਨਕੂਵਰ

7749 Prince Edward St, Vancouver, BC ਵਿਖੇ 12:00 ਵਜੇ ਹੋਵੇਗੀ।



ਸਵ: ਸਰਦੂਲ ਸਿੰਘ ਦਿਓਲ

ਪਰਿਵਾਰ ਨਾਲ ਹਮਦਰਦੀ ਲਈ ਸੰਪਰਕ ਕਰ ਸਕਦੇ ਹੋ

ਕਿਰਪਾਲ ਕੌਰ (ਸੁਪਤਨੀ) ਮਨਜਿੰਦਰ ਸਿੰਘ (ਬੇਟਾ) - ਕੰਵਲਜੀਤ ਕੌਰ (ਨੂੰਹ), ਉਰਮਿੰਦਰ ਕੌਰ (ਬੇਟੀ) - ਜੇਸਨ (ਜਵਾਈ), ਰਾਜਵਿੰਦਰ ਕੌਰ (ਬੇਟੀ)- ਦਲਜੀਤ ਸਿੰਘ (ਜਵਾਈ)

ਮਨਪ੍ਰੀਤ ਕੌਰ, ਅਮਨੀਤ ਕੌਰ (ਪੋਤਰੀਆਂ), ਹਰਜੋਤ ਸਿੰਘ ਦਿਓਲ (ਪੋਤਰਾ), ਸਿਆਨਾ (ਦੋਹਤੀ)

**ਸੰਪਰਕ : 604-327-6853**

ਸਫ਼ਾ 1 ਦਾ ਬਾਕੀ

## ਟੈਰਿਫ਼ ਦੇ ਮੁੱਦੇ ’ਤੇ...

ਸਰਕਾਰਾਂ ਅਤੇ ਵਪਾਰਕ ਆਗੂ ਇਸੇ ਉੱਤੇ ਕੰਮ ਕਰ ਰਹੇ ਹਨ ਕਿ ਟੈਰਿਫ਼ ਨਾ ਲੱਗਣ, ਪਰ ਟਰੂਡੋ ਨੇ ਆਖਰੀ ਵਾਰ ਚੇਤਾਵਨੀ ਦਿੱਤੀ ਕਿ ਜੇ 4 ਮਾਰਚ ਨੂੰ "ਟੈਰਿਫ਼" ਲਗਾਏ ਜਾਂਦੇ ਹਨ, ਤਾਂ "ਕੈਨੇਡਾ ਵੀ ਤੁਰੰਤ ਅਤੇ ਬਹੁਤ ਮਜ਼ਬੂਤੀ ਨਾਲ ਜਵਾਬ ਦੇਵੇਗਾ।" ਉਨ੍ਹਾਂ ਕਿਹਾ, "ਟਰੰਪ ਦੇ ਟੈਰਿਫ਼ ਮੁੜ-ਮੁੜ ਫੈਂਟਾਨਿਲ ਸੰਕਟ ਦਾ ਰਾਗ ਅਲਾਪ ਰਹੇ ਹਨ ਜਿਸ ਦਾ ਕਿ ਅਮਰੀਕਾ ਅਤੇ ਕੈਨੇਡਾ ਦੋਵੇਂ ਸਾਹਮਣਾ ਕਰ ਰਹੇ ਹਨ। ਕੈਨੇਡਾ ਨੇ ਕਈ ਵਾਰ ਇਹ ਗੱਲ ਕਹੀ ਹੈਕਿ ਅਮਰੀਕਾ ‘ਚ ਜਾਣ ਵਾਲੀ ਫੈਂਟਾਨਿਲ ‘ਚ 1% ਤੋਂ ਵੀ ਘੱਟ ਕੈਨੇਡਾ ਵਾਲੇ ਪਾਸਿਓਂ ਆ ਰਹੀ ਹੈ।" ਉਨ੍ਹਾਂ ਨਾਲ ਹੀ ਇਹ ਵੀ ਸ਼ਪਸ਼ਟ ਕੀਤਾ ਕਿ ਭਾਵੇਂ ਇਹ 1% ਤੋਂ ਵੀ ਘੱਟ ਹੋਵੇ, ਪਰ ਕੈਨੇਡਾ "ਇਸਦੀ ਰੋਕਥਾਮ ਲਈ ਵਚਨਬੱਧ" ਹੈ। ਉਨ੍ਹਾਂ ਨੇ ਜ਼ਿਕਰ ਕੀਤਾ ਕਿ ਕੈਨੇਡਾ ਨੇ 1.3 ਬਿਲੀਅਨ ਡਾਲਰ ਦੇ ਦੇ ਖਰਚੇ ਨਾਲ ਬਾਰਡਰ ਨਿਗਰਾਨੀ ਸਖ਼ਤ ਕੀਤੀ ਹੈ, ਜਿਸ ਵਿੱਚ "ਬਾਰਡਰ ‘ਤੇ ਹੈਲੀਕੌਪਟਰ, ਆਧੁਨਿਕ ਤਕਨੀਕ ਅਤੇ 10,000 ਤੋਂ ਵੱਧ ਗਸ਼ਤ ਅਧਿਕਾਰੀ ਤਾਇਨਾਤ" ਹਨ। ਟਰੰਪ ਵੱਲੋਂ ਇੱਕ ਹਫ਼ਤੇ ਤਕ ਚੱਲੀ ਉਲਝਣਭਰੀ ਬਿਆਨਬਾਜ਼ੀ ਤੋਂ ਬਾਅਦ ਆਇਆ।ਉਨ੍ਹਾਂ ਨੇ ਕਿਹਾ ਸੀ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਗੱਲਬਾਤ ਤੋਂ ਬਾਅਦ ਇਹ ਟੈਰਿਫ਼ ਅਗਲੇ ਹਫ਼ਤੇ ਲਾਗੂ ਹੋਣਗੇ। ਮੰਗਲਵਾਰ ਵ੍ਹਾਈਟ ਹਾਊਸ ਨੇ ਕਿਹਾ ਕਿ 25% ਟੈਰਿਫ਼ ਹਾਲੇ ਵੀ ਚਰਚਾ ਹੇਠ ਹਨ, ਪਰ ਵੀਰਵਾਰ ਨੂੰ ਟਰੰਪ ਨੇ ਇਹ ਸਪਸ਼ਟ ਕਰ ਦਿੱਤਾ ਕਿ "4 ਮਾਰਚ ਤੋਂ ਇਹ ਟੈਰਿਫ਼ ਲਾਗੂ ਕੀਤੇ ਜਾਣਗੇ।" This report was written by Simranjit Singh as part of the Local Journalism Initiative.

## ਸਰੀ ਸਿਟੀ ਕੌਂਸਲ ਦੀਆਂ...

ਗਏ: ਸਰੀ ਕਨੈਕਟ ਪਬਲਿਕ ਇੰਟਰੈਸਟ ਐਸੋਸੀਏਸ਼ਨ – $1,350 (ਪਾਬੰਧਤ ਦਾਨ ਲੈਣ ਲਈ), ਯੂਨਾਈਟਡ ਸਰੀ ਦੇ ਵਿੱਤੀ ਏਜੰਟ ਹਰਵਿੰਦਰ ਸਿੱਧੂ – $900 (ਪਾਬੰਧਤ ਦਾਨ ਲੈਣ ਲਈ), ਸਰੀ ਫ਼ਸਟ ਦੇ ਵਿੱਤੀ ਏਜੰਟ ਬੌਬ ਬੇਜ਼ੂਬਿਆਕ – $750 (ਪਾਬੰਧਤ ਦਾਨ ਲੈਣ ਲਈ), ਸੇਫ਼ ਸਰੀ ਕੋਅਲਿਸ਼ਨ ਦੇ ਵਿੱਤੀ ਏਜੰਟ ਕੇਟੀ ਯੰਗ – $4,630 (ਪਾਬੰਧਤ ਦਾਨ ਲੈਣ ਲਈ), ਸੇਫ਼ ਸਰੀ ਕੋਅਲਿਸ਼ਨ ਸੋਸਾਇਟੀ – $2,413 (ਰਜਿਸਟ੍ਰੇਸ਼ਨ ਤੋਂ ਪਹਿਲਾਂ ਚੋਣ ਖ਼ਰਚ ਕਰਨ ਲਈ) ਇਹ ਪੈਨਲਟੀਆਂ ਇਲੈਕਸ਼ਨਜ਼ ਬੀ.ਸੀ. ਵਲੋਂ 2024 ‘ਚ ਸ਼ੁਰੂ ਕੀਤੀ ਜਾਂਚ ਦਾ ਅੰਤ ਹਨ। ਜ਼ਿਕਰਯੋਗ ਹੈ ਕਿ ਇਹ ਜਾਂਚ ਅਪਰੈਲ 2024 ਵਿੱਚ ਸ਼ੁਰੂ ਹੋਈ ਸੀ।

ਸਰੀ ਦੀਆਂ ਚੋਣ ‘ਚ ਵਿੱਤੀ ਗੜਬੜੀਆਂ ਬਾਰੇ ਇਹ ਵੱਡੀ ਕਾਰਵਾਈ ਮੰਨੀ ਜਾ ਰਹੀ ਹੈ, ਜਿਸ ਕਰਕੇ ਸਥਾਨਕ ਸਿਆਸਤ ‘ਚ ਨਵੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ। This report was written by Simranjit Singh as part of the Local Journalism Initiative.

# ਮੈਟਰੋ ਵੈਨਕੂਵਰ ਬੋਰਡ ਵਲੋਂ ਵੱਡੀਆਂ ਕੰਪਨੀਆਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ‘ਤੇ ਵਿਵਾਦ ਭੱਖਿਆ




**ਸਰੀ, (ਸਿਮਰਨਜੀਤ ਸਿੰਘ):** ਮੈਟਰੋ ਵੈਨਕੂਵਰ ਬੋਰਡ ਵਲੋਂ ਵੱਡੀਆਂ ਕੰਪਨੀਆਂ ਨੂੰ ਸਬਸਿਡੀ ਦੇ ਤੌਰ ‘ਤੇ ਦਿੱਤੀ ਜਾਣ ਵਾਲੀ ਵੱਡੀ ਆਰਥਿਕ ਮਦਦ ‘ਤੇ ਵਿਵਾਦ ਕਾਫੀ ਭੱਖ ਗਿਆ ਹੈ। ਬੀਤੇ ਦਿਨੀਂ ਮੈਟਰੋ ਵੈਨਕੂਵਰ ਦੇ ਟੈਕਸ ਦਾਤਿਆਂ ਦੀ ਰਕਮ ਬ੍ਰਿਕ (The Birck) ਅਤੇ KIEA ਵਰਗੀਆਂ ਕੰਪਨੀਆਂ ਨੂੰ ਇਲੈਕਟ੍ਰਿਕ ਵਾਹਨ ਖਰੀਦਣ ਦਿੱਤੇ ਜਾਣ ਦੀ ਗੱਲ ਸਾਹਮਣੇ ਆਈ ।

ਇਹ ਖ਼ਬਰ ਆਉਣ ਮਗਰੋਂ, ਮੈਟਰੋ ਵੈਨਕੂਵਰ ਬੋਰਡ ਦੇ ਡਾਇਰੈਕਟਰਾਂ ਨੇ ਬੈਠਕ ਵਿੱਚ ਇਸ ਮਾਮਲੇ 'ਤੇ ਤੀਖੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਨੇ ਪੁੱਛਿਆ ਕਿ "ਕਿਉਂ ਵੱਡੀਆਂ ਨਿੱਜੀ ਕੰਪਨੀਆਂ ਨੂੰ ਸਰਕਾਰੀ ਵੱਤਨ ਮਿਲ ਰਹੇ ਹਨ?"

ਮੈਟਰੋ ਵੈਨਕੂਵਰ ਦੀ ਕਮਿਊਨਿਕੇਸ਼ਨ ਟੀਮ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਨਾਰਾਜ਼ ਟੈਕਸ ਦਾਤਿਆਂ ਨੂੰ ਸਮਝਾਉਣ ਲਈ ਮੁਹਿੰਮ ਚਲਾਈ।

ਕਈ ਲੋਕਾਂ ਨੇ ਇਹ ਸਵਾਲ ਉਠਾਏ ਕਿ "ਕਿਉਂ ਨਿੱਜੀ ਕਾਰੋਬਾਰਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ, ਜਦ ਕਿ ਇਹ ਪੈਸੇ ਲੋਕਾਂ ਦੀ ਭਲਾਈ 'ਤੇ ਲਗਣੇ ਚਾਹੀਦੇ ਹਨ?"

ਹੁਣ, ਬ੍ਰਿਟਿਸ਼ ਕੋਲੰਬੀਆ ਦੇ ਊਰਜਾ ਮੰਤਰੀ ਐਡਰੀਅਨ ਡਿਕਸ ਨੇ ਵੀ ਇਸ ਮਾਮਲੇ ਵਿੱਚ ਦਖ਼ਲ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ IKEA ਨੂੰ ਰਕਮ ਨਹੀਂ ਦਿੱਤੀ ਗਈ, ਸਗੋਂ ਇੱਕ ਕੰਪਨੀ ਬੋਲਟ (Bolt) ਨੂੰ ਮਿਲੀ, ਜੋ ਖਿਓਅ ਲਈ ਡਿਲੀਵਰੀ ਕਰਦੀ ਹੈ। ਇਹ ਮੈਟਰੋ ਵੈਨਕੂਵਰ ਦੀ ਬ੍ਰੀਫ਼ਿੰਗ ਨੋਟ 'ਚ ਗਲਤੀ ਹੋ ਸਕਦੀ ਹੈ।"

ਉਨ੍ਹਾਂ ਇਹ ਵੀ ਕਿਹਾ ਕਿ "ਇਸ ਮਾਮਲੇ ਦੀ ਸਹੀ ਜਾਣਕਾਰੀ ਕਿਸੇ ਨੇ ਨਹੀਂ ਦਿੱਤੀ, ਜਿਸ ਕਰਕੇ ਮੈਟਰੋ ਵੈਨਕੂਵਰ 'ਚ ਅਤੇ ਇਸ ਖ਼ਬਰ 'ਤੇ ਵਿਅਕਤੀਗਤ ਪ੍ਰਤੀਕਿਰਿਆ ਵਿੱਚ ਗਲਤਫ਼ਹਿਮੀਆਂ ਬਣ ਗਈਆਂ।"

ਮੈਟਰੋ ਵੈਨਕੂਵਰ ਨੇ ਫਰੇਜ਼ਰ ਬੇਸਿਨ ਕੌਂਸਲ ਨੂੰ $300,000 ਦੀ ਫੰਡਿੰਗ ਦਿੱਤੀ ਸੀ, ਜੋ ਓੜ ਪ੍ਰੋਗਰਾਮ ਚਲਾਉਂਦਾ ਹੈ।

ਬੋਰਡ ਨੇ ਵੋਟਿੰਗ ਕਰਕੇ ਇਹ ਫੰਡਿੰਗ ਰੱਦ ਕਰਨ ਦਾ ਫੈਸਲਾ ਲਿਆ। ਇਹ ਅਰਥਿਕ ਸਹਾਇਤਾ ਹੁਣ ਨਵੀਆਂ ਇਲੈਕਟ੍ਰਿਕ ਵਾਹਨ ਯੋਜਨਾਵਾਂ ਲਈ ਮੌਜੂਦ ਨਹੀਂ ਹੋਵੇਗੀ।

ਇਲੈਕਟ੍ਰਿਕ ਵਾਹਨ (EVs) ਲਈ ਸਰਕਾਰੀ ਸਹਾਇਤਾ ਪ੍ਰੋਗਰਾਮਾਂ 'ਤੇ ਪਹਿਲਾਂ ਵੀ ਵਿਰੋਧ ਹੋ ਚੁੱਕਾ ਹੈ। ਟੈਕਸ ਦਾਤਿਆਂ ਦੀ ਰਕਮ ਨਿੱਜੀ ਕੰਪਨੀਆਂ ਨੂੰ ਦਿੱਤੀ ਜਾਣ 'ਤੇ ਪਹਿਲਾਂ ਵੀ ਵਧੇਰੇ ਪਾਰਦਰਸ਼ੀਤਾ ਦੀ ਮੰਗ ਕੀਤੀ ਗਈ ਹੈ।

ਇਸ ਵਾਰ, ਮੈਟਰੋ ਵੈਨਕੂਵਰ 'ਚ ਇਹ ਵਿਵਾਦ ਇਸ ਗੱਲ ਕਾਰਨ ਹੋਇਆ ਕਿ ਵੱਡੀਆਂ ਕੰਪਨੀਆਂ ਦਾ ਨਾਮ ਈ.ਵੀ. ਫੰਡਿੰਗ ਦੇ ਲਾਭਪਾਤਰੀਆਂ ਵਜੋਂ ਲਿਆ ਗਿਆ।

ਪਰ ਬਾਅਦ ਵਿੱਚ, ਇਹ ਸਿੱਧ ਹੋਇਆ ਕਿ ਇਹ ਰਕਮ ਉਨ੍ਹਾਂ ਕੰਪਨੀਆਂ ਨੂੰ ਨਹੀਂ, ਸਗੋਂ ਉਹਨਾਂ ਦੀਆਂ ਈਕਾਮਰਸ ਡਿਲੀਵਰੀ ਸਰਵਿਜ਼ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੂੰ ਦਿੱਤੀ ਗਈ ਸੀ। ਇਸ ਮਾਮਲੇ ਨੇ ਈਵੀ ਫੰਡਿੰਗ ਦੀ ਪਾਰਦਰਸ਼ਤਾ ਅਤੇ ਵੱਡੀਆਂ ਨਿੱਜੀ ਕੰਪਨੀਆਂ ਨੂੰ ਮਿਲ ਰਹੀ ਸਰਕਾਰੀ ਸਹਾਇਤਾ 'ਤੇ ਵੱਡੀ ਚਰਚਾ ਖੋਲ੍ਹ ਦਿੱਤੀ ਹੈ।

ਮੈਟਰੋ ਵੈਨਕੂਵਰ ਦੇ ਬੋਰਡ ਵਲੋਂ ਵਿੱਤੀ ਯੋਗਦਾਨ ਰੱਦ ਕਰ ਦੇਣ ਨਾਲ, ਇਹ ਤੈਅ ਹੋ ਗਿਆ ਕਿ ਈ.ਵੀ. ਲਾਭਪਾਤਰੀਆਂ ਦੀ ਜਾਂਚ ਹੁਣ ਹੋਰ ਸੋਚ-ਵਿਚਾਰ ਨਾਲ ਕੀਤੀ ਜਾਵੇਗੀ। This report was written by Simranjit Singh as part of the Local Journalism Initiative.

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।
ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey
EYE GLASSES
CONTACT LENSES
SUNGLASSES



BHUPINDER OBEROI
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE
SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ



MONEY
BACK LIFE
INSURANCE
– ਲਾਇਫ਼ ਇੰਸ਼ੋਰੈਂਸ
– ਮੋਰਟਗੇਜ ਇੰਸ਼ੋਰੈਂਸ
– ਟ੍ਰੈਵਲ ਇੰਸ਼ੋਰੈਂਸ
– ਕਰੀਟੀਕਲ ਇਲਨੈਸ ਇੰਸ਼ੋਰੈਂਸ
– ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ
604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

# ਸਰੀ ਦਾ ਨੌਜਵਾਨ ਗੁਰਮਿਹਰ ਪਾਬਲਾ 'ਬਹਾਦੁਰੀ ਅਵਾਰਡ' ਨਾਲ ਸਨਮਾਨਿਤ



**ਸਰੀ, (ਸਿਮਰਨਜੀਤ ਸਿੰਘ):** ਸਰੀ ਦੇ ਗੁਰਮਿਹਰ ਪਾਬਲਾ ਨੂੰ ਉਸ ਦੀ ਬੇਮਿਸਾਲ ਹਿੰਮਤ ਅਤੇ ਬਹਾਦੁਰੀ ਲਈ ਸਨਮਾਨਿਤ ਕੀਤਾ। ਜ਼ਿਕਰਯੋਗ ਹੈ ਕਿ ਗੁਰਮਿਹਰ, ਜੋ ਪਨੋਰਮਾ ਰਿਜ ਸਕੈਂਡਰੀ ਸਕੂਲ ਦਾ ਵਿਦਿਆਰਥੀ ਹੈ, ਨੂੰ 6 ਜੂਨ 2024 ਨੂੰ ਇੱਕ ਸਕੂਲ ਯਾਤਰਾ ਦੌਰਾਨ ਡੁੱਬ ਰਹੇ ਵਿਅਕਤੀ ਨੂੰ ਬਚਾਉਣ ਲਈ ਬੇਮਿਸਾਲ ਬਹਾਦੁਰੀ ਦਿਖਾਈ ਅਤੇ ਵਿਅਕਤੀ ਦੀ ਜਾਨ ਬਚਾਈ ਸੀ ।

ਫ਼ਰਵਰੀ 24 ਨੂੰ ਹੋਈ ਸਰੀ ਸਿਟੀ ਕੌਂਸਲ ਦੀ ਮੀਟਿੰਗ ਦੌਰਾਨ, ਮੇਅਰ ਬ੍ਰੈਂਡਾ ਲੌਕ ਨੇ ਗੁਰਮਿਹਰ ਨੂੰ ਵਿਸ਼ੇਸ਼ ਸਨਮਾਨ ਪੱਤਰ ਨਾਲ ਨਵਾਜਿਆ। ਗੁਰਮਿਹਰ 278 ਕੋਰਮੋਰੈਂਟ ਰੌਇਲ ਕੈਨੇਡੀਆਨ ਏਅਰ ਕੈਡਟ ਸਕਵਾਡਰਨ ਦਾ ਵੀ ਸਰਗਰਮ ਮੈਂਬਰ ਹੈ। ਮੇਅਰ ਬੈਂਡਾ ਲੌਕ ਨੇ ਗੁਰਮਿਹਰ ਦੀ ਦਿਲੇਰੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ "ਇਹ ਹਮੇਸ਼ਾ ਖੁਸ਼ੀ ਦੀ ਗੱਲ ਹੁੰਦੀ ਹੈ, ਜਦੋਂ ਅਸੀਂ ਕਿਸੇ ਅਜਿਹੇ ਵਿਅਕਤੀ ਨੂੰ ਸਨਮਾਨਿਤ ਕਰਦੇ ਹਾਂ, ਜਿਸ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਕਿਸੇ ਵਿਅਕਤੀ ਦੀ ਜ਼ਿੰਦਗੀ ਬਚਾਉਣ ਲਈ ਬਹਾਦੁਰੀ ਅਤੇ ਹਿੰਮਤ ਵਿਖਾਈ ਹੋਵੇ।" ਉਨ੍ਹਾਂ ਕਿਹਾ "ਉਸ ਸਮੇਂ, ਜਦ ਮੌਤ ਅਤੇ ਜੀਵਨ ਦੀ ਕੋਈ ਲੜਾਈ ਲੜ ਰਿਹਾ ਸੀ, ਗੁਰਮਿਹਰ ਨੇ ਬਹਾਦਰੀ ਦਿਖਾਈ ਅਤੇ ਵਿਅਕਤੀ ਨੂੰ ਇੱਕ ਨਵੀਂ ਜ਼ਿੰਦਗੀ ਦਿੱਤੀ।"

ਜ਼ਿਕਰਯੋਗ ਹੈ ਕਿ ਜਦੋਂ ਗੁਰਮਿਹਰ ਨੂੰ ਸਨਮਾਨਤ ਕੀਤਾ ਜਾ ਰਿਹਾ ਸੀ ਤਾਂ ਉਸ ਸਮੇਂ ਉਥੇ ਮੌਜੂਦ ਉਸ ਦੇ ਪਰਿਵਾਰ, ਸਕੂਲ ਅਤੇ ਏਅਰ ਕੈਡਟ ਦੇ ਮੈਂਬਰਾਂ ਨੇ ਉਸ ਦੀ ਸ਼ਲਾਘਾ ਕੀਤੀ। ਸਿਟੀ ਹਾਲ 'ਚ ਮੌਜੂਦ ਲੋਕਾਂ ਨੇ ਖੂਬ ਤਾਲੀਆਂ ਮਾਰ ਕੇ ਗੁਰਮਿਹਰ ਦੀ ਤਾਰੀਫ਼ ਕੀਤੀ। ਗੁਰਮਿਹਰ ਨੇ ਆਪਣੇ ਇਹ ਸਨਮਾਨ ਮਿਲਣ 'ਤੇ ਧੰਨਵਾਦ ਕਰਦੇ ਹੋਏ ਕਿਹਾ ਕਿ, "ਮੈਂ ਧੰਨਵਾਦੀ ਹਾਂ। ਇਹ ਮੇਰਾ ਫ਼ਰਜ਼ ਸੀ ਕਿ ਜੇ ਮੈਂ ਕਿਸੇ ਦੀ ਮਦਦ ਕਰ ਸਕਦਾ ਹਾਂ, ਤਾਂ ਮਦਦ ਕਰਾਂ ਅਤੇ ਇਹ ਸਿੱਖਿਆ ਮੈਨੂੰ ਪਰਿਵਾਰ ਤੋਂ ਹੀ ਮਿਲੀ ਹੈ ਅਤੇ ਸਾਨੂੰ ਹਮੇਸ਼ਾ ਹੋਰਾਂ ਦੀ ਮਦਦ ਲਈ ਤਿਆਰ ਰਹਿਣਾ ਚਾਹੀਦਾ ਹੈ।" This report was written by Simranjit Singh as part of the Local Journalism Initiative.


idea immigration

Super Visas
PNPs

iccrc crcic
EXPRESS ENTRY
Canada's Express Entry immigration

ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
  ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620

Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com





ਕੈਨੇਡਾ ਵਿੱਚ ਨਵੇਂ ਹੋ?

ਕੈਨੇਡਾ ਵਿੱਚ ਜੀਵਨ ਦੇ ਨਾਲ ਤਾਲਮੇਲ ਬਿਠਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਸੇਵਾਵਾਂ ਉਪਲਬਧ ਹਨ। ਭਾਵੇਂ ਤੁਸੀਂ ਕੁਝ ਮਹੀਨਿਆਂ ਤੋਂ ਜਾਂ ਕੁਝ ਸਾਲਾਂ ਤੋਂ ਇੱਥੇ ਰਹਿ ਰਹੇ ਹੋ, ਕੈਨੇਡਾ ਵਿੱਚ ਸਫਲ ਜੀਵਨ ਬਣਾਉਣ ਦੇ ਦੌਰਾਨ ਦੋਸਤਾਨਾ ਅਤੇ ਤਜਰਬੇਕਾਰ ਪੇਸ਼ੇਵਰ ਤੁਹਾਡੀ ਮਦਦ ਕਰ ਸਕਦੇ ਹਨ।

ਉਹ ਤੁਹਾਡੀ ਸਹਾਇਤਾ ਕਰ ਸਕਦੇ ਹਨ

- ਨੌਕਰੀ ਲੱਭਣ ਵਿੱਚ
- ਤੁਹਾਡੀ ਅੰਗਰੇਜ਼ੀ ਜਾਂ ਫ੍ਰੈਂਚ ਨੂੰ ਬਿਹਤਰ ਬਣਾਉਣ ਲਈ ਭਾਸ਼ਾ ਦੀ ਸਿਖਲਾਈ ਪ੍ਰਾਪਤ ਕਰਨ ਵਿੱਚ
- ਲੋਕਾਂ ਨੂੰ ਮਿਲਣ ਅਤੇ ਆਪਣੇ ਸਥਾਨਕ ਭਾਈਚਾਰੇ ਨਾਲ ਜੁੜਨ ਵਿੱਚ
- ਸੈਟਲਮੈਂਟ ਸੇਵਾਵਾਂ ਤੱਕ ਪਹੁੰਚ ਕਰਨ ਲਈ ਚਾਇਲਡ ਕੇਅਰ ਅਤੇ ਆਵਾਜਾਈ ਦਾ ਪਤਾ ਲਗਾਉਣ ਵਿੱਚ

IRCC 3959



ਆਪਣੇ ਨੇੜੇ ਨਵੇਂ ਆਉਣ ਵਾਲਿਆਂ ਲਈ ਸੇਵਾਵਾਂ ਲੱਭਣ ਲਈ **Canada.ca/newcomer-Punjabi** 'ਤੇ ਜਾਓ।

Immigration, Refugees and Citizenship Canada | Immigration, Réfugiés et Citoyenneté Canada
Canada

# ਸਰੀ ਵਿੱਚ ਨਵੀਆਂ ਸੜਕਾਂ ਬਣਾਉਣ ਲਈ 4 ਮਿਲੀਅਨ ਡਾਲਰ ਦਾ ਠੇਕਾ ਮਨਜ਼ੂਰ

**ਸਰੀ, (ਸਿਮਰਨਜੀਤ ਸਿੰਘ):** ਸਰੀ ਸਿਟੀ ਕੌਂਸਲ ਨੇ ਲਗਭਗ 4 ਮਿਲੀਅਨ ਡਾਲਰ ਦੀ ਲਾਗਤ ਨਾਲ ਉੱਤਰ ਅਤੇ ਦੱਖਣੀ ਸਰੀ ਵਿੱਚ 17.8 ਕਿਲੋਮੀਟਰ ਸੜਕਾਂ ਦੀ ਮੁਰੰਮਤ ਲਈ ਠੇਕਾ ਮਨਜ਼ੂਰ ਕਰ ਦਿੱਤਾ ਹੈ। ਸਰੀ ਦੇ ਇੰਜੀਨੀਅਰਿੰਗ ਵਿਭਾਗ ਨੇ ਭਅ ਭਲਓਚਕਟੋਪ ਲ਼ਟਦ. ਨੂੰ $3,923,324.41 ਦਾ ਠੇਕਾ ਦੇਣ ਦੀ ਸਿਫ਼ਾਰਸ਼ ਕੀਤੀ, ਜਿਸ ਲਈ ਕੁੱਲ ਵਾਧ ਤੋਂ ਵੱਧ ਖ਼ਰਚ ਦੀ ਸੀਮਾ $4,320,000 ਰੱਖੀ ਗਈ ਹੈ। ਇਹ ਕੰਮ ਮਈ 2025 ਵਿੱਚ ਸ਼ੁਰੂ ਹੋ ਕੇ ਸਤੰਬਰ ਤੱਕ ਪੂਰਾ ਹੋਣ ਦੀ ਉਮੀਦ ਹੈ।

ਸਰੀ ਵਿੱਚ ਨੌਂ ਸਥਾਨਾਂ ਉੱਤੇ ਸੜਕਾਂ ਦੀ ਮੁਰੰਮਤ ਕੀਤੀ ਜਾਵੇਗੀ, ਜਿਸ ਵਿੱਚ 9 ਕਿਲੋਮੀਟਰ ਮੁੱਖ ਸੜਕਾਂ ਅਤੇ 8.8 ਕਿਲੋਮੀਟਰ ਕਲੈਕਟਰ ਸੜਕਾਂ ਸ਼ਾਮਲ ਹਨ। ਉੱਤਰੀ ਸਰੀ ਵਿੱਚ 7 ਅਤੇ ਦੱਖਣੀ ਸਰੀ ਵਿੱਚ 2 ਥਾਵਾਂ ਉੱਤੇ ਇਹ ਕੰਮ ਹੋਵੇਗਾ। ਇਸ ਦੇ ਨਾਲ ਹੀ ਸਰੀ ਦੇ ਜਨਰਲ ਮੈਨੇਜਰ ਆਫ਼ ਇੰਜੀਨੀਅਰਿੰਗ, ਸਕਾਟ ਨਿਊਮੈਨ, ਨੇ ਕੌਂਸਲ ਦੇ ਸਾਹਮਣੇ ਪੇਸ਼ ਕੀਤੇ ਕਾਰਪੋਰੇਟ ਰਿਪੋਰਟ ਵਿੱਚ ਦੱਸਿਆ ਕਿ ਠੇਕੇ ਦੀਆਂ ਸ਼ਰਤਾਂ ਅਨੁਸਾਰ ਮੁਰੰਮਤ ਦਾ ਕੰਮ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਹੋ ਕੀਤਾ ਜਾਵੇਗਾ ਇਸ ਦੌਰਾਨ ਟਰੈਫ਼ਿਕ ਜਾਮ ਦੀ ਸਮੱਸਿਆ ਲੋਕਾਂ ਨੂੰ ਪ੍ਰੇਸ਼ਾਨ ਕਰ ਸਕਦੀ ਹੈ। ਅਤੇ ਇਸ ਦੌਰਾਨ ਕੁਝ ਥਾਵਾਂ ਉੱਤੇ ਰਾਤ ਵੇਲੇ ਮੁਰੰਮਤ ਕੀਤੀ ਜਾਵੇਗੀ, ਤਾਂ ਜੋ ਵੱਡੇ ਟ੍ਰੈਫਿਕ ਜਾਮ ਤੋਂ ਬਚਿਆ ਜਾ ਸਕੇ।

ਸਰੀ ਦੀ ਮੇਅਰ, ਬ੍ਰੈਂਡਾ ਲੌਕ, ਨੇ ਕੌਂਸਲ ਮੀਟਿੰਗ ਦੌਰਾਨ ਦੱਸਿਆ ਕਿ 2024 ਵਿੱਚ ਸਰੀ ਨੇ 11,500 ਸੜਕਾਂ ਦੇ ਟੋਏ ਭਰੇ ਜਾ ਰਹੇ ਹਨ।

ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਪਿਛਲੇ ਸਾਲ 76.4 ਕਿਲੋਮੀਟਰ ਨਵੀਆਂ ਸੜਕਾਂ ਤਿਆਰ ਕੀਤੀਆਂ ਗਈਆਂ। 36 ਨਵੇਂ ਕਰੋਸਵਾਕ, 12.1 ਕਿਲੋਮੀਟਰ ਨਵੇਂ ਪੈਦਲ ਚਲਣ ਵਾਲਿਆਂ ਲਈ ਅਤੇ ਸਾਈਕਲ ਪਾਥ ਤਿਆਰ ਬਣਾਏ ਹਨ।

ਬਰੈਂਡਾ ਲੌਕ ਨੇ ਕਿਹਾ ਕਿ ਸਰੀ ਸ਼ਹਿਰ ਸੜਕਾਂ, ਪੈਦਲ ਯਾਤਰੀਆਂ ਅਤੇ ਸਾਈਕਲਿੰਗ ਲੇਨ 'ਚ ਨਿਰੰਤਰ ਸੁਧਾਰ ਕਰ ਰਿਹਾ ਹੈ। 2024-25 ਦੇ ਨਵੇਂ ਪ੍ਰਾਜੈਕਟ ਸਰੀ ਦੀ ਆਵਾਜਾਈ ਪ੍ਰਣਾਲੀ ਨੂੰ ਹੋਰ ਸੁਚੱਜੀ ਅਤੇ ਸੁਰੱਖਿਅਤ ਬਣਾਉਣ ਵਿੱਚ ਮਦਦ ਕਰਨਗੇ।

ਸਰੀ ਕੌਂਸਲ ਨੇ ਉਮੀਦ ਜਤਾਈ ਕਿ ਇਹ ਪ੍ਰੋਜੈਕਟ ਨਿਰਧਾਰਿਤ ਸਮੇਂ ਅੰਦਰ ਪੂਰਾ ਹੋਵੇਗਾ ਅਤੇ ਵਸਨੀਕਾਂ ਨੂੰ ਸਾਫ਼ ਤੇ ਸੁਧਰੀਆਂ ਸੜਕਾਂ ਮਿਲਣਗੀਆਂ। This report was written by Simranjit Singh as part of the Local Journalism Initiative.

# ਸਰੀ ਕੌਂਸਲ ਨੇ 'ਮੈਟਰੋ 2050' ਤੋਂ ਵੱਖ ਹੋਣ ਦੇ ਮੁੱਦੇ 'ਤੇ ਪ੍ਰਗਟਾਈ ਸਹਿਮਤੀ

## ਮੈਟਰੋ 2050 ਰੀਜਨਲ ਗ੍ਰੋਥ ਸਟਰੈਟਜੀ ਤੋਂ ਵੱਖ ਹੋਣ ਲਈ ਦੇ ਪ੍ਰਸਤਾਵ ਨੂੰ ਦਿੱਤੀ ਮਨਜ਼ੂਰੀ

**ਸਰੀ, (ਸਿਮਰਨਜੀਤ ਸਿੰਘ):** ਸਰੀ ਸ਼ਹਿਰ ਨੇ ਮੈਟਰੋ 2050 ਰੀਜਨਲ ਗ੍ਰੋਥ ਸਟਰੈਟਜੀ ਤੋਂ ਵੱਖ ਹੋਣ ਲਈ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਕੇ ਇਸ ਤੋਂ ਪਿੱਛੇ ਹਟਣ ਦੀ ਕਰਵਾਈ ਸ਼ੁਰੂ ਕਰਨ ਦਾ ਫ਼ੈਸਲਾ ਲਿਆ ਹੈ। ਸਰੀ ਸਿਟੀ ਕੌਂਸਲ ਨੇ ਸੋਮਵਾਰ ਨੂੰ ਕਰਮਚਾਰੀਆਂ ਨੂੰ ਇਹ ਪ੍ਰਕਿਰਿਆ ਸ਼ੁਰੂ ਕਰਨ ਲਈ ਹੁਕਮ ਦਿੱਤਾ।




ਮੈਟਰੋ 2050 ਯੋਜਨਾ, ਜੋ 24 ਫ਼ਰਵਰੀ 2023 ਨੂੰ ਅਪਣਾਈ ਗਈ ਸੀ, ਇਸ ਦੇ ਤਹਿਤ ਅਗਲੇ 30 ਸਾਲਾਂ ਲਈ ਹਾਊਸਿੰਗ, ਆਬਾਦੀ ਅਤੇ ਨੌਕਰੀਆਂ ਦੀ ਵਧੋਤਰੀ ਸੰਭਾਲਣ ਦਾ ਇੱਕ ਸਾਂਝਾ ਟੀਚਾ ਮਿੱਥਿਆ ਗਿਆ ਹੈ। ਪਰ ਸਰੀ ਦੀ ਕੌਂਸਲ ਨੇ ਇਸ ਨੀਤੀ ਉਤੇ ਅਸਹਿਮਤੀ ਜਤਾਈ ਅਤੇ ਇਸ ਤੋਂ ਵੱਖ ਹੋਣਾ ਸਹੀ ਦੱਸਿਆ ਹੇ।

ਕੌਂਸਲਰ ਪਰਦੀਪ ਕੂਨਰ, ਜਿਨ੍ਹਾਂ ਨੇ ਇਹ ਮੋਸ਼ਨ ਪੇਸ਼ ਕੀਤਾ, ਉਨ੍ਹਾਂ ਨੇ ਕਿਹਾ ਕਿ ਮੈਟਰੋ ਵੈਨਕੂਵਰ ਹੁਣ ਤੱਕ ਸਰੀ ਨਾਲ ਮਿਲ ਕੇ ਕੰਮ ਕਰ ਰਿਹਾ ਹੈ, ਪਰ ਉਨ੍ਹਾਂ ਨੂੰ ਮਹਿਸੂਸ ਹੋਇਆ ਹੈ ਕਿ ਇਹ ਬੋਰਡ ਸਰੀ ਦੇ ਹਿੱਤਾਂ ਅਨੁਸਾਰ ਫੈਸਲੇ ਨਹੀਂ ਲੈਂਦਾ।

ਕੌਂਸਲਰ ਡੱਗ ਐਲਫੋਰਡ ਨੇ ਪੁੱਛਿਆ ਕਿ ਕੀ ਉਹ ਸਿਰਫ਼ ਜਾਂਚ ਕਰਵਾਉਣਾ ਚਾਹੁੰਦੇ ਹਨ ਜਾਂ ਤੁਰੰਤ ਵੱਖ ਹੋਣਾ ? ਤਾਂ ਉਨ੍ਹਾਂ ਨੇ ਪੁਸ਼ਟੀ ਕੀਤੀ ਕਿ "ਇਹ ਮੈਟਰੋ 2050 ਤੋਂ ਵੱਖ ਹੋਣ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਹੈ"।

ਕੌਂਸਲਰ ਰੌਬ ਸਟੱਟ ਨੇ ਕਿਹਾ, "ਮੈਟਰੋ ਵੈਨਕੂਵਰ ਰੀਜਨਲ ਜ਼ਿਲ੍ਹਾ ਹੁਣ ਇੱਕ ਵਿਅਪਕ ਅਤੇ ਭਾਰੀ ਖਰਚੇ ਦਾ ਘਰ ਬਣ ਗਿਆ ਹੈ। ਇਹ ਸਿਰਫ਼ ਉੱਚ ਪੱਧਰੀ ਪ੍ਰਾਜੈਕਟਾਂ ਜਾਂ ਬਿਊਰੋਕਰੇਸੀ ਨਹੀਂ, ਸਗੋਂ 'ਸਕੋਪ ਕਰੀਪ' ਅਤੇ ਗਵਰਨੈਂਸ ਦੇ ਕਾਰਨ ਵੀ ਵਧ ਰਿਹਾ ਹੈ।"

ਉਨ੍ਹਾਂ ਉੱਤਰੀ ਤਟ ਗੰਦਗੀ ਸਫ਼ਾਈ ਪਲਾਂਟ, ਜਿਸ ਦੀ ਲਾਗਤ 2.86 ਬਿਲੀਅਨ ਡਾਲਰ ਹੋਣ ਦੀ ਉਮੀਦ ਹੈ, ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਮੈਟਰੋ ਵੈਨਕੂਵਰ ਦੇ ਲੋਕਾਂ 'ਤੇ ਵਾਧੂ ਖਰਚੇ ਥੋਪੇ ਜਾ ਰਹੇ ਹਨ। 2025 ਲਈ ਮੈਟਰੋ ਵੈਨਕੂਵਰ ਸੀਵਰੇਜ਼ ਸੇਵਾਵਾਂ ਵਿਚ ਸਰੀ ਵਾਸੀਆਂ ਲਈ 37.6% ਵਾਧੂ ਟੈਕਸ ਲਗਾਇਆ ਗਿਆ, ਜਿਸ ਵਿਚ 76% ਹਿੱਸਾ ਉੱਤਰੀ ਤਟ ਪਲਾਂਟ ਦੀ ਲਾਗਤ ਪੂਰੀ ਕਰਨ ਲਈ ਅਤੇ 24% ਆਮ ਵਾਧੂ ਸੇਵਾਵਾਂ ਸ਼ਾਮਲ ਹਨ।

ਇਸ ਕਾਰਨ ਸਰੀ ਅਤੇ ਹੋਰ ਸ਼ਹਿਰਾਂ ਲਈ 15 ਸਾਲ ਅਤੇ ਉੱਤਰੀ ਤਟ ਲਈ 30 ਸਾਲ ਤੱਕ ਵਾਧੂ ਖਰਚੇ ਹੋਣਗੇ। ਮੈਟਰੋ ਵੈਨਕੂਵਰ ਦੇ ਅੰਕੜਿਆਂ ਅਨੁਸਾਰ, ਆਉਣ ਵਾਲੇ 4 ਸਾਲਾਂ ਦੌਰਾਨ ਸੀਵਰ ਰੇਟਾਂ 'ਚ ਸਾਲਾਨਾ 7.1% ਵਾਧੂ ਹੋਣ ਦੀ ਉਮੀਦ ਹੈ।

ਮੇਅਰ ਬ੍ਰੈਂਡਾ ਲੌਕ ਨੇ ਕਿਹਾ, "ਸਰੀ ਨੇ ਮੈਟਰੋ ਵੈਨਕੂਵਰ ਨਾਲ ਮਿਲ ਕੇ ਕੰਮ ਕਰਨ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਸਾਡੀ ਤੇ ਹੋਰ ਸ਼ਹਿਰਾਂ ਦੀ ਸੋਚ ਵਿੱਚ ਵੱਡਾ ਅੰਤਰ ਹੈ।"

ਉਨ੍ਹਾਂ "ਦੱਖਣੀ ਫ੍ਰੇਜ਼ਰ ਸਮੀਟ" ਆਯੋਜਿਤ ਕਰਨ ਦੀ ਘੋਸ਼ਣਾ ਕੀਤੀ, ਜਿਸ ਵਿੱਚ ਵੱਖ-ਵੱਖ ਸ਼ਹਿਰਾਂ ਦੇ ਮੇਅਰ, ਕੌਂਸਲਰ ਅਤੇ ਸੀਨੀਅਰ ਪ੍ਰਬੰਧਕ ਸ਼ਾਮਲ ਹੋਣਗੇ, ਤਾਂ ਜੋ ਖੇਤਰੀ ਸੇਵਾਵਾਂ ਅਤੇ ਉਨ੍ਹਾਂ ਦੀ ਲਾਗਤ ਬਰਾਬਰ ਕੀਤੀ ਜਾ ਸਕੇ।

ਸਰੀ ਦੇ ਸਾਬਕਾ ਮੇਅਰ ਡੱਗ ਮੈਕੱਲਮ ਨੇ ਵੀ ਮੈਟਰੋ ਵੈਨਕੂਵਰ ਉੱਤੇ ਤਿੱਖੀ ਟਿੱਪਣੀ ਕੀਤੀ। ਉਨ੍ਹਾਂ ਕਿਹਾ, "ਇਹ ਵੱਡੀ ਲੁੱਟ ਮਚੀ ਹੋਈ ਹੈ। ਖ਼ਰਚੇ ਵਧ ਰਹੇ ਹਨ, ਪਰ ਕੋਈ ਜਵਾਬਦੇਹੀ ਨਹੀਂ।"

ਸਰੀ ਬੋਰਡ ਆਫ਼ ਟਰੇਡ ਨੇ ਸਥਾਨਕ ਵਿਅਪਾਰਕ ਭਾਈਚਾਰੇ ਨੂੰ ਮੈਟਰੋ ਵੈਨਕੂਵਰ ਦੀ ਵਧ ਰਹੀ ਲਾਗਤਾਂ 'ਤੇ ਆਪਣੀ ਰਾਏ ਦੇਣ ਦੀ ਅਪੀਲ ਕੀਤੀ।

ਸਰੀ ਦੀ ਕੌਂਸਲ ਨੇ ਤੈਅ ਕੀਤਾ ਹੈ ਕਿ ਉਹ ਮੈਟਰੋ 2050 ਤੋਂ ਵੱਖ ਹੋਣ ਦੀ ਕਾਰਵਾਈ ਸ਼ੁਰੂ ਕਰੇਗੀ, ਜਿਸ ਬਾਰੇ ਅਗਲੀ ਮੀਟਿੰਗ 'ਚ ਹੋਰ ਵੇਰਵੇ ਜਲਦ ਜਾਰੀ ਕੀਤੇ ਜਾਣ ਦੱਸਣ ਦੀ ਉਮੀਦ ਹੈ। This report was written by Simranjit Singh as part of the Local Journalism Initiative.

A TO Z DRIVING SCHOOL

SO EASY



ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ

AIR BRAKE CLASS

ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ

ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ

ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।

ਵਾਜਬ ਰੇਟ ਅਤੇ ਵਧੀਆ ਸਰਵਿਸ

ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ

ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ

ਲ਼ੱਕੀ ਸੇਖੋਂ 604 614 5365

ਘਰਾਂ, ਕਮਰਸ਼ੀਅਲ ਜਾਂ ਨਵੇਂ ਬਣ ਰਹੇ ਘਰਾਂ ਦੀ ਸਫਾਈ ਲਈ ਅਤੇ ਕਿਸੇ ਵੀ ਤਰ੍ਹਾਂ ਦਾ ਗਾਰਬੇਜ਼ ਚੁੱਕਵਾਉਣ ਲਈ ਸਾਨੂੰ ਅੱਜ ਹੀ ਫੋਨ ਕਰੋ

604-512-5001

SHINE PRO CLEANING

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning » One Off Deep Cleaning
» After Builder Cleaning » Appliances Cleaning Incl. Oven
» Commercial Cleaning » Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001

Email: jobandfair@gmail.com | Web: jobandfair.ca

12844 - 66B Ave. Surrey, B.C.

# ਵੈਨਕੂਵਰ ਆਈਲੈਂਡ ’ਤੇ ਮਹਿਸੂਸ ਹੋਏ 5.3 ਤੀਬਰਤਾ ਵਾਲੇ ਭੂਚਾਲ ਦੇ ਝਟਕੇ




**ਸਰੀ, (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ 'ਚ ਬੀਤੇ ਇੱਕ ਹਫ਼ਤੇ ਦੌਰਾਨ ਦੂਜਾ ਵੱਡਾ ਭੂਚਾਲ ਆਇਆ, ਜਿਸ ਦੀ ਤੀਬਰਤਾ 5.3 ਮੈਗਨੀਟਿਊਡ ਦਰਜ ਕੀਤੀ ਗਈ। ਇਹ ਸੋਮਵਾਰ ਰਾਤ 9:37 ਵਜੇ ਵੈਨਕੂਵਰ ਆਈਲੈਂਡ ਦੇ ਉੱਤਰੀ ਤਟ ਤੋਂ 200 ਕਿਲੋਮੀਟਰ ਪੱਛਮ ਪੋਰਟ ਮੈਕਨੀਲ ਦੇ ਨੇੜੇ ਆਇਆ।

ਅਮਰੀਕੀ ਜਿਆਲੋਜੀਕਲ ਸਰਵੇ ਨੇ ਇਸ ਭੂਚਾਲ ਦੀ ਤੀਬਰਤਾ 5.3 ਦਰਜ ਕੀਤੀ, ਜਦਕਿ ਅਰਥਕੁਇਕਸ ਕੈਨੇਡਾ ਨੇ ਇਸਨੂੰ 5.0 ਮੈਗਨੀਟਿਊਡ ਵਜੋਂ ਦਰਸਾਇਆ ਹੈ।

ਜਾਣਕਾਰੀ ਅਨੁਸਾਰ ਇਸ ਭੂਚਾਲ ਕਾਰਨ ਕੋਈ ਨੁਕਸਾਨ ਨਹੀਂ ਹੋਇਆ, ਅਤੇ ਨਾ ਹੀ ਕਿਸੇ ਸੁਨਾਮੀ ਦਾ ਖ਼ਤਰਾ ਦੱਸਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ਼ੁੱਕਰਵਾਰ, 23 ਫ਼ਰਵਰੀ ਨੂੰ ਬੀ.ਸੀ. ਦੇ ਸੰਸ਼ਾਈਨ ਕੋਸਟ ਨੇੜੇ ਵੀ ਇੱਕ 5.1 ਮੈਗਨੀਟਿਊਡ ਦਾ ਭੂਚਾਲ ਆਇਆ ਸੀ।

ਉਹ ਭੂਚਾਲ ਦੁਪਹਿਰ 1:30 ਵਜੇ ਸੀਸ਼ੈਲਟ (Sechelt) ਤੋਂ 24 ਕਿਲੋਮੀਟਰ ਉੱਤਰ-ਪੂਰਬ 'ਚ ਆਇਆ, ਜਿਸ ਦੀ ਗਹਿਰਾਈ ਸਿਰਫ਼ 1 ਕਿਲੋਮੀਟਰ ਸੀ।

ਇਸ ਭੂਚਾਲ ਦੀ ਲਹਿਰ ਬੀ.ਸੀ. ਦੇ ਕਈ ਹਿੱਸਿਆਂ 'ਚ ਮਹਿਸੂਸ ਕੀਤੀ ਗਈ, ਜਦਕਿ ਸੋਮਵਾਰ ਵਾਲੇ ਭੂਚਾਲ ਦਾ ਅਸਰ ਲੋਕਾਂ ਨੂੰ ਮਹਿਸੂਸ ਨਹੀਂ ਹੋਇਆ।

ਸ਼ੁੱਕਰਵਾਰ ਵਾਲੇ ਭੂਚਾਲ ਦੌਰਾਨ, ਨੈਚੁਰਲ ਰਿਸੋਰਸਜ਼ ਕੈਨੇਡਾ ਵਲੋਂ ਕਈ ਲੋਕਾਂ ਨੂੰ ਉਨ੍ਹਾਂ ਦੇ ਫ਼ੋਨ 'ਤੇ ਤੁਰੰਤ ਐਲਰਟ ਭੇਜੇ ਗਏ।

ਬੀ.ਸੀ. ਉੱਤਰੀ ਅਮਰੀਕਾ ਦੀ "ਰਿੰਗ ਆਫ਼ ਫ਼ਾਇਰ" ਵਿੱਚ ਸਥਿਤ ਹੋਣ ਕਰਕੇ ਭੂਚਾਲ ਸੰਭਾਵਨਾ ਵਾਲਾ ਖੇਤਰ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਹੋਰ ਭੂਚਾਲ ਵੀ ਆ ਸਕਦੇ ਹਨ, ਪਰ ਉਨ੍ਹਾਂ ਦੀ ਪਹਿਲਾਂ ਜਾਣਕਾਰੀ ਹਾਸਲ ਕਰਨਾ ਜਾਂ ਪਹਿਲਾਂ ਕੁਝ ਕਹਿਣਾ ਮੁਸ਼ਕਿਲ ਹੈ। This report was written by Simranjit Singh as part of the Local Journalism Initiative.




Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ ‘ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ ‘ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ ‘ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ ‘ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

# ਕੈਨੇਡਾ-ਅਮਰੀਕਾ ਵਪਾਰਕ ਸੰਕਟ ਤੋਂ ਕੈਨੇਡੀਅਨ ਲੋਕ ਚਿੰਤਤ

ਔਟਵਾ: ਅਮਰੀਕਾ ਨਾਲ ਵਪਾਰਕ ਜੰਗ ਦੀ ਸੰਭਾਵਨਾ ਤੇਜ਼ੀ ਨਾਲ ਵਧ ਰਹੀ ਹੈ, ਜਿਸ ਕਾਰਨ ਕੈਨੇਡੀਅਨ ਲੋਕ ਆਪਣੀ ਸਭ ਤੋਂ ਲੰਮੀ ਅਤੇ ਨੇੜਲੀ ਸਾਂਝ ਵਾਲੀ ਰਿਆਸਤ ਨਾਲ ਵਿਗੜ ਰਹੇ ਸੰਬੰਧਾਂ ਬਾਰੇ ਚਿੰਤਤ ਹੋ ਗਏ ਹਨ। ਇੱਕ ਨਵੇਂ ਇਪਸੋਸ ਸਰਵੇਖਣ ਅਨੁਸਾਰ, ਕੈਨੇਡਾ-ਅਮਰੀਕਾ ਸੰਬੰਧ ਦੇਸ਼ ਵਿੱਚ ਤੀਸਰਾ ਸਭ ਤੋਂ ਮਹੱਤਵਪੂਰਨ ਮੁੱਦਾ ਬਣ ਗਿਆ ਹੈ। 11 ਫ਼ੀਸਦੀ ਲੋਕਾਂ ਨੇ ਇਸ ਨੂੰ ਆਪਣੀ ਸਭ ਤੋਂ ਵੱਡੀ ਚਿੰਤਾ ਕਰਾਰ ਦਿੱਤਾ। ਇਪਸੋਸ ਗਲੋਬਲ ਪਬਲਿਕ ਅਫ਼ੇਅਰਜ਼ ਦੇ ਸੀ.ਈ.ਓ. ਡੈਰਲ ਬ੍ਰਿਕਰ (Darrell Bircker) ਅਨੁਸਾਰ, "ਕੈਨੇਡੀਅਨ ਲੋਕ ਸਿਰਫ਼ 'ਪ੍ਰਸਿੱਧੀ' ਦੇ ਤੌਰ 'ਤੇ ਹੀ ਨਹੀਂ, ਸਗੋਂ 'ਨਿੱਜੀ ਆਰਥਿਕ ਪ੍ਰਭਾਵ' ਨੂੰ ਲੈ ਕੇ ਵੀ ਚਿੰਤਤ ਹਨ।" ਉਨ੍ਹਾਂ ਕਿਹਾ ਕਿ "ਅਮਰੀਕਾ ਵੱਲੋਂ ਵੱਡੇ ਟੈਰਿਫ਼ ਲਗਾਉਣ ਦੀ ਸੰਭਾਵਨਾ ਅਤੇ ਟਰੰਪ ਵਲੋਂ 'ਕੈਨੇਡਾ 'ਤੇ ਆਰਥਿਕ ਜੰਗ' ਛੇੜਣ ਦੀ ਗੱਲਾਂ ਲੋਕਾਂ ਵਿੱਚ ਡਰ ਪੈਦਾ ਕਰ ਰਹੀਆਂ ਹਨ।" ਬ੍ਰਿਕਰ ਨੇ ਕਿਹਾ "ਕੈਨੇਡੀਅਨ ਲੋਕ ਇਸ ਗੱਲ ਦੀ ਚਿੰਤਾ ਕਰ ਰਹੇ ਹਨ ਕਿ ਕਿਸੇ ਹੋਰ ਦੇਸ਼ ਵਲੋਂ ਲਿਆ ਗਿਆ ਫੈਸਲਾ ਉਨ੍ਹਾਂ ਦੇ ਨਿੱਜੀ ਜੀਵਨ 'ਤੇ ਕਿਵੇਂ ਪ੍ਰਭਾਵ ਪਾਏਗਾ," ਇਸ ਸਰਵੇਖਣ ਵਿੱਚ ਉਮਰ ਅਤੇ ਰਾਜਨੀਤਿਕ ਪਸੰਦ ਦੇ ਅਧਾਰ 'ਤੇ ਵੱਖ-ਵੱਖ ਨਤੀਜੇ ਸਾਹਮਣੇ ਆਏ। 55 ਸਾਲ ਜਾਂ ਵੱਧ ਉਮਰ ਵਾਲੇ 19 ਫ਼ੀਸਦੀ ਲੋਕਾਂ ਨੇ ਕੈਨੇਡਾ-ਅਮਰੀਕਾ ਸੰਬੰਧਾਂ ਨੂੰ ਆਪਣੀ ਸਭ ਤੋਂ ਵੱਡੀ ਚਿੰਤਾ ਦੱਸਿਆ। 35-54 ਉਮਰ ਗਰੁੱਪ 'ਚ 8 ਫ਼ੀਸਦੀ ਅਤੇ 18-34 ਉਮਰ ਗਰੁੱਪ 'ਚ ਕੇਵਲ 5 ਫ਼ੀਸਦੀ ਲੋਕਾਂ ਨੇ ਇਸ ਮੁੱਦੇ ਨੂੰ ਪਹਿਲ ਦੱਸੀ। 19 ਫ਼ੀਸਦੀ ਲਿਬਰਲ ਵੋਟਰ, 8 ਫ਼ੀਸਦੀ ਐੱਨ.ਡੀ.ਪੀ. ਵੋਟਰ, ਅਤੇ 6 ਫ਼ੀਸਦੀ ਕੰਜ਼ਰਵੇਟਿਵ ਵੋਟਰ ਨੇ ਕਿਹਾ ਕਿ ਇਹ ਮੁੱਦਾ ਉਨ੍ਹਾਂ ਲਈ ਸਭ ਤੋਂ ਮਹੱਤਵਪੂਰਨ ਹੈ। ਇਸ ਸਰਵੇਖਣ ਮੁਤਾਬਕ, ਕੈਨੇਡਾ-ਅਮਰੀਕਾ ਸੰਬੰਧਾਂ ਦਾ ਮੁੱਦਾ ਮਹਿੰਗਾਈ ਅਤੇ ਜੀਵਨ ਦੀ ਲਾਗਤ (23%) ਅਤੇ ਸਿਹਤ ਸੰਭਾਲ (18%) ਤੋਂ ਬਾਅਦ ਤੀਸਰੇ ਸਥਾਨ 'ਤੇ ਰਿਹਾ। ਹਾਊਸਿੰਗ (8%) ਚੌਥੇ ਨੰਬਰ ਤੇ ਅਤੇ ਆਰਥਿਕਤਾ, ਬੇਰੁਜ਼ਗਾਰੀ ਤੇ ਨੌਕਰੀਆਂ ਦਾ ਮੁੱਦਾ (7%) ਪੰਜਵੇਂ ਨੰਬਰ ਤੇ ਆਇਆ।

# ਡੈਲਟਾ ਹਸਪਤਾਲ ਦਾ ਐਮਰਜੈਂਸੀ ਵਿਭਾਗ ਦੋ ਦਿਨ ਰਿਹਾ ਬੰਦ, ਫਰੇਜ਼ਰ ਹੈਲਥ ਅਥਾਰਟੀ ਦਬਾਅ ਹੇਠ

## ਆਉਣ ਵਾਲੇ ਦਿਨਾਂ 'ਚ ਦੁਬਾਰਾ ਫਿਰ ਬੰਦ ਹੋ ਸਕਦਾ ਹੈ ਐਮਰਜੈਂਸੀ ਵਿਭਾਗ

**ਸਰੀ, (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਦੀ ਸਭ ਤੋਂ ਵੱਡੀ ਸਿਹਤ ਅਥਾਰਟੀ, ਫਰੇਜ਼ਰ ਹੈਲਥ, ਦੀ ਟੀਮ ਇਸ ਵੇਲੇ ਭਾਰੀ ਦਬਾਅ ਹੇਠ ਹੈ। ਇਲਾਕੇ ਦੀ ਸਿਹਤ ਸੰਭਾਲ ਪ੍ਰਣਾਲੀ 'ਤੇ ਵੱਧ ਰਹੀ ਚਿੰਤਾ ਦੇ ਮੱਦੇਨਜ਼ਰ, ਫਰੇਜ਼ਰ ਹੈਲਥ ਬੋਰਡ ਨੇ ਬੁਧਵਾਰ ਨੂੰ ਇੱਕ ਜਨਤਕ ਮੀਟਿੰਗ ਕੀਤੀ, ਜੋ ਪਿਛਲੇ ਹਫਤੇ ਸਾਬਕਾ ਸੀਈਓ ਡਾ. ਵਿਕਟੋਰੀਆ ਲੀ ਨੂੰ ਅਹੁਦੇ ਤੋਂ ਹਟਾਉਣ ਦੀ ਘੋਸ਼ਣਾ ਤੋਂ ਇਕ ਹਫ਼ਤਾ ਬਾਅਦ ਹੋਈ।

ਫਰੇਜ਼ਰ ਹੈਲਥ ਦੀ ਮੀਟਿੰਗ ਤੋਂ ਠੀਕ ਪਹਿਲਾਂ, ਡੈਲਟਾ ਹਸਪਤਾਲ ਦੇ ਐਮਰਜੈਂਸੀ ਵਿਭਾਗ ਨੂੰ ਦੋ ਰਾਤਾਂ ਲਈ ਬੰਦ ਕਰਨਾ ਪਿਆ, ਜਿਸ ਕਾਰਨ ਲੋਕਾਂ ਵਿੱਚ ਗੁੱਸਾ ਅਤੇ ਇਸ ਖਿਲਾਫ਼ ਵਿਰੋਧ ਜਤਾਇਆ।

ਪਿਛਲੇ ਸਤੰਬਰ, ਸਰੀ ਮੈਮੋਰਿਅਲ ਹਸਪਤਾਲ ਦੇ ਐਮਰਜੈਂਸੀ ਡਾਕਟਰਾਂ ਨੇ ਡਾ. ਵਿਕਟੋਰੀਆ ਲੀ ਨੂੰ ਇੱਕ ਖੁੱਲਾ ਪੱਤਰ ਲਿਖ ਕੇ ਹਸਪਤਾਲ ਵਿੱਚ ਬੇਹੱਦ ਮਾੜੀਆਂ ਹਾਲਤਾਂ ਦੀ ਵਰਣਨਾ ਕੀਤੀ ਸੀ।

ਉਧਰ ਵਿਰੋਧੀ ਪਾਰਟੀ ਬੀ.ਸੀ. ਕੰਜ਼ਰਵੇਟਿਵਜ਼ ਨੇ ਦਾਅਵਾ ਕੀਤਾ ਹੈ ਕਿ ਫਰੇਜ਼ਰ ਹੈਲਥ ਵਿੱਚ ਆ ਰਹੀਆਂ ਮੁਸ਼ਕਲਾਂ ਦਾ ਮੁੱਖ ਕਾਰਨ ਇਸੇ ਦੇ ਮੁਖ ਪ੍ਰਬੰਧਾਂ ਦੀ ਅਯੋਗਤਾ ਹੈ।

ਸਰੀ-ਵਾਈਟ ਰੌਕ ਤੋਂ ਐਮ.ਐਲ.ਏ. ਟ੍ਰੇਵਰ ਹੈਲਫੋਰਡ ਨੇ ਫਰੇਜ਼ਰ ਹੈਲਥ ਦੇ ਚੇਅਰਮੈਨ, ਜਿਮ ਸਿਨਕਲੇਅਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ:

"ਅਸਲ ਗੱਲ ਇਹ ਹੈ ਕਿ ਉਥੇ ਇੱਕ ਰਾਜਨੀਤਿਕ ਨਿਯੁਕਤ ਆਦਮੀ ਬੈਠਾ ਹੈ, ਜਿਸ ਕੋਲ ਸਿਹਤ ਸੰਭਾਲ ਦਾ ਕੋਈ ਤਜਰਬਾ ਨਹੀਂ। ਉਸਦੇ ਅਧੀਨ ਫਰੇਜ਼ਰ ਹੈਲਥ ਵਿੱਚ ਇਤਿਹਾਸ ਦੀਆਂ ਸਭ ਤੋਂ ਮਾੜੀਆਂ ਸਿਹਤ ਸੇਵਾਵਾਂ ਦੇਖਣ ਨੂੰ ਮਿਲੀਆਂ ਹਨ।"

ਉਨ੍ਹਾਂ ਕਿਹਾ, "ਮੈਨੂੰ ਸਮਝ ਨਹੀਂ ਆਉਂਦੀ ਕਿ ਉਹ ਅਜੇ ਵੀ ਆਪਣੀ ਕੁਰਸੀ 'ਤੇ ਕਿਵੇਂ ਬੈਠਾ ਹੈ।"

ਡੈਲਟਾ ਸ਼ਹਿਰ ਦੀ ਮਿਊਂਸਪਲ ਕੌਂਸਲ ਨੇ ਸੋਮਵਾਰ ਨੂੰ ਇੱਕ ਮਤ ਪਾਸ ਕਰਕੇ ਬੀ.ਸੀ. ਸਰਕਾਰ ਨੂੰ ਇੱਕ ਪੱਤਰ ਲਿਖਣ ਦਾ ਫ਼ੈਸਲਾ ਕੀਤਾ, ਜਿਸ ਵਿੱਚ ਉਨ੍ਹਾਂ ਫਰੇਜ਼ਰ ਹੈਲਥ ਦੀ ਕਾਰਗੁਜ਼ਾਰੀ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ।




ਡੈਲਟਾ ਕੌਂਸਲਰ ਡਿਲਨ ਕਰੂਗਰ ਨੇ ਗੱਲਬਾਤ ਕਰਦਿਆਂ ਕਿਹਾ, "ਹਸਪਤਾਲਾਂ ਨੂੰ ਖੋਲ੍ਹਾ ਰੱਖਣਾ, ਐਮਰਜੈਂਸੀ ਸੇਵਾਵਾਂ ਉਪਲਬਧ ਕਰਵਾਉਣਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ। ਜੇਕਰ ਅਸੀਂ ਇਹ ਵੀ ਨਹੀਂ ਕਰ ਸਕਦੇ, ਤਾਂ ਇਹ ਇੱਕ ਬਹੁਤ ਵੱਡੀ ਸਮੱਸਿਆ ਹੈ ਜਿਸ ਦਾ ਹੱਲ ਜਲਦ ਤੋਂ ਜਲਦ ਲੱਭਣਾ ਜ਼ਰੂਰੀ ਹੈ।"

ਫਰੇਜ਼ਰ ਹੈਲਥ ਦੇ ਚੇਅਰਮੈਨ, ਜਿਮ ਸਿਨਕਲੇਅਰ, ਨੇ ਦੋਸ਼ਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਡਾਕਟਰਾਂ ਅਤੇ ਨਰਸਾਂ ਦੀ ਘਾਟ ਪੂਰੀ ਕਰਨ ਲਈ "ਲਗਾਤਾਰ ਕੰਮ" ਕੀਤਾ ਹੈ।

ਉਨ੍ਹਾਂ ਕਿਹਾ, "ਅਸੀਂ ਉਮੀਦ ਕਰਦੇ ਹਾਂ ਕਿ ਇਹ ਸਮੱਸਿਆ ਜਲਦ ਹੀ ਖ਼ਤਮ ਹੋ ਜਾਵੇਗੀ। ਪਰ ਆਉਣ ਵਾਲੇ ਦਿਨਾਂ ਵਿੱਚ ਦੁਬਾਰਾ ਐਮਰਜੈਂਸੀ ਵਿਭਾਗ ਬੰਦ ਹੋਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।"

ਉਨ੍ਹਾਂ ਕਿਹਾ, "ਮੈਂ ਆਸ਼ਾਵਾਦੀ ਹਾਂ ਕਿ ਸਾਡੇ ਐਮਰਜੈਂਸੀ ਵਿਭਾਗ 24 ਘੰਟੇ, 7 ਦਿਨ ਖੁੱਲ੍ਹੇ ਰਹਿਣਗੇ।"

ਸਿਨਕਲੇਅਰ ਨੇ ਕਿਹਾ ਕਿ ਲੰਬੇ ਇਸ ਦਾ ਹੱਲ ਕੱਢਣ ਲਈ, ਉਨ੍ਹਾਂ ਨੂੰ ਸਮਾਜ ਅਤੇ ਸਰਕਾਰ ਦੇ ਤਾਲਮੇਲ ਨਾਲ ਜ਼ਿਆਦਾ ਡਾਕਟਰਾਂ ਅਤੇ ਨਰਸਾਂ ਦੀ ਭਰਤੀ ਕਰਨੀ ਪਏਗੀ।

ਉਨ੍ਹਾਂ ਨੇ ਵਿਦੇਸ਼ੀ ਡਾਕਟਰਾਂ ਨੂੰ ਤੁਰੰਤ ਮਾਨਤਾ ਦੇਣ ਅਤੇ ਉਨ੍ਹਾਂ ਲਈ ਘੱਟ-ਲਾਗਤ ਵਾਲੀ ਰਿਹਾਇਸ਼ ਉਪਲਬਧ ਕਰਵਾਉਣ 'ਤੇ ਵੀ ਜ਼ੋਰ ਦਿੱਤਾ।

ਸਿਨਕਲੇਅਰ ਨੇ ਕਿਹਾ ਕਿ ਹਸਪਤਾਲਾਂ ਦੇ ਐਮਰਜੈਂਸੀ ਕਲੋਜ਼ਰ ਦੀ ਘੋਸ਼ਣਾ ਕਰਨ ਦਾ ਇੱਕ ਵੱਡਾ ਕਾਰਨ ਇਹ ਹੈ ਕਿ "ਅਸੀਂ ਲੋਕਾਂ ਨੂੰ ਗਲਤ ਜਾਣਕਾਰੀ ਨਹੀਂ ਦੇਣਾ ਚਾਹੁੰਦੇ, ਇਸ ਲਈ ਅਸੀਂ ਆਖਰੀ ਪਲ ਤੱਕ ਉਮੀਦ ਰੱਖਦੇ ਹਾਂ ਕਿ ਸੇਵਾ ਜਾਰੀ ਰਹੇ।"

ਫਰੇਜ਼ਰ ਹੈਲਥ ਦੀ ਕਾਰਗੁਜ਼ਾਰੀ ਤੇ ਸਵਾਲ ਚੁੱਕਣ ਵਾਲਿਆਂ ਆਵਾਜ਼ਾਂ ਜ਼ੋਰ ਫੜ੍ਹ ਰਹੀਆਂ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਸਰਕਾਰ ਇਨ੍ਹਾਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਂਦੀ ਹੈ ਜਾਂ ਨਹੀਂ। ਉਧਰ ਇਸ ਮਾਮਲੇ 'ਤੇ ਅਜੇ ਤੱਕ, ਬੀ.ਸੀ. ਸਿਹਤ ਮੰਤਰੀ ਨੇ ਕੋਈ ਬਿਆਨ ਨਹੀਂ ਦਿੱਤਾ ਹੈ। This report was written by Simranjit Singh as part of the Local Journalism Initiative.


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)



ਟਰੱਕ ਡਰਾਇਵਰਾਂ ਦੀ ਲੋੜ
8 ਤੋਂ 10 ਹਜ਼ਾਰ ਡਾਲਰ ਕਮਾਓ
TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।
ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



GURTAJ SAMRA
PERSONAL REAL ESTATE CORPORATION
ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ



RESIDENTIAL
COMMERCIAL
SALES & LEASING
CENTURY 21 Coastal Realty
GURTAJ SAMRA
ASSOCIATE
778-869-0607
778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

# ਕੈਨੇਡਾ ਦੀਆਂ ਖੁੱਲ੍ਹੀਆਂ-ਡੁੱਲ੍ਹੀਆਂ ਜੋਤਾਂ

ਲੇਖਕ : ਡਾ. ਨਿਰਮਲ ਸਿੰਘ ਹਰੀ
ਸੰਪਰਕ: +1-204-391-3623



ਕੈਨੇਡਾ ਦੀ ਗੱਲ ਕਰਦਿਆਂ ਜ਼ਹਿਨ 'ਚ ਟੋਰਾਂਟੋ, ਵੈਨਕੂਵਰ ਵਰਗੇ ਮਹਾਨਗਰਾਂ ਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਨਜ਼ਰ ਆਉਂਦੀਆਂ ਹਨ ਜਾਂ ਫਿਰ ਬਰਫ਼ ਦੀ ਚਿੱਟੀ ਚਿੱਟੀ ਚਾਦਰ। ਪਰ ਇਨ੍ਹਾਂ ਵੱਡੇ ਮਹਾਨਗਰਾਂ ਦਰਮਿਆਨ ਕੈਨੇਡਾ ਦੀ ਵਿਸ਼ਾਲ ਧਰਤੀ ਪਈ ਹੈ ਅਤੇ ਇਸ ਦੇ ਕੁਝ ਹਿੱਸਿਆਂ 'ਤੇ ਖੇਤੀ ਵੀ ਹੁੰਦੀ ਹੈ। ਕੱਚੇ ਰਾਹਾਂ, ਵੱਡੇ-ਵੱਡੇ ਖੇਤਾਂ ਵਾਲਾ ਕੈਨੇਡਾ ਘੱਟ ਹੀ ਉਜਾਗਰ ਹੋਇਆ ਹੈ।

ਕੈਨੇਡਾ ਦੀ ਖੇਤੀਬਾੜੀ ਦਾ ਇਤਿਹਾਸ 200 ਕੁ ਸਾਲ ਪੁਰਾਣਾ ਹੈ। ਇਸ ਤੋਂ ਪਹਿਲਾਂ ਇੱਥੋਂ ਦੇ ਮੂਲ ਨਿਵਾਸੀ ਬਹੁਤ ਛੋਟੇ ਪੱਧਰ 'ਤੇ ਕੁਝ ਫ਼ਸਲਾਂ ਉਗਾਉਂਦੇ ਸਨ ਪਰ ਬਾਅਦ ਵਿੱਚ ਯੂਰਪੀਅਨ ਲੋਕਾਂ ਦੇ ਆਉਣ ਨਾਲ ਬੇਆਬਾਦ ਧਰਤੀ ਖੇਤੀਯੋਗ ਬਣਾਈ ਜਾਣ ਲੱਗੀ। ਕੈਨੇਡਾ ਬਣਨ ਤੋਂ ਬਾਅਦ 1872 ਵਿੱਚ ਇੱਕ ਕਾਨੂੰਨ ਬਣਾਇਆ ਗਿਆ ਜਿਸ ਤਹਿਤ ਬਾਹਰੋਂ ਲੋਕ ਆ ਕੇ ਜ਼ਮੀਨ ਆਬਾਦ ਕਰ ਸਕਦੇ ਸਨ।

ਬਸ ਫੇਰ ਕੀ ਸੀ। ਯੂਰਪ ਦੇ ਕਈ ਦੇਸ਼ਾਂ ਜਿਵੇਂ ਸਕਾਟਲੈਂਡ, ਯੂਕਰੇਨ, ਆਈਸਲੈਂਡ, ਰੂਸ, ਪੋਲੈਂਡ, ਜਰਮਨੀ, ਫਰਾਂਸ ਆਦਿ ਦੇ ਵਾਹੀਵਾਨਾਂ ਨੇ ਕੈਨੇਡਾ ਵੱਲ ਮੂੰਹ ਕਰ ਲਿਆ। ਸਮੁੰਦਰੀ ਜਹਾਜ਼ਾਂ ਤੇ ਫੇਰ ਰੇਲ ਗੱਡੀਆਂ ਰਾਹੀਂ ਇਹ ਲੋਕ ਦੱਖਣੀ ਓਂਟਾਰੀਓ ਅਤੇ ਪ੍ਰੇਰੀਜ਼ ਦੇ ਮੈਦਾਨਾਂ (ਮੈਨੀਟੋਬਾ, ਸਸਕੈਚਵਾਨ ਤੇ ਅਲਬਰਟਾ ਸੂਬੇ) ਵਿੱਚ ਪਹੁੰਚ ਗਏ। ਰੇਲਵੇ ਸਟੇਸ਼ਨਾਂ ਦੇ ਬਾਹਰ ਤੰਬੂਆਂ ਵਿੱਚ ਆਉਣ ਵਾਲਿਆਂ ਦੀ ਇਮੀਗ੍ਰੇਸ਼ਨ ਹੁੰਦੀ ਤੇ ਫਿਰ ਉਨ੍ਹਾਂ ਨੂੰ ਜ਼ਮੀਨ ਅਲਾਟ ਹੋ ਜਾਂਦੀ। ਇਹ ਗੱਲ 1896 ਤੋਂ 1914 ਦਰਮਿਆਨ ਦੀ ਹੈ। ਯੂਰਪ ਵਿੱਚ ਕੰਪਨੀਆਂ ਨੇ ਇਸ਼ਤਿਹਾਰ ਦਿੱਤੇ ਕਿ ਕੈਨੇਡਾ ਵਿੱਚ ਬੇਅੰਤ ਬੇਆਬਾਦ ਧਰਤੀ ਪਈ ਹੈ ਤੇ ਕੋਈ ਵੀ ਦਸ ਡਾਲਰ 'ਚ 160 ਏਕੜ ਪੈਲੀ ਲੈ ਕੇ ਉਸ ਨੂੰ ਆਬਾਦ ਕਰ ਸਕਦੈ। ਇਨ੍ਹਾਂ ਇਸ਼ਤਿਹਾਰਾਂ ਦਾ ਇਹ ਅਸਰ ਹੋਇਆ ਕਿ ਸਿਰਫ਼ 18 ਸਾਲਾਂ ਦੌਰਾਨ ਕੈਨੇਡਾ ਵਿੱਚ 20 ਲੱਖ ਤੋਂ ਵੱਧ ਗੋਰੇ ਆਪਣੀ ਕਿਸਮਤ ਅਜ਼ਮਾਉਣ ਆ ਗਏ। ਇਹ ਇਸ਼ਤਿਹਾਰ ਸਿਰਫ਼ ਯੂਰਪ ਵਿੱਚ ਹੀ ਵੰਡੇ ਗਏ ਸਨ। ਨਸਲਵਾਦ ਤਹਿਤ ਗ਼ੈਰ-ਗੋਰੇ ਲੋਕਾਂ ਨੂੰ ਉਸ ਸਮੇਂ ਹੀ ਕੈਨੇਡਾ ਵਿੱਚ ਵੜਨ ਤੋਂ ਰੋਕਿਆ ਜਾਂਦਾ ਸੀ। 1914 ਵਿੱਚ ਕੌਮਾਗਾਟਾ ਮਾਰੂ ਜਹਾਜ਼ ਨੂੰ ਮੋੜਨਾ ਇਸੇ ਨੀਤੀ ਦਾ ਹਿੱਸਾ ਸੀ।

ਖੈਰ! ਇਨ੍ਹਾਂ ਯੂਰਪੀਅਨ ਮੁਲਕਾਂ ਵਿੱਚੋਂ ਜ਼ਿਮੀਂਦਾਰਾਂ ਨੂੰ ਕੈਨੇਡਾ ਵਿੱਚ ਵਸਾਉਣ ਪਿੱਛੇ ਇੱਕ ਤਰਕ ਵੀ ਸੀ। ਇਹ ਠੰਢੇ ਮੁਲਕ ਸਨ ਅਤੇ ਇੱਥੇ ਵੀ ਕੈਨੇਡਾ ਵਾਂਗ ਸਿਆਲ ਰੁੱਤੇ ਬਰਫ਼ ਪੈਂਦੀ ਸੀ। 1900ਵੇਂ ਦੀ ਸ਼ੁਰੂਆਤ ਵਿੱਚ ਕੈਨੇਡਾ ਦੀ ਬੇਆਬਾਦ ਧਰਤੀ ਨੂੰ ਵਾਹੀਯੋਗ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਚਾਰ-ਪੰਜ ਮਹੀਨੇ ਮੌਸਮ ਚੰਗਾ ਤੇ ਬਾਕੀ ਸਾਰਾ ਸਾਲ ਠੰਢ ਵਾਲਾ ਮੌਸਮ। ਦਰੱਖਤਾਂ, ਬੂਟੀਆਂ, ਸਰਕੰਡਿਆਂ ਦੇ ਬੀਆਬਾਨ ਨੂੰ ਖੇਤੀਯੋਗ ਬਣਾਉਣਾ ਮੁਸ਼ਕਿਲ ਕੰਮ ਸੀ। ਜਿਵੇਂ ਆਪਣੇ ਬਲਦਾਂ, ਊਠਾਂ ਨਾਲ ਖੇਤੀ ਹੁੰਦੀ ਸੀ, ਇਹ ਨਵੇਂ-ਨਵੇਂ ਕੈਨੇਡੀਅਨ ਵਾਹੀਵਾਨ ਘੋੜਿਆਂ ਪਿੱਛੇ ਹਲ ਪਾ ਕੇ ਆਪਣੀ ਕਿਸਮਤ ਲਿਖਣ ਦੀ ਕੋਸ਼ਿਸ਼ ਕਰ ਰਹੇ ਸਨ। ਬਿਜਲੀ ਅਤੇ ਖੇਤੀ ਮਸ਼ੀਨਰੀ ਤੋਂ ਬਿਨਾਂ ਇਹ ਵੱਡਾ ਕੰਮ ਸੀ। 160 ਏਕੜ ਦੇ ਮੁਰੱਬੇ ਵਿੱਚ ਇੱਕ ਛੋਟਾ ਮੋਟਾ ਨੁੱਕਰ 'ਚ ਘਰ ਬਣਾਉਣ ਤੋਂ ਬਾਅਦ ਇਹ ਲੋਕ ਜ਼ਮੀਨ ਸਾਫ਼ ਕਰਨ ਦੇ ਕੰਮ ਵਿੱਚ ਲੱਗ ਜਾਂਦੇ।

ਖੈਰ! ਇਸ ਸਮੇਂ ਕੈਨੇਡਾ ਸਰਕਾਰ ਨੇ ਇੱਕ ਵਧੀਆ ਕੰਮ ਕੀਤਾ। ਇਨ੍ਹਾਂ ਨਵੇਂ ਆ ਰਹੇ ਲੋਕਾਂ ਨੂੰ ਵਸਾਉਣ ਵਾਸਤੇ ਪ੍ਰੇਰੀਜ਼ ਦੇ ਮੈਦਾਨਾਂ ਦੀ ਖੇਤੀਯੋਗ ਜ਼ਮੀਨ ਨੂੰ ਮੀਲ ਲੰਮੇ ਤੇ ਮੀਲ ਚੌੜੇ ਵਰਗਾਕਾਰ ਮੁਰੱਬਿਆਂ ਵਿੱਚ ਵੰਡ ਦਿੱਤਾ। ਇੱਕ ਮੀਲ ਦੇ ਮੁਰੱਬੇ ਵਿੱਚ 640 ਏਕੜ ਜ਼ਮੀਨ ਹੁੰਦੀ ਹੈ। ਇਨ੍ਹਾਂ ਮੁਰੱਬਿਆਂ ਦੇ ਚਾਰੇ ਬੰਨੇ ਜੰਗਲ-ਬੀਆਬਾਨ ਸਾਫ਼ ਕਰਕੇ ਕੱਚੀਆਂ ਪਹੀਆਂ ਬਣਾ ਦਿੱਤੀਆਂ ਗਈਆਂ। ਇਨ੍ਹਾਂ ਰਸਤਿਆਂ ਨਾਲ ਨਵੇਂ ਵਾਹੀਵਾਨ ਦੇਸ਼ ਦੇ ਦੂਰ ਦੁਰਾਡੇ ਇਲਾਕਿਆਂ ਤੱਕ ਪਹੁੰਚ ਗਏ। ਐਨੀ ਵੱਡੀ ਧਰਤੀ ਨੂੰ ਮੀਲ ਮੀਲ ਦੇ ਵਰਗਾਕਾਰ ਟੁਕੜਿਆਂ ਵਿੱਚ ਕੱਟਣਾ ਤੇ ਆਸੇ ਪਾਸੇ ਰਾਹ ਉਸਾਰਨੇ ਕੋਈ ਸੁਖਾਲਾ ਕੰਮ ਨਹੀਂ ਸੀ ਅਤੇ ਇਸ ਕੰਮ ਨੂੰ ਸੰਪੂਰਨ ਹੋਣ ਵਿੱਚ ਲਗਭਗ 50 ਸਾਲ ਲੱਗੇ। ਲਗਭਗ 14 ਪੰਜਾਬਾਂ ਜਿੰਨੀ ਜ਼ਮੀਨ ਦੀ ਮੁਰੱਬਾਬੰਦੀ ਹੋਈ।

ਸਾਲ 1920 ਦੇ ਆਸ-ਪਾਸ ਖੇਤਾਂ 'ਚ ਘੋੜਿਆਂ ਦੀ ਜਗ੍ਹਾ ਲੋਹੇ ਦੇ ਟਾਇਰਾਂ ਵਾਲੇ ਟਰੈਕਟਰ ਆ ਗਏ। ਬਸ ਫੇਰ ਕੀ ਸੀ ਖੇਤੀਬਾੜੀ ਵਿੱਚ ਕ੍ਰਾਂਤੀ ਆ ਗਈ ਤੇ ਬੇਆਬਾਦ ਜ਼ਮੀਨ ਨੂੰ ਖੇਤੀਯੋਗ ਵਿੱਚ ਬਦਲਣ ਲਈ ਮੁਸ਼ੱਕਤ ਘਟ ਗਈ। ਅੱਜ ਕੈਨੇਡਾ ਦੇ ਵਾਹੀਵਾਨਾਂ ਦੀ ਚੌਥੀ-ਪੰਜਵੀਂ ਪੀੜ੍ਹੀ ਵੱਡੇ-ਵੱਡੇ ਟਰੈਕਟਰਾਂ ਨਾਲ ਖੇਤੀ ਕਰ ਰਹੀ ਹੈ। ਕੈਨੇਡਾ ਦੀ ਸਾਰੀ ਧਰਤੀ 'ਚੋਂ ਸਿਰਫ਼ 6.2 ਪ੍ਰਤੀਸ਼ਤ ਇਲਾਕਾ ਹੀ ਵਾਹੀਯੋਗ ਹੈ ਅਤੇ ਉੱਤਰ ਦਾ ਵਧੇਰੇ ਇਲਾਕਾ ਜੰਗਲਾਂ ਅਤੇ ਠੰਢ ਵਾਲੇ ਖੇਤਰਾਂ ਦਾ ਹੈ, ਜਿੱਥੇ ਖੇਤੀ ਨਹੀਂ ਕੀਤੀ ਜਾ ਸਕਦੀ। ਸਾਰੇ ਦੇਸ਼ ਵਿੱਚ ਲਗਭਗ 190,000 ਫਾਰਮ ਹਨ ਤੇ ਇਨ੍ਹਾਂ ਵਿੱਚੋਂ ਬਹੁਤੇ ਫਾਰਮ ਪ੍ਰੇਰੀਜ਼ ਦੇ ਮੈਦਾਨਾਂ, ਕਿਊਬਕ ਅਤੇ ਓਂਟਾਰੀਓ ਸੂਬਿਆਂ 'ਚ ਹਨ। ਕੈਨੇਡਾ ਦੀ ਖੇਤੀ 10-20 ਏਕੜਾਂ ਵਾਲੇ ਫਾਰਮਾਂ ਦੀ ਖੇਤੀ ਨਹੀਂ ਹੈ ਸਗੋਂ ਵੱਡੇ ਵੱਡੇ ਫਾਰਮਾਂ ਵਾਲੀ ਖੇਤੀ ਹੈ। ਦੇਸ਼ 'ਚ ਔਸਤਨ ਫਾਰਮ 800 ਏਕੜਾਂ ਦਾ ਹੈ। ਥੋੜ੍ਹੇ ਏਕੜਾਂ ਵਾਲੀ ਖੇਤੀ ਵਾਰਾ ਹੀ ਨਹੀਂ ਖਾਂਦੀ। ਵਿਸ਼ਾਲ ਫਾਰਮ 'ਤੇ ਖੇਤੀ ਸੰਦ ਵੀ ਉਸੇ ਹਿਸਾਬ ਨਾਲ ਵੱਡੇ ਵੱਡੇ ਹਨ।

**ਕੈਨੇਡਾ ਦੀ ਅਜੋਕੀ ਖੇਤੀ**

ਮੋਟੇ ਰੂਪ ਵਿੱਚ ਕੈਨੇਡਾ ਦੀ ਖੇਤੀ ਤਿੰਨ ਤਰ੍ਹਾਂ ਦੀ ਹੈ। ਬਾਗਬਾਨੀ, ਪਸ਼ੂ ਰੱਖਣ ਵਾਸਤੇ ਹਰੇ ਚਾਰੇ ਦੀ ਬੀਜਾਂਦ ਤੇ ਦਾਣਿਆਂ ਵਾਸਤੇ ਬੀਜੀਆਂ ਜਾਣ ਵਾਲੀਆਂ ਫ਼ਸਲਾਂ। ਬਾਗਬਾਨੀ ਜ਼ਿਆਦਾਤਰ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਫਰੇਜ਼ਰ ਅਤੇ ਓਕਾਨੈਗਨ ਵੈਲੀਆਂ ਜਾਂ ਓਂਟਾਰੀਓ ਦੇ ਨਿਆਗਰਾ ਫਾਲਜ਼ ਇਲਾਕੇ ਵਿੱਚ ਹੁੰਦੀ ਹੈ। ਅੰਗੂਰਾਂ, ਸੇਬਾਂ, ਆੜੂਆਂ, ਖੁਰਮਾਨੀਆਂ ਤੇ ਬੈਰੀਆਂ ਦੇ ਬਾਗ ਹਨ। ਅੰਗੂਰਾਂ ਤੋਂ ਜ਼ਿਆਦਾਤਰ ਵਾਈਨ (ਇੱਕ ਤਰ੍ਹਾਂ ਦੀ ਸ਼ਰਾਬ) ਬਣਾਈ ਜਾਂਦੀ ਹੈ। ਇਹ ਬਾਗ ਛੋਟੇ ਹੁੰਦੇ ਹਨ, 10-20 ਕਿੱਲਿਆਂ ਦੇ ਫਾਰਮ। ਬ੍ਰਿਟਿਸ਼ ਕੋਲੰਬੀਆ ਵਿੱਚ ਬੈਰੀ ਉਗਾਉਣ ਦੇ ਕਿੱਤੇ ਵਿੱਚ ਕਈ ਪੰਜਾਬੀ ਕਿਸਾਨ ਵੀ ਹਨ। ਬੈਰੀਆਂ ਹੱਥੀਂ ਤੋੜਨੀਆਂ ਪੈਂਦੀਆਂ ਹਨ। ਇਸ ਕਰਕੇ ਸਰੀ, ਐਬਟਸਫੋਰਡ ਦੇ ਇਲਾਕਿਆਂ ਵਿੱਚ ਪੰਜਾਬੀ ਬਜ਼ੁਰਗ ਬੈਰੀਆਂ ਤੋੜ ਕੇ ਡਾਲਰ ਕਮਾ ਲੈਂਦੇ ਹਨ। ਕਲੋਨਾ ਅਤੇ ਇਸ ਦੇ ਦੱਖਣ ਵਿੱਚ ਵੀ ਕਈ ਬਾਗ ਪੰਜਾਬੀਆਂ ਦੇ ਹਨ।

ਕੈਨੇਡਾ ਵਿੱਚ ਕੁਝ ਖ਼ਿੱਤਿਆਂ 'ਚ ਜ਼ਮੀਨ ਉਪਜਾਊ ਨਾ ਹੋਣ ਕਰਕੇ ਕਈ ਵਾਰੀ ਇੱਥੇ ਦਾਣੇਦਾਰ ਫ਼ਸਲਾਂ ਬੀਜਣੀਆਂ ਲਾਹੇਵੰਦ ਨਹੀਂ ਹੁੰਦੀਆਂ। ਇਨ੍ਹਾਂ ਉੱਚੀਆਂ ਨੀਵੀਆਂ ਪੈਲੀਆਂ ਦੇ ਆਸੇ ਪਾਸੇ ਵਾੜ ਕਰਕੇ ਇੱਥੇ ਮੀਟ ਵਾਸਤੇ ਗਾਵਾਂ ਪਾਲੀਆਂ ਜਾਂਦੀਆਂ ਹਨ। ਫਾਰਮਾਂ ਦੁਆਲੇ ਵਾੜ ਕਰਕੇ ਪਸ਼ੂ ਖੁੱਲ੍ਹੇ ਹੀ ਛੱਡੇ ਜਾਂਦੇ ਹਨ। ਪਸ਼ੂ ਨੂੰ ਸੰਗਲ ਪਾਉਣ ਦਾ ਰਿਵਾਜ਼ ਉੱਕਾ ਹੀ ਨਹੀਂ। ਪਸ਼ੂਆਂ ਦੇ ਖਾਣ ਵਾਸਤੇ ਹਰੇ ਚਾਰੇ ਦਾ ਛਿੱਟਾ ਦੇ ਦਿੱਤਾ ਜਾਂਦੈ ਤੇ ਫਿਰ ਮੀਂਹ ਆਸਰੇ ਹਾਰਾ ਚਾਰਾ ਹੁੰਦਾ ਰਹਿੰਦੈ। ਕਿਤੇ ਕਿਤੇ ਫੁਹਾਰਿਆਂ ਰਾਹੀਂ ਪਾਣੀ ਦੇਣ ਦਾ ਪ੍ਰਬੰਧ ਵੀ ਹੁੰਦੈ। ਪਸ਼ੂਆਂ ਦੇ ਚਾਰੇ ਲਈ ਲੂਸਣ ਦੀ ਬੀਜਾਂਦ ਵੀ ਬਹੁਤ ਹੁੰਦੀ ਹੈ। ਪਸ਼ੂਆਂ ਵਾਲੇ ਕਿਸਾਨ ਸਾਰਾ ਸਾਲ ਹੀ ਰੁੱਝੇ ਰਹਿੰਦੇ ਹਨ। ਫਰਵਰੀ-ਮਾਰਚ ਵਿੱਚ ਗਾਵਾਂ ਸੂੰਅਦੀਆਂ ਹਨ ਤੇ ਇਨ੍ਹਾਂ ਠੰਢ ਦੇ ਦਿਨਾਂ ਵਿੱਚ ਹਰ ਰੋਜ਼ ਗਾਵਾਂ ਤੇ ਨਵਜਨਮੇ ਵੱਛਿਆਂ ਨੂੰ ਸਾਂਭਣਾ ਸੁਖਾਲਾ ਕੰਮ ਨਹੀਂ ਹੈ।

ਜ਼ਿਆਦਾਤਰ ਫਾਰਮਾਂ 'ਤੇ ਗਾਵਾਂ ਦੀ ਗਿਣਤੀ ਸੈਂਕੜਿਆਂ 'ਚ ਹੁੰਦੀ ਹੈ। ਇਨ੍ਹਾਂ ਗਾਵਾਂ ਨੂੰ ਚਰਾਂਦਾਂ 'ਚ ਕਾਬੂ ਰੱਖਣ ਲਈ ਕਿਸਾਨ ਘੋੜਿਆਂ ਦੀ ਵਰਤੋਂ ਵੀ ਕਰਦੇ ਹਨ। 'ਕਾਓ ਬੌਇ' ਵਾਲਾ ਕਲਚਰ ਇਨ੍ਹਾਂ ਵੱਡੀਆਂ ਵੱਡੀਆਂ ਟੋਪੀਆਂ ਅਤੇ ਗੋਡਿਆਂ ਤੱਕ ਬੂਟਾਂ ਵਾਲੇ ਕਿਸਾਨਾਂ ਤੋਂ ਹੀ ਪਿਆ ਹੈ।

ਕਾਓ ਬੌਇ ਵਜੋਂ ਸਾਨੂੰ ਘੋੜੇ 'ਤੇ ਚੜ੍ਹਿਆ, ਹੱਥ 'ਚ ਰੱਸਾ ਫੜੀ ਬੈਠਾ ਕਿਸਾਨ ਚੇਤੇ 'ਚ ਆਉਂਦਾ ਹੈ ਕਿਉਂਕਿ ਇਸ ਤਰ੍ਹਾਂ ਇਹ ਦੂਰ ਗਈਆਂ ਗਾਵਾਂ ਨੂੰ ਵਾਪਸ ਮੋੜ ਕੇ ਲਿਆਉਂਦੇ ਹਨ।

ਖੇਤੀਬਾੜੀ ਦਾ ਤੀਜਾ ਮੁੱਖ ਪੱਖ ਦਾਣੇਦਾਰ ਫ਼ਸਲਾਂ ਬੀਜਣਾ ਹੈ। ਪੰਜਾਬ ਵਾਂਗ ਸਾਲ 'ਚ ਦੋ ਫ਼ਸਲਾਂ ਨਹੀਂ ਸਗੋਂ ਸਿਰਫ਼ ਇੱਕ ਫ਼ਸਲ ਹੀ ਹੁੰਦੀ ਹੈ। ਬਿਜਾਈ ਅਪਰੈਲ-ਮਈ 'ਚ ਤੇ ਵਢਾਈ ਅਗਸਤ ਤੋਂ ਅਕਤੂਬਰ ਦੌਰਾਨ। ਕੈਨੇਡਾ ਦੀਆਂ ਪ੍ਰਮੁੱਖ ਫ਼ਸਲਾਂ ਕਣਕ, ਕਨੋਲਾ, ਮੱਕੀ, ਜੌਂ, ਜਵੀਂ ਹਨ। ਠੰਢੇ ਮੁਲਕ 'ਚ ਠੰਢ ਵਾਲੀਆਂ ਫ਼ਸਲਾਂ ਜ਼ਿਆਦਾ ਕਾਮਯਾਬ ਹਨ। ਜੌਂ, ਜਵੀਂ ਦਾਣਿਆਂ ਲਈ ਉਗਾਈ ਜਾਂਦੀ ਹੈ। ਕਣਕ ਗਰਮੀਆਂ ਦੀ ਰੁੱਤ ਦੀ ਵੀ ਹੈ ਤੇ ਸਿਆਲੂ ਵੀ। ਗਰਮੀਆਂ ਵਾਲੀ ਕਣਕ ਅਪਰੈਲ-ਮਈ 'ਚ ਬੀਜ ਦਿੱਤੀ ਜਾਂਦੀ ਹੈ ਤੇ ਸਿਆਲੂ ਕਣਕ ਬਰਫ਼ ਪੈਣ ਤੋਂ ਦੋ ਕੁ ਮਹੀਨੇ ਪਹਿਲਾਂ ਅੱਧ ਸਤੰਬਰ ਵਿੱਚ। ਬਰਫ਼ ਤੋਂ ਪਹਿਲਾਂ ਕਣਕ ਗਿੱਠ ਗਿੱਠ ਹੋ ਜਾਂਦੀ ਹੈ ਤੇ ਫਿਰ ਇਹ ਬਰਫ਼ ਹੇਠਾਂ ਚਾਰ ਮਹੀਨੇ ਦੱਬੀ ਰਹਿੰਦੀ ਹੈ। ਅਸਲ ਵਿੱਚ ਬਰਫ਼ ਸਿਆਲੂ ਕਣਕ ਨੂੰ ਠੰਢ ਤੋਂ ਬਚਾਉਣ ਲਈ ਰਜਾਈ ਦਾ ਕੰਮ ਕਰਦੀ ਹੈ।

ਸਸਕੈਚਵਾਨ ਸੂਬੇ ਦੀਆਂ ਰੇਤਲੀਆਂ ਜ਼ਮੀਨਾਂ ਵਿੱਚ ਪਕਾਵੇਂ ਮਟਰ, ਮਸਰ ਵੀ ਵਧੀਆ ਹੁੰਦੇ ਹਨ। ਅਸਲ ਵਿੱਚ ਭਾਰਤ ਦਾਲਾਂ ਕੈਨੇਡਾ ਤੋਂ ਵੀ ਮੰਗਵਾਉਂਦਾ ਹੈ। ਮੈਨੀਟੋਬਾ ਵਿੱਚ ਅਲਸੀ, ਸੂਰਜਮੁਖੀ ਵੀ ਥੋੜ੍ਹੀ ਬਹੁਤੀ ਹੁੰਦੀ ਹੈ। ਕੈਨੇਡਾ ਵਿੱਚ ਨਰਮਾ, ਝੋਨਾ ਕਿਤੇ ਨਹੀਂ ਹੁੰਦਾ ਕਿਉਂਕਿ ਇੱਥੇ ਭਾਰਤ ਵਾਂਗ ਬਹੁਤਾ ਗਰਮ ਮੌਸਮ ਨਹੀਂ ਹੈ। ਜਿਹੜੀ ਕਣਕ ਪੰਜਾਬ ਵਿੱਚ ਪੰਜ ਮਹੀਨਿਆਂ 'ਚ ਹੁੰਦੀ ਹੈ, ਉਹ ਕੈਨੇਡਾ ਵਿੱਚ ਸਿਰਫ਼ ਤਿੰਨ ਮਹੀਨਿਆਂ ਵਿੱਚ ਹੀ ਪੱਕ ਜਾਂਦੀ ਹੈ। ਕਾਰਨ ਇੱਕ ਤਾਂ ਬਹੁਤੀਆਂ ਫ਼ਸਲਾਂ ਬਰਾਨੀ ਨੇ, ਦੂਜਾ ਗਰਮੀਆਂ 'ਚ ਦਿਨ 14 ਤੋਂ 16 ਘੰਟਿਆਂ ਦੇ ਹੁੰਦੇ ਹਨ ਤੇ ਫ਼ਸਲਾਂ ਦਿਨਾਂ 'ਚ ਹੀ ਜਵਾਨ ਹੋ ਜਾਂਦੀਆਂ ਹਨ।

ਜ਼ਿਆਦਾਤਰ ਫਾਰਮਾਂ ਵਿੱਚ ਕੋਈ ਵੱਟ, ਕੋਈ ਖਾਲਾ ਨਹੀਂ ਹੈ ਕਿਉਂਕਿ ਪਾਣੀ ਕਿਸਾਨ ਲਾਉਂਦੇ ਹੀ ਨਹੀਂ। ਬਹੁਤੀ ਖੇਤੀ ਮੀਂਹ ਸਹਾਰੇ ਹੀ ਹੈ ਪਰ ਕਿਤੇ ਕਿਤੇ ਜ਼ਮੀਨੀ ਪਾਣੀ ਦੀ ਵਰਤੋਂ ਫੁਹਾਰਿਆਂ ਨਾਲ ਕੀਤੀ ਜਾਂਦੀ ਹੈ। ਮੁਫ਼ਤ ਕੁਝ ਵੀ ਨਹੀਂ। ਵਰਤੋਂ ਕੀਤੇ ਪਾਣੀ ਦਾ ਮੁੱਲ ਤਾਰਨਾ ਪੈਂਦਾ ਹੈ। ਬਰਾਨੀ ਖੇਤੀ ਹੋਣ ਕਰਕੇ ਔਸਤਨ ਝਾੜ ਪੰਜਾਬ ਨਾਲੋਂ ਥੋੜ੍ਹਾ ਘੱਟ ਹੁੰਦੈ।

ਫਾਰਮ ਬਹੁਤ ਵੱਡੇ ਵੱਡੇ ਹਨ। ਉਦਾਹਰਨ ਦੇ ਤੌਰ 'ਤੇ ਮੈਨੀਟੋਬਾ ਵਿੱਚ ਔਸਤਨ ਫਾਰਮ ਹਜ਼ਾਰ ਕੁ ਕਿੱਲਿਆਂ ਦਾ ਹੈ। 100-200 ਕਿੱਲਿਆਂ 'ਤੇ ਕਣਕ, ਕਨੋਲਾ ਦੀ ਖੇਤੀ ਵਾਰਾ ਨਹੀਂ ਖਾਂਦੀ। ਜ਼ਮੀਨ ਖਰੀਦਣੀ ਸਸਤੀ ਹੈ (ਪ੍ਰੇਰੀਜ਼ ਦੇ ਮੈਦਾਨਾਂ 'ਚ) ਪਰ ਮਸ਼ੀਨਰੀ ਬਹੁਤ ਮਹਿੰਗੀ। ਉਦਾਹਰਨ ਦੇ ਤੌਰ 'ਤੇ ਅੱਜ ਦੀ ਤਰੀਕ 'ਚ ਪ੍ਰੇਰੀਜ਼ ਵਿੱਚ ਇੱਕ ਕਿੱਲਾ ਜ਼ਮੀਨ 4-5 ਹਜ਼ਾਰ ਡਾਲਰ ਨੂੰ ਖ਼ਰੀਦੀ ਜਾ ਸਕਦੀ ਹੈ, ਪਰ ਇੱਕ ਆਮ ਟਰੈਕਟਰ (100 ਕੁ ਹੌਰਸ ਪਾਵਰ) ਇੱਕ ਲੱਖ ਡਾਲਰ ਦੇ ਕਰੀਬ ਹੈ। ਇਹੀ ਕਾਰਨ ਹੈ ਕਿ ਪ੍ਰੇਰੀਜ਼ ਵਿੱਚ ਬਹੁਤ ਥੋੜ੍ਹੇ ਪੰਜਾਬੀ ਖੇਤੀ ਦੇ ਧੰਦੇ ਵਿੱਚ ਹਨ। ਦੂਜੇ ਪਾਸੇ ਬੀ.ਸੀ. ਅਤੇ ਓਂਟਾਰੀਓ ਦੀ ਬਾਗਬਾਨੀ ਵਾਲੀ ਜ਼ਮੀਨ ਬਹੁਤ ਮਹਿੰਗੀ ਹੈ।

ਗਰਮੀਆਂ ਦੌਰਾਨ ਪ੍ਰੇਰੀਜ਼ ਦੇ ਮੈਦਾਨਾਂ ਦੀ ਖੇਤੀ ਦੇਖਣਯੋਗ ਹੁੰਦੀ ਹੈ। ਹਜ਼ਾਰਾਂ ਕਿੱਲਿਆਂ 'ਤੇ ਪੀਲੀ ਪੀਲੀ ਕਨੋਲਾ ਤੇ ਕਿਤੇ ਸੁਨਹਿਰੀ ਕਣਕ ਦੀ ਝਲਕ। ਕੈਨੇਡਾ ਦੀ ਪੈਦਾਵਾਰ ਜ਼ਿਆਦਾ ਹੈ ਤੇ ਖਪਤ ਘੱਟ, ਸੋ ਜ਼ਿਆਦਾਤਰ ਫ਼ਸਲਾਂ ਦੂਜੇ ਦੇਸ਼ਾਂ ਨੂੰ ਵੇਚੀਆਂ ਜਾਂਦੀਆਂ ਹਨ। ਖੇਤੀਬਾੜੀ ਕੈਨੇਡਾ ਲਈ ਬੜੀ ਅਹਿਮ ਹੈ।

***ਲੇਖਕ ਮੈਨੀਟੋਬਾ ਖੇਤੀਬਾੜੀ ਵਿਭਾਗ ਵਿੱਚ ਖੋਜ ਵਿਗਿਆਨੀ ਹੈ।**

ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- Brar Bhagta Bhai Ka
  604-751-1113
- Karamjit Singh Buttar
  Journalist
- Simranjit Singh
  Journalist
- Dr. Puran Singh
  Writer
- Gora Sandhu Khurd
  News Reporter (Punjab)
- Paramjit Singh
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**
**(Punjabi Newspaper)**
Website : **www.thepunjabtimes.ca**
E-mail : **canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ਼ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਅਮਰੀਕਾ ਵਲੋਂ ਦਿੱਤੀ ਜਾਂਦੀ ਭਾਰਤ ਨੂੰ ਮਦਦ ਦਾ ਵਿਵਾਦ ਭੱਖਿਆ

## ਟਰੰਪ ਵਲੋਂ ਭਾਰਤ ’ਤੇ ਅਮਰੀਕਾ ਦਾ ਫਾਇਦਾ ਚੁੱਕਣ ਦਾ ਦੋਸ਼

ਵਾਸ਼ਿੰਗਟਨ : ਅਮਰੀਕਾ ਵਲੋਂ ਵੋਟਰਾਂ ਦੀ ਗਿਣਤੀ ਚੋਣਾਂ ਵਿੱਚ ਵਧਾਉਣ ਲਈ ਭਾਰਤ ਨੂੰ ਦਿੱਤੀ ਗਈ ਵਿੱਤੀ ਮਦਦ ਭਾਰਤ ਸਰਕਾਰ ਲਈ ਵੱਡੀ ਮੁਸੀਬਤ ਬਣਦੀ ਜਾ ਰਹੀ ਹੈ। ਮੋਦੀ ਸਰਕਾਰ ਵਲੋਂ ਇਸ ਸਬੰਧ ਵਿਚ ਦਿੱਤੇ ਜਾ ਰਹੇ ਵਿਸਥਾਰ ਅਤੇ ਵਿਰੋਧੀਆਂ ਦੇ ਵਾਰ ਨਵੇਂ ਤੋਂ ਨਵੇਂ ਖੁਲਾਸੇ ਸਾਹਮਣੇ ਲਿਆ ਰਹੇ ਹਨ। ਰਾਸ਼ਟਰਪਤੀ ਡੋਨਲਡ ਟਰੰਪ ਨੇ ਬਾਇਡਨ ਪ੍ਰਸ਼ਾਸਨ ‘ਤੇ ਨਿਸ਼ਾਨਾ ਲਗਾਉਂਦੇ ਹੋਏ ਕਿਹਾ ਕਿਉਸਨੇ ਭਾਰਤ ਨੂੰ ਉਸ ਦੀਆਂ ਚੋਣਾਂ ‘ਚ ਮਦਦ ਲਈ 1.8 ਕਰੋੜ ਡਾਲਰ ਦੀ ਰਕਮ ਅਲਾਟ ਕੀਤੀ, ਜਦਕਿ ਉਸ ਨੂੰ ਇਸਦੀ ਲੋੜ ਨਹੀਂ ਹੈ। ਟਰੰਪ ਨੇ ਕੰਜ਼ਰਵੇਟਿਵ ਪੌਲੀਟੀਕਲ ਐਕਸ਼ਨ ਕਾਨਫਰੰਸ (ਸੀਪੀਏਸੀ) ‘ਚ ਸ਼ਨਿਚਰਵਾਰ ਨੂੰ ਆਪਣੇ ਭਾਸ਼ਣ ਦੌਰਾਨ ਇਹ ਟਿੱਪਣੀ ਕੀਤੀ। ਟਰੰਪ ਨੇ ਪਹਿਲਾਂ ਵੀ ਕਈ ਵਾਰ ਦਾਅਵਾ ਕੀਤਾ ਹੈ ਕਿ ਚੋਣਾਂ ‘ਚ ਵੋਟਰਾਂ ਦੀ ਹਿੱਸੇਦਾਰੀ ਨੂੰ ਵਧਾਉਣ ਲਈ ਭਾਰਤ ਨੂੰ 2.1 ਕਰੋੜ ਡਾਲਰ ਦੀ ਵਿੱਤੀ ਮਦਦ ਦਿੱਤੀ ਗਈ ਸੀ। ਉਨ੍ਹਾਂ ਇਸਦੇ ਲਈ ਅਮਰੀਕਾ ਦੀ ਅੰਤਰਰਾਸ਼ਟਰੀ ਵਿਕਾਸ ਏਜੰਸੀ (ਯੂਐੱਸਏਡ) ‘ਤੇ ਨਿਸ਼ਾਨਾ ਲਗਾਇਆ ਹੈ। ਟਰੰਪ ਦੇ ਇਸ ਦਾਅਵੇ ਤੋਂ ਬਾਅਦ ਪੈਦਾ ਹੋਇਆ ਭਾਰਤ ਵਿਵਾਦ ਦਿਨ-ਬ-ਦਿਨ ਹੋਰ ਵਧਦਾ ਜਾ ਰਿਹਾ ਹੈ। ਆਪਣੇ ਭਾਸ਼ਣ ‘ਚ ਟਰੰਪ ਨੇ ਭਾਰਤ ‘ਤੇ ਅਮਰੀਕਾ ਦਾ ਫਾਇਦਾ ਚੁੱਕਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਭਾਰਤ ਨੂੰ ਉਸ ਦੀਆਂ ਚੋਣਾਂ ‘ਚ ਮਦਦ ਲਈ 1.8 ਕਰੋੜ ਡਾਲਰ ਦਿੱਤੇ ਗਏ। ਆਖਿਰ ਕਿਉਂ?ਉਨ੍ਹਾਂ ਕਿਹਾ ਭਾਰਤ ਦੁਨੀਆ ‘ਚ ਸਭ ਤੋਂ ਵੱਧ ਟੈਰਿਫ ਲਗਾਉਣ ਵਾਲੇ ਦੇਸ਼ਾਂ ‘ਚੋਂ ਇਕ ਹੈ। ਉਹ 200 ਫ਼ੀਸਦੀ (ਟੈਕਸ) ਲਗਾਉਂਦਾ ਹੈ ਤੇ ਫਿਰ ਅਸੀਂ ਉਸ ਨੂੰ ਉਸ ਦੀਆਂ ਚੋਣਾਂ ‘ਚ ਮਦਦ ਕਰਨ ਲਈ ਬਹੁਤ ਸਾਰਾ ਪੈਸਾ ਦੇ ਰਹੇ ਹਾਂ। ਟਰੰਪ ਨੇ ਬੰਗਲਾਦੇਸ਼ ਨੂੰ 2.9 ਕਰੋੜ ਡਾਲਰ ਦੇਣ ਲਈ ਵੀ ਯੂ.ਐੱਸ.ਏਡ ਦੀ ਨਿਖੇਧੀ ਕੀਤੀ। ਉਨ੍ਹਾਂ ਕਿਸੇ ਦਾ ਨਾਂ ਲਏ ਬਿਨਾਂ ਕਿਹਾ, 2.9 ਕਰੋੜ ਡਾਲਰ ਦੀ ਵਰਤੋਂ ਸਿਆਸੀ ਹਾਲਾਤ ਨੂੰ ਮਜ਼ਬੂਤ ਕਰਨ ਤੇ ਉਨ੍ਹਾਂ ਦੀ ਮਦਦ ਕਰਨ ਲਈ ਕੀਤੀ ਜਾਵੇਗੀ ਤਾਂ ਕਿ ਉਹ ਬੰਗਲਾਦੇਸ਼ ‘ਚ ਕੱਟੜਪੰਥੀ ਖੱਬੇਪੱਖੀ ਕਮਿਊਨਿਸਟ ਲਈ ਵੋਟ ਕਰ ਸਕਣ।ਦੂਸਰੇ ਪਾਸੇ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਭਾਰਤੀ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਏਜੰਸੀ ਨੇ ਵਿੱਤੀ ਸਾਲ 2023-24 ‘ਚ 75 ਕਰੋੜ ਡਾਲਰ ਦੇ ਸੱਤ ਪ੍ਰੋਜੈਕਟਾਂ ਦੀ ਫੰਡਿੰਗ ਕੀਤੀ ਹੈ। ਭਾਰਤ ਦੇ ਵਿੱਤ ਮੰਤਰਾਲੇ ਦੀ ਹੁਣੇ ਆਈ ਸਾਲਾਨਾ ਰਿਪੋਰਟ ਵਿਚ ਇਹ ਜਾਣਕਾਰੀ ਮਿਲੀ ਹੈ। ਵਿੱਤ ਮੰਤਰਾਲੇ ਦੀ 2023-24 ਦੀ ਸਾਲਾਨਾ ਰਿਪੋਰਟ ਮੁਤਾਬਕ ਅਮਰੀਕੀ ਅੰਤਰਰਾਸ਼ਟਰੀ ਵਿਕਾਸ ਏਜੰਸੀ ਵੱਲੋਂ ਭਾਰਤ ਸਰਕਾਰ ਦੇ ਨਾਲ ਸਾਂਝੇਦਾਰੀ ਵਿਚ ਕੁਲ ਲਗਭਗ 75 ਕਰੋੜ ਡਾਲਰ ਬਜਟ ਦੇ ਸੱਤ ਪ੍ਰੋਜੈਕਟ ਕਾਰਜਸ਼ੀਲ ਕਰ ਦਿੱਤੇ ਗਏ ਹਨ। ਇਸ ਸਮੇਂ ਵਿਚ ਕੋਈ ਰਾਜਨੀਤਕ ਫੰਡਿੰਗ ਨਹੀਂ ਹੋਈ। ਵਿੱਤ ਮੰਤਰਾਲੇ ਤਹਿਤ ਆਰਥਿਕ ਮਾਮਲਿਆਂ ਦੇ ਵਿਭਾਗ ਨੇ ਰਿਪੋਰਟ ਵਿਚ ਇਨ੍ਹਾਂ ਪ੍ਰੋਜੈਕਟਾਂ ਦੀ ਵੰਡ ਵੀ ਸਾਂਝੀ ਕੀਤੀ ਹੈ। ਆਰਥਿਕ ਮਾਮਲਿਆਂ ਦਾ ਵਿਭਾਗ ਦੁਵੱਲੇ ਫੰਡਿੰਗ ਲਈ ਨੋਡਲ ਵਿਭਾਗ ਹੈ। ਵਿੱਤੀ ਸਾਲ ਦੌਰਾਨ ਵੋਟ ਫੀਸਦ ਲਈ ਕੋਈ ਪੈਸਾ ਮੁਹੱਈਆ ਨਹੀਂ ਕਰਾਇਆ ਗਿਆ ਪਰ ਖੇਤੀ ਤੇ ਖਾਦ ਸੁਰੱਖਿਆ ਪ੍ਰੋਗਰਾਮ, ਜਲ, ਸਵੱਛਤਾ ਤੇ ਅਰੋਗ, ਨਵੀਕਰਨ ਊਰਜਾ, ਆਪਦਾ ਪ੍ਰਬੰਧਨ ਤੇ ਸਿਹਤ ਨਾਲ ਸਬੰਧਤ ਪ੍ਰੋਜੈਕਟਾਂ ਲਈ ਪੈਸਾ ਮੁਹੱਈਆ ਕਰਾਇਆ ਗਿਆ। ਇਹ ਵੀ ਸੱਚ ਹੈ ਕਿ ਭਾਰਤ ਨੂੰ ਅਮਰੀਕਾ ਦੀ ਦੁਵੱਲੀ ਵਿਕਾਸ ਸਹਾਇਤਾ 1951 ‘ਚ ਸ਼ੁਰੂ ਹੋਈ ਸੀ। ਮੁੱਖ ਰੂਪ ਨਾਲ ਯੂ.ਐੱਸ.ਏਡ ਦੇ ਮਾਧਿਅਮ ਨਾਲ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ। ਆਪਣੀ ਸ਼ੁਰੂਆਤ ਦੇ ਬਾਅਦ ਯੂ.ਐੱਸ.ਏਡ ਨੇ 555 ਤੋਂ ਵੱਧ ਪ੍ਰੋਜੈਕਟਾਂ ਲਈ ਵੱਖ-ਵੱਖ ਖੇਤਰਾਂ ਵਿਚ ਭਾਰਤ ਨੂੰ 17 ਅਰਬ ਡਾਲਰ ਤੋਂ ਵੱਧ ਦੀ ਆਰਥਿਕ ਸਹਾਇਤਾ ਦਿੱਤਾ ਹੈ। ਇਸੇ ਮਹੀਨੇ ਦੇਸ਼ ਵਿਚ ਰਾਜਨੀਤਕ ਵਿਵਾਦ ਉਦੋਂ ਸ਼ੁਰੂ ਹੋ ਗਿਆ, ਜਦੋਂ ਉਦਯੋਗਪਤੀ ਐਲਨ ਮਸਕ ਦੀ ਅਗਵਾਈ ਵਾਲੇ ਡੀ.ਓ.ਜੀ.ਈ. ਨੇ ਦਾਅਵਾ ਕੀਤਾ ਸੀ ਕਿ ਉਸ ਨੇ ਵੋਟ ਫੀਸਦ ਵਧਾਉਣ ਲਈ ਭਾਰਤ ਨੂੰ ਦਿੱਤੇ ਜਾਣ ਵਾਲੇ 2.1 ਕਰੋੜ ਡਾਲਰ ਦੀ ਸਹਾਇਦਾ ਨੂੰ ਰੱਦ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀ ਦਾਅਵਾ ਕੀਤਾ ਸੀ ਕਿ ਜੋਅ ਬਾਇਡਨ ਦੀ ਅਗਵਾਈ ਵਾਲੇ ਪਿਛਲੇ ਪ੍ਰਸ਼ਾਸਨ ਤਹਿਤ ਯੂਐੱਸਏਡ ਨੇ ਭਾਰਤ ਵਿਚ ਵੋਟਰਾਂ ਨੂੰ ਪ੍ਰਭਾਵਿਤ ਕਰਨ ਕਰੋੜਾਂ ਡਾਲਰ ਦੀ ਫੰਡਿੰਗ ਕੀਤੀ ਸੀ।ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਸ਼ਨਿੱਚਰਵਾਰ ਨੂੰ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਚਿੰਤਾਜਨਕ ਹੈ ਤੇ ਸਰਕਾਰ ਇਸ ‘ਤੇ ਗੌਰ ਕਰ ਰਹੀ ਹੈ। ਦੂਜੇ ਪਾਸੇ ਹੁਣ ਕੇਂਦਰੀ ਮੰਤਰੀ ਦਾ ਬਿਆਨ ਵੀ ਆ ਰਿਹਾ ਹੈ ਕਿ ਇਹੋ ਜਿਹੀ ਕੋਈ ਫੰਡਿੰਗ ਨਹੀਂ ਹੋਈ ਸੀ ਜਿਸ ਦਾ ਕੋਈ ਸਿਆਸੀ ਮੰਤਵ ਹੋਵੇ। ਹਾਲਾਂਕਿ ਭਾਰਤ ਵਿਚ ਰਾਜਨੀਤਕ ਮੰਚਾਂ ‘ਤੇ ਟਰੰਪ ਦਾ ਬਿਆਨ ਚਰਚਾ ਦਾ ਕੇਂਦਰ ਬਣਿਆ ਰਿਹਾ ਸੀ ਕਿ ਬਾਇਡਨ ਆਖਰ ਕਿਹੜੀ ਪਾਰਟੀ ਨੂੰ ਜਿਤਾਉਣਾ ਚਾਹੁੰਦੇ ਸਨ ਹਾਲਾਂਕਿ ਉਨ੍ਹਾਂ ਦੇ ਭਾਰਤ ਨਾਲ ਸਬੰਧ ਚੰਗੇ ਰਹੇ ਹਨ। ਟਰੰਪ ਦੇ ਬਿਆਨ ਦੇ ਹਵਾਲੇ ਨਾਲ ਇਹ ਪੜਤਾਲ ਵੀ ਕੀਤੀ ਜਾ ਰਹੀ ਸੀ ਕਿ ਉਹ ਕਿਹੜੀ ਸਿਆਸੀ ਪਾਰਟੀ ਸੀ, ਜੋ ਕਿ ਅਮਰੀਕੀ ਡਾਲਰ ਪ੍ਰਾਪਤ ਕਰ ਰਹੀ ਸੀ।ਇਸ ਦੀ ਜਾਂਚ ਜ਼ਰੂਰੀ ਹੀ ਨਹੀਂ, ਲਾਜ਼ਮੀ ਹੈ ਕਿ ਭਾਰਤ ਵਿਚ ਅਮਰੀਕੀ ਸਹਾਇਤਾ ਕਿਸ ਨੂੰ ਮਿਲੀ ਅਤੇ ਉਸ ਦਾ ਇਸਤੇਮਾਲ ਕਿੱਥੇ ਅਤੇ ਕਿਵੇਂ ਹੋਇਆ? ਇਸ ਦੀ ਜ਼ਰੂਰਤ ਇਸ ਲਈ ਵਧ ਗਈ ਹੈ ਕਿਉਂਕਿ ਪਹਿਲਾਂ ਐਲਨ ਮਸਕ ਨੇ ਇਸ ‘ਤੇ ਇਤਰਾਜ਼ ਜ਼ਾਹਰ ਕਰਦੇ ਹੋਏ ਉਸ ਨੂੰ ਰੋਕਣ ਦਾ ਐਲਾਨ ਕੀਤਾ, ਫਿਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਸ ਨੂੰ ਭਾਰਤ ਵਿਚ ਸੱਤਾ ਪਰਿਵਰਤਨ ਦੇ ਮਕਸਦ ਨਾਲ ਇਸਤੇਮਾਲ ਕੀਤੇ ਜਾਣ ਦਾ ਸ਼ੱਕ ਜ਼ਾਹਰ ਕੀਤਾ ਅਤੇ ਫਿਰ ਇਹ ਵੀ ਕਹਿ ਦਿੱਤਾ ਕਿ ਉਹ ਇਕ ਤਰ੍ਹਾਂ ਦੀ ਦਲਾਲੀ ਸੀ। ਇਹ ਕਹਿ ਕੇ ਉਨ੍ਹਾਂ ਨੇ ਬਾਇਡਨ ਪ੍ਰਸ਼ਾਸਨ ਅਤੇ ਵਿੱਤੀ ਸਹਾਇਤਾ ਦੇਣ ਵਾਲੀ ਸਰਕਾਰੀ ਏਜੰਸੀ ਯੂ.ਐੱਸ.ਏਡ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ। ਐਲਨ ਮਸਕ ਪਹਿਲਾਂ ਵੀ ਇਸ ਏਜੰਸੀ ਨੂੰ ਅਪਰਾਧਕ ਸੰਗਠਨ ਕਹਿ ਚੁੱਕੇ ਹਨ। ਹਾਲਾਂਕਿ ਟਰੰਪ ਨੇ ਇਹ ਤਾਂ ਕਿਹਾ ਕਿ ਮਤਦਾਨ ਵਧਾਉਣ ਦੇ ਨਾਂ ‘ਤੇ ਦਿੱਤੀ ਗਈ ਅਮਰੀਕੀ ਸਹਾਇਤਾ ਬਾਰੇ ਭਾਰਤ ਨੂੰ ਦੱਸਣਾ ਪਵੇਗਾ। ਇਸ ਨੂੰ ਦੇਖਦੇ ਹੋਏ ਵਿਦੇਸ਼ ਮੰਤਰਾਲੇ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਮਾਮਲੇ ਦੀ ਜਾਂਚ ਇਸ ਤਰ੍ਹਾਂ ਹੋਵੇ ਕਿ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋਵੇ। ਅਜਿਹਾ ਇਸ ਲਈ ਵੀ ਹੋਣਾ ਚਾਹੀਦਾ ਹੈ ਕਿ ਕਿਉਂਕਿ ਯੂ.ਐੱਸ.ਏਡ ਤੋਂ ਮਿਲੀ ਸਹਾਇਤਾ ਨੂੰ ਲੈ ਕੇ ਪਰਸਪਰ ਵਿਰੋਧੀ ਦਾਅਵੇ ਕੀਤੇ ਜਾ ਰਹੇ ਹਨ। ਕੋਈ ਇਹ ਕਹਿ ਰਿਹਾ ਹੈ ਕਿ ਉਕਤ ਵਿੱਤੀ ਸਹਾਇਤਾ ਭਾਰਤ ਨੂੰ ਨਹੀਂ, ਬੰਗਲਾਦੇਸ਼ ਨੂੰ ਦਿੱਤੀ ਗਈ ਅਤੇ ਕੋਈ ਇਹ ਆਖ ਰਿਹਾ ਹੈ ਕਿ ਪੈਸਾ ਕਿਸੇ ਹੋਰ ਅਮਰੀਕੀ ਜਾਂਚ ਏਜੰਸੀ ਜ਼ਰੀਏ ਭਾਰਤ ਵਿਚ ਹੀ ਆਇਆ। ਇਸ ਸਿਲਸਿਲੇ ਵਿਚ ਉਸ ਜਾਰਜ ਸੋਰੋਸ ਦੀ ਸੰਸਥਾ ਦਾ ਨਾਂ ਆ ਰਿਹਾ ਹੈ, ਜੋ ਭਾਰਤ ਸਮੇਤ ਹੋਰ ਦੇਸ਼ਾਂ ਵਿਚ ਦਖ਼ਲਅੰਦਾਜ਼ੀ ਲਈ ਬਦਨਾਮ ਹੈ। ਇਸ ਦੀ ਵੀ ਅਣਦੇਖੀ ਨਾ ਕੀਤੀ ਜਾਵੇ ਕਿ ਸਾਬਕਾ ਮੁੱਖ ਚੋਣ ਕਮਿਸ਼ਨਰ ਐੱਸ.ਵਾਈ. ਕੁਰੈਸ਼ੀ ਨੇ ਇਹ ਮੰਨਿਆ ਹੈ ਕਿ ਯੂ.ਐੱਸ.ਏਡ ਵੱਲੋਂ ਵਿੱਤੀ ਮਦਦ ਲਈ ਇਕ ਅਮਰੀਕੀ ਸੰਸਥਾ ਨਾਲ ਚੋਣ ਕਮਿਸ਼ਨ ਦਾ ਸਮਝੌਤਾ ਹੋਇਆ ਸੀ, ਪਰ ਨਾਲ ਹੀ ਉਨ੍ਹਾਂ ਨੇ ਵਿੱਤੀ ਮਦਦ ਮਿਲਣ ਤੋਂ ਇਨਕਾਰ ਕੀਤਾ। ਅਜਿਹੇ ਵਿਚ ਇਹ ਸਵਾਲ ਹੋਰ ਡੂੰਘਾ ਹੋ ਜਾਂਦਾ ਹੈ ਕਿ ਆਖ਼ਰ ਸੱਚ ਕੀ ਹੈ? ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਵਿਦੇਸ਼ ਮੰਤਰਾਲੇ ਵੱਲੋਂ ਇਸ ਮਾਮਲੇ ਦੀ ਡੂੰਘੀ ਜਾਂਚ ਕੀਤੀ ਜਾਵੇਗੀ। ਇਹ ਜਾਂਚ ਹੋਣ ਦੇ ਨਾਲ ਹੀ ਇਹ ਯਕੀਨੀ ਬਣਾਉਣ ਦੀ ਵੀ ਜ਼ਰੂਰਤ ਹੈ ਕਿ ਦੇਸ਼ ਵਿਚ ਜੋ ਵੀ ਵਿਦੇਸ਼ੀ ਸਹਾਇਤਾ ਆਵੇ, ਉਹ ਭਾਰਤ ਸਰਕਾਰ ਰਾਹੀਂ ਆਵੇ ਅਤੇ ਇਸ ਦੀ ਨਿਗਰਾਨੀ ਹੋਵੇ ਕਿ ਉਹ ਕਿੱਥੇ ਖ਼ਰਚ ਹੋ ਰਹੀ ਹੈ? ਯੂ.ਐੱਸ. ਏਡ ਵਰਗੀਆਂ ਏਜੰਸੀਆਂ ਗ਼ਰੀਬੀ ਹਟਾਉਣ, ਮਹਿਲਾ-ਸਸ਼ਕਤੀਕਰਨ, ਸਿਹਤ ਸਹੂਲਤਾਂ ਵਿਚ ਬਿਹਤਰੀ ਆਦਿ ਲਈ ਸਰਕਾਰੀ ਏਜੰਸੀਆਂ ਨੂੰ ਸਹਾਇਤਾ ਜ਼ਰੂਰ ਦੇਣ, ਪਰ ਇਸ ਦਾ ਕੋਈ ਮਤਲਬ ਨਹੀਂ ਕਿ ਉਹ ਗ਼ੈਰ-ਸਰਕਾਰੀ ਸੰਗਠਨਾਂ ਨੂੰ ਪੈਸਾ ਵੰਡਣ ਕਿਉਂਕਿ ਅਜਿਹੇ ਅਨੇਕ ਸੰਗਠਨ ਹਨ, ਜੋ ਆਪਣੇ ਸ਼ੱਕੀ ਇਰਾਦਿਆਂ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੀਆਂ ਸਰਗਰਮੀਆਂ ਨਾਲ ਦੇਸ਼ ਵਿਚ ਅਸਥਿਰਤਾ ਫੈਲਣ ਦਾ ਖਤਰਾ ਬਣਿਆ ਰਹਿੰਦਾ ਹੈ।




SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

Gaba Tire
All TIRES AVAILABLE (AS, AT & MT)
CAR DETAILING
Starting at
$100
Free Delivery in Surrey
» 185/65/15 All-season
» 195/65/15
» 205/55/16
» 205/60/16
» 235/45/18 4 Tire 499$ Free install + Tax
» 4 Tire 299$ Free install + Tax
» 33/15/20 4 Mud Tire 10 ply
» 35/12.50/20 4 Mud Tire 10 ply
» 999$ Free install+Tax
2 YEARS 50000 KM WARRANTY
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
CHILLIWACK
45877-HOCKING AVE
604-316-3643
BACK SIDE OF CHILLIWACK TAXI :
ABBOTSFORD
31324 - 107
Peardonville Rd
604-897-3235
604-746-4222
www.gabaautodetailing.com

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm


# ਗਦਰੀ ਯੋਧਿਆਂ ਦਾ ਸਿੱਖ ਪਿਛੋਕੜ

ਲੇਖਕ : ਡਾ. ਗੁਰਨਾਮ ਕੌਰ, ਕੈਨੇਡਾ

ਗਦਰੀ ਯੋਧਿਆਂ ਨੇ ਸਮੇਂ ਸਮੇਂ ਜੋ ਬਿਆਨ ਦਿੱਤੇ ਉਹ ਸਪਸ਼ਟ ਰੂਪ ਵਿਚ ਉਨ੍ਹਾਂ ਦੇ ਸਿੱਖੀ ਪਿਛੋਕੜ ਅਤੇ ਉਸ ਦੇ ਪ੍ਰਭਾਵ ਦਾ ਨਿਰੂਪਣ ਕਰਦੇ ਹਨ। ਜਿੱਥੇ ਜਿੱਥੇ ਵੀ ਪੰਜਾਬੀ, ਖਾਸ ਕਰਕੇ ਸਿੱਖ ਗਏ, ਉਨ੍ਹਾਂ ਨੇ ਗੁਰਦੁਆਰੇ ਸਥਾਪਤ ਕੀਤੇ। ਗੁਰਦੁਆਰਿਆਂ ਨੇ ਅੱਗੇ ਚੱਲ ਕੇ ਹਿੰਦੀਆਂ ਨੂੰ ਸੰਗਠਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਜਿਸ ਦਾ ਸਿਹਰਾ ਵੀ ਉਸ ਵੇਲੇ ਦੇ ਸਿੱਖ ਲੀਡਰਾਂ ਅਤੇ ਸਿੱਖ ਭਾਈਚਾਰੇ ਨੂੰ ਜਾਂਦਾ ਹੈ। ਜਗਜੀਤ ਸਿੰਘ ਆਪਣੀ ਪੁਸਤਕ 'ਗਦਰ ਪਾਰਟੀ ਲਹਿਰ' ਵਿਚ ਇਸ ਤੱਥ 'ਤੇ ਚਾਨਣਾ ਪਾਉਂਦਿਆਂ ਲਿਖਦੇ ਹਨ, "ਸ਼ੁਰੂ ਸ਼ੁਰੂ ਵਿਚ ਅਮਰੀਕਾ ਗਏ ਹਿੰਦੀ ਕਾਮਿਆਂ ਨਾਲੋਂ ਕੈਨੇਡਾ ਦੇ ਹਿੰਦੀ ਕਾਮਿਆਂ ਨੇ ਭਾਈਚਾਰਕ ਜਥੇਬੰਦੀ ਦੇ ਲਿਹਾਜ ਨਾਲ ਵਧੇਰੇ ਤਰੱਕੀ ਕੀਤੀ। ਇਸ ਦਾ ਸਿਹਰਾ ਪ੍ਰੋ. ਤੇਜਾ ਸਿੰਘ ਐਮ.ਏ. ਐਲ਼ਐਲ਼ਬੀ. (ਜੋ ਖਾਲਸਾ ਕਾਲਜ, ਅੰਮ੍ਰਿਤਸਰ ਪ੍ਰੋਫੈਸਰ ਰਹਿ ਚੁੱਕੇ ਸਨ ਅਤੇ ਅੱਜ ਕਲ੍ਹ ਮਸਤੂਆਣੇ ਵਾਲੇ ਸੰਤ ਤੇਜਾ ਸਿੰਘ ਕਰਕੇ ਮਸ਼ਹੂਰ ਹਨ) ਦੇ ਸਿਰ ਹੈ। ਅਮਰੀਕਾ-ਕੈਨੇਡਾ ਗਏ ਹਿੰਦੀ ਕਾਮਿਆਂ ਦੀ ਬਹੁ-ਗਿਣਤੀ ਕਿਉਂਕਿ ਸਿੱਖਾਂ ਦੀ ਸੀ ਅਤੇ ਉਹ ਦੇਸ਼ੋਂ ਜਾਣ ਸਮੇਂ ਸਿੰਘ ਸਭਾ ਲਹਿਰ ਦਾ ਅਸਰ ਲੈ ਕੇ ਗਏ ਸਨ, ਇਸ ਵਾਸਤੇ ਉਨ੍ਹਾਂ ਦੀਆਂ ਸੁਸਾਇਟੀਆਂ ਨੇ ਵੀ ਸ਼ੁਰੂ ਵਿਚ ਉਸ ਵੇਲੇ ਦੀਆਂ ਦੇਸ਼ ਵਿਚਲੀਆਂ ਸਿੱਖ ਸੁਸਾਇਟੀਆਂ ਵਰਗੀ ਸ਼ਕਲ ਫੜੀ। ਸੰਨ 1907 ਵਿਚ ਵੈਨਕੂਵਰ (ਕੈਨੇਡਾ) ਵਿਚ ਖਾਲਸਾ ਦੀਵਾਨ ਸੁਸਾਇਟੀ ਕਾਇਮ ਕੀਤੀ ਗਈ, ਜਿਸ ਦੇ ਮਨੋਰਥ ਧਾਰਮਕ, ਵਿਦਿਅਕ ਅਤੇ ਭਾਈਚਾਰਕ ਸਨ। ਇਸ ਸੁਸਾਇਟੀ ਨੇ 25000 ਡਾਲਰ ਦੀ ਲਾਗਤ ਨਾਲ ਵੈਨਕੂਵਰ ਵਿਚ ਗੁਰਦੁਆਰਾ ਬਣਵਾਇਆ। ਇਸੇ ਤਰ੍ਹਾਂ ਪ੍ਰੋ. ਤੇਜਾ ਸਿੰਘ ਨੇ ਵਿਕਟੋਰੀਆ (ਕੈਨੇਡਾ) ਵਿਚ ਗੁਰਦੁਆਰਾ ਕਾਇਮ ਕਰਨ ਦਾ ਉਦਮ ਕੀਤਾ। ਤਕਰੀਬਨ ਇਸੇ ਸਮੇਂ ਸ੍ਰੀ ਜਵਾਲਾ ਸਿੰਘ (ਠੱਟੀਆਂ) ਅਤੇ ਸੰਤ ਵਸਾਖਾ ਸਿੰਘ (ਦਦੇਹਰ) ਦੇ ਉਦਮ ਨਾਲ ਅਮਰੀਕਾ ਵਿਚ 'ਪੈਸੇਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ' ਕਾਇਮ ਕੀਤੀ ਗਈ, ਅਤੇ ਸਟਾਕਟਨ (ਕੈਲੀਫੋਰਨੀਆ, ਅਮਰੀਕਾ) ਵਿਚ ਗੁਰਦੁਆਰਾ ਬਣਾਇਆ ਗਿਆ। ਉਪਰੋਕਤ ਦੋਵੇਂ ਸੁਸਾਇਟੀਆਂ ਦੇ ਮਨੋਰਥ ਮਿਲਦੇ-ਜੁਲਦੇ ਸਨ, ਪਰ ਇਹ ਇਕ-ਦੂਜੇ ਤੋਂ ਆਜ਼ਾਦ ਸਨ। ਇਹ ਗੁਰਦੁਆਰੇ ਸਿੱਖਾਂ ਦੇ ਧਾਰਮਕ ਕੇਂਦਰ ਹੋਣ ਤੋਂ ਇਲਾਵਾ, ਅਮਰੀਕਾ ਗਏ ਸਾਰੇ ਹਿੰਦੀ ਕਾਮਿਆਂ ਦੀ ਪਹਿਲੋਂ ਭਾਈਚਾਰਕ ਅਤੇ ਪਿੱਛੋਂ ਰਾਜਸੀ ਜਾਗ੍ਰਿਤੀ ਦਾ ਕੇਂਦਰ ਬਣੇ, ਕਿਉਂਕਿ ਕੈਨੇਡਾ-ਅਮਰੀਕਾ ਨਿਵਾਸੀ ਹਿੰਦੀਆਂ ਦੀ ਸੋਚ ਤੰਗ ਨਹੀਂ ਸੀ ਰਹੀ ਅਤੇ ਇਨ੍ਹਾਂ ਗੁਰਦੁਆਰਿਆਂ ਵਿਚ ਈਸਾਈ ਮਿਸ਼ਨਰੀ ਵੀ ਆ ਕੇ ਲੈਕਚਰ ਕਰਦੇ। ਇਨ੍ਹਾਂ ਗੁਰਦੁਆਰਿਆਂ ਤੋਂ ਲਾਂਭੇ ਸ੍ਰੀ ਹਰਨਾਮ ਸਿੰਘ 'ਕਾਹਰੀ ਸਾਹਰੀ', ਸੰਨ 1910 ਤੋਂ ਵਿਦਿਆਰਥੀਆਂ ਲਈ ਸਿਆਟਲ (ਅਮਰੀਕਾ) ਵਿਚ ਅਤੇ ਵੈਨਕੂਵਰ ਵਿਚ ਬੋਰਡਿੰਗ ਹਾਊਸ ਅਤੇ ਰਾਤਰੀ ਸਕੂਲ ਚਲਾਉਂਦੇ ਰਹੇ।" (ਪੰਨਾ 65-66)।

ਹੁਣ ਅਸੀਂ ਅਮਰੀਕਾ-ਕੈਨੇਡਾ ਦੀ ਧਰਤੀ ਉਤੇ ਸਰਗਰਮ ਰਹੇ ਕੁਝ ਗਦਰੀਆਂ ਬਾਰੇ ਗੱਲ ਕਰਾਂਗੇ।

ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ: ਭਾਈ ਮੇਵਾ ਸਿੰਘ ਜ਼ਿਲਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਪਿੰਡ ਲੋਪੋਕੇ ਵਿਚ 1880 ਵਿਚ ਪੈਦਾ ਹੋਏ ਸਨ। ਸੰਨ 1906 ਵਿਚ ਉਹ ਕਮਾਈ ਕਰਨ ਦੇ ਇਰਾਦੇ ਨਾਲ ਕੈਨੇਡਾ ਦੇ ਸ਼ਹਿਰ ਵੈਨਕੂਵਰ ਚਲੇ ਗਏ। ਸੋਹਣ ਸਿੰਘ ਪੂਨੀ ਨੇ 'ਕਨੇਡਾ ਦੇ ਗ਼ਦਰੀ ਯੋਧੇ' ਪੁਸਤਕ ਵਿਚ ਭਾਈ ਮੇਵਾ ਸਿੰਘ ਵੱਲੋਂ ਕੀਤੇ ਕਾਰਜਾਂ ਬਾਰੇ ਜੋ ਵੇਰਵੇ ਦਿੱਤੇ ਹਨ ਅਤੇ ਭਾਈ ਮੇਵਾ ਸਿੰਘ ਦੇ ਕਚਹਿਰੀ ਵਿਚ ਦਿੱਤੇ ਬਿਆਨਾਂ ਤੋਂ ਉਨ੍ਹਾਂ ਦੇ ਸਿੱਖ ਵਿਰਸੇ ਦੇ ਉਤਰਾਧਿਕਾਰੀ ਹੋਣ ਦਾ ਸਾਫ ਪਤਾ ਲਗਦਾ ਹੈ, "ਵੈਨਕੂਵਰ ਰਹਿੰਦਿਆਂ ਮੇਵਾ ਸਿੰਘ ਦੀ ਹਿੰਦੁਸਤਾਨੀ ਕਮਿਊਨਿਟੀ ਦੇ ਦੇਸ਼ ਭਗਤ ਧੜੇ ਨਾਲ ਏਕਤਾ ਹੋ ਗਈ। ਵੈਨਕੂਵਰ ਦਾ ਪਹਿਲਾ ਗੁਰਦੁਆਰਾ ਬਣਾਉਣ ਲਈ ਆਪ ਨੇ ਹਿੰਦੁਸਤਾਨੀਆਂ ਦੇ ਡੇਰਿਆਂ 'ਤੇ ਜਾ ਕੇ ਫੰਡ ਇਕੱਠਾ ਕੀਤਾ। ਭਾਈ ਮੇਵਾ ਸਿੰਘ ਨੇ 21 ਜੂਨ, 1908 ਨੂੰ ਵੈਨਕੂਵਰ ਦੇ ਗੁਰਦੁਆਰੇ 'ਚ ਅੰਮ੍ਰਿਤ ਛਕਿਆ। ਆਪ ਧਾਰਮਿਕ ਰੁਚੀਆਂ ਤੇ ਸਾਧੂ ਸੁਭਾ ਵਾਲੇ ਇਨਸਾਨ ਸਨ। ਭਾਈ ਮੇਵਾ ਸਿੰਘ ਵਿਆਹੇ ਨਹੀਂ ਸੀ ਹੋਏ। ਕੰਮ ਤੋਂ ਬਾਅਦ ਇਹ ਆਪਣਾ ਬਹੁਤਾ ਸਮਾਂ ਭਜਨ ਬੰਦਗੀ ਤੇ ਗੁਰਦੁਆਰੇ ਆਏ ਗਏ ਦੀ ਸੇਵਾ ਕਰਨ ਵਿਚ ਗੁਜ਼ਾਰਦੇ।" (ਪੰਨਾ 71)

ਵੈਨਕੂਵਰ ਇਮੀਗਰੇਸ਼ਨ ਡੀਪਾਰਟਮੈਂਟ ਦਾ ਹੈਡ ਮੈਲਕਮ ਰੀਡ ਅਤੇ ਵੈਨਕੂਵਰ ਵਿਚ ਹਿੰਦ ਸਰਕਾਰ ਦਾ ਜਾਸੂਸ ਵਿਲੀਅਮ ਹਾਪਕਿਨਸ ਕੈਨੇਡਾ ਅਤੇ ਅਮਰੀਕਾ ਵਿਚ ਸਰਗਰਮ ਹਿੰਦੁਸਤਾਨੀ ਦੇਸ਼-ਭਗਤਾਂ ਦੇ ਖਿਲਾਫ ਕੰਮ ਕਰ ਰਹੇ ਸਨ। ਹਾਪਕਿਨਸਨ ਦੀ



ਸ਼ਹਿ 'ਤੇ ਬੇਲਾ ਸਿੰਘ ਜਿਆਣ ਨੇ 5 ਸਤੰਬਰ, 1914 ਨੂੰ ਕੈਨੇਡਾ ਦੀ ਗ਼ਦਰ ਪਾਰਟੀ ਦੇ ਮੁੱਖ ਲੀਡਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਉਨ੍ਹਾਂ ਦੇ ਸਾਥੀ ਬਦਨ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਹਾਪਕਿਨਸਨ ਭਾਈ ਭਾਗ ਸਿੰਘ ਦੇ ਕਾਤਲ ਬੇਲਾ ਸਿੰਘ ਜਿਆਣ ਦੇ ਹੱਕ ਵਿਚ ਵੈਨਕੂਵਰ ਵਿਚ ਬੀ.ਸੀ. ਦੀ ਪ੍ਰੋਵਿੰਸ਼ੀਅਲ ਕੋਰਟ ਵਿਚ ਗਵਾਹੀ ਦੇਣ ਜਾ ਰਿਹਾ ਸੀ। 21 ਅਕਤੂਬਰ, 1914 ਨੂੰ ਹਾਪਕਿਨਸਨ ਕੋਰਟ ਰੂਮ ਦੇ ਬਾਹਰ ਸਵੇਰ ਦੇ 10 ਵਜ ਕੇ 12 ਮਿੰਟ 'ਤੇ ਕੰਧ ਨਾਲ ਢੋ ਲਾ ਕੇ ਵਰਾਂਡੇ ਵਿਚ ਖੜ੍ਹਾ ਸੀ ਜਦੋਂ ਭਾਈ ਮੇਵਾ ਸਿੰਘ ਨੇ ਗੋਲੀਆਂ ਮਾਰ ਕੇ ਉਸ ਨੂੰ ਖ਼ਤਮ ਕਰ ਦਿੱਤਾ। ਭਾਈ ਮੇਵਾ ਸਿੰਘ 'ਤੇ ਮੁਕੱਦਮਾ ਚੱਲਿਆ। ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਕਟਹਿਰੇ ਵਿਚ ਖੜ ਕੇ ਸਹੁੰ ਚੁੱਕੀ ਅਤੇ ਡੀਫੈਂਸ ਦੇ ਵਕੀਲ ਮਿਸਟਰ ਵੁੱਡ ਵੱਲੋਂ ਪੁੱਛੇ ਸੁਆਲਾਂ ਦੇ ਉਤਰ ਦਿੱਤੇ। ਮਿਸਟਰ ਵੁੱਡ ਨੇ ਮੁਕੱਦਮੇ ਦੀ ਸੁਣਵਾਈ ਦੌਰਾਨ ਭਾਈ ਮੇਵਾ ਸਿੰਘ ਦੀ ਸਟੇਟਮੈਂਟ ਪੜ੍ਹ ਕੇ ਸੁਣਾਈ, ਉਹ ਇਸ ਤਰ੍ਹਾਂ ਸੀ, "ਮੇਰਾ ਨਾਂ ਮੇਵਾ ਸਿੰਘ ਹੈ। ਮੈਂ ਰੱਬ ਤੋਂ ਡਰਨ ਵਾਲਾ ਐਸਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹੈ। ਮੇਰੀ ਜ਼ਬਾਨ ਵਿਚ ਐਸੇ ਸ਼ਬਦ ਨਹੀਂ ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿਚ ਮੈਨੂੰ ਕਿਹੜੇ ਕਿਹੜੇ ਦੁੱਖ, ਮੁਸੀਬਤਾਂ ਅਤੇ ਪਰੇਸ਼ਾਨੀਆਂ ਝੱਲਣੀਆਂ ਪਈਆਂ ਹਨ।...ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ, ਪਰ ਇਨ੍ਹਾਂ ਪਾਪੀਆਂ ਨੇ ਗੁਰਦੁਆਰੇ 'ਚ ਗੋਲੀ ਚਲਾ ਕੇ ਅਤੇ ਭਾਈ ਭਾਗ ਸਿੰਘ ਹੁਰਾਂ ਦਾ ਕਤਲ ਕਰ ਕੇ ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵੱਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।...ਇਸ ਸਭ ਕਾਸੇ ਲਈ ਮਿਸਟਰ ਰੀਡ ਅਤੇ ਹਾਪਕਿਨਸਨ ਜ਼ਿੰਮੇਵਾਰ ਹਨ। ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁੱਝ ਬਰਦਾਸ਼ਤ ਨਹੀਂ ਸੀ ਕਰ ਸਕਦਾ।" ਅਤੇ "ਜੇ ਇਹ ਸਭ ਕੁੱਝ ਤੁਹਾਡੇ ਚਰਚ ਵਿਚ ਹੋਇਆ ਹੁੰਦਾ ਤਾਂ ਤੁਸੀਂ ਈਸਾਈਆਂ ਨੇ ਵੀ ਇਸ ਨੂੰ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ।"

(ਸੋਹਣ ਸਿੰਘ ਪੂਨੀ, ਕੈਨੇਡਾ ਦੇ ਗਦਰੀ ਯੋਧੇ, ਪੰਨਾ 78) ਇਨ੍ਹਾਂ ਸੰਖੇਪ ਵੇਰਵਿਆਂ ਤੋਂ ਸਪਸ਼ਟ ਹੈ ਕਿ ਭਾਈ ਮੇਵਾ ਸਿੰਘ ਇੱਕ ਅੰਮ੍ਰਿਤਧਾਰੀ ਸਿੰਘ ਸਨ, ਜਿਨ੍ਹਾਂ ਨੇ ਸਿੱਖੀ ਸਿਧਾਂਤਾਂ 'ਤੇ ਚੱਲਦਿਆਂ ਜ਼ੁਲਮ ਨਾਲ ਟੱਕਰ ਲਈ। ਸ਼ਹੀਦ ਕਰਤਾਰ ਸਿੰਘ ਸਰਾਭਾ: ਜਦੋਂ ਵੀ ਗਦਰ ਲਹਿਰ ਬਾਰੇ ਗੱਲ ਚਲਦੀ ਹੈ ਤਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਨਾਂ ਮੁਹਰਲੀਆਂ ਸਫਾਂ ਵਿਚ ਆਉਂਦਾ ਹੈ, ਜਿਸ ਨੇ ਬਹੁਤ ਹੀ ਛੋਟੀ ਉਮਰ ਵਿਚ ਆਪਣਾ ਜੀਵਨ ਗਦਰ ਲਹਿਰ ਨੂੰ ਅਰਪਣ ਕਰ ਦਿੱਤਾ।

ਬ੍ਰਿਟਿਸ਼ ਰਾਜ ਤੋਂ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਨੂੰ ਉਸ ਨੇ ਆਪਣੇ ਜੀਵਨ ਦਾ ਇੱਕੋ-ਇੱਕ ਉਦੇਸ਼ ਬਣਾ ਲਿਆ ਜਦ ਕਿ ਅਮਰੀਕਾ ਵਿਚ ਉਹ ਪੜ੍ਹਨ ਵਾਸਤੇ ਗਿਆ ਸੀ। ਜਗਜੀਤ ਸਿੰਘ ਅਨੁਸਾਰ, "ਸ੍ਰੀ ਕਰਤਾਰ ਸਿੰਘ ਸਰਾਭਾ ਦੇ ਡੂੰਘੇ ਮਨ ਵਿਚੋਂ ਸਵੇਰੇ ਜਾਗਦੇ ਸਾਰ ਸਭ ਤੋਂ ਪਹਿਲੇ ਆਪ ਮੁਹਾਰੇ ਸ਼ਬਦ ਨਿਕਲਦੇ ਕਿ ਮਾਰੋ ਫਰੰਗੀ।"(ਪੰਨਾ 93) ਕਰਤਾਰ ਸਿੰਘ ਸਰਾਭਾ ਦੇ ਆਖਰੀ ਸਮੇਂ ਦੇ ਬਿਆਨ ਉਸ ਦੀ ਸਿੱਖੀ ਵਾਲੀ ਚੜ੍ਹਦੀ ਕਲਾ ਦੇ ਪ੍ਰਤੀਕ ਹਨ। ਬੰਗਾਲੀ ਇਨਕਲਾਬੀ ਸ੍ਰੀ ਸਾਨਯਾਲ ਦਾ ਬਿਆਨ ਵੀ ਇਸ ਤੱਥ 'ਤੇ ਰੋਸ਼ਨੀ ਪਾਉਂਦਾ ਹੈ ਕਿ ਪੰਜਾਬ ਦੇ ਗਦਰੀਆਂ ਦੀ ਬਤੌਰ ਸਿੱਖ ਪਛਾਣ ਬਣੀ ਹੋਈ ਸੀ ਜਿਵੇਂ ਕਿ ਲਿਖਿਆ ਹੈ, "ਪੰਜਾਬ ਦਲ ਦਾ ਇਕ ਮਨੁੱਖ ਉਥੋਂ ਦੇ ਬਲਵੇ ਦੀ ਖ਼ਬਰ ਲੈ ਕੇ ਅਸਾਡੇ ਪਾਸ ਆਇਆ। ਜਦ ਉਸ ਦੇ ਮੂੰਹੋਂ ਸੁਣਿਆ ਕਿ ਬਲਵੇ ਵਾਸਤੇ ਦੋ-ਤਿੰਨ ਹਜ਼ਾਰ ਸਿੱਖ ਕਮਰ-ਕੱਸੇ ਕਰੀ ਤਿਆਰ ਬੈਠੇ ਹਨ ਤਾਂ ਸਾਡਾ ਆਤਮਾ ਅਨੰਦ ਵਿਚ ਆ ਕੇ ਥਿਰਕਣ ਲੱਗ ਪਿਆ।...ਪਹਿਲਾਂ ਹੀ ਪੱਕੀ ਹੋ ਗਈ ਸੀ ਕਿ ਜਲੰਧਰ ਸ਼ਹਿਰ ਵਿਚ ਜਾ ਕੇ ਸਿੱਖ ਮੁਖੀਆਂ ਨਾਲ ਮੁਲਾਕਾਤ ਕਰਾਂਗਾ। ਉਸ ਸਮੇਂ ਨਵੰਬਰ ਦਾ ਮਹੀਨਾ ਮੁੱਕਣ ਵਾਲਾ ਸੀ। ਲੁਧਿਆਣੇ ਪਹੁੰਚਦਿਆਂ ਹੀ ਵੇਖਿਆ ਕਿ ਮੇਰੇ ਮਿੱਤਰ ਦਾ ਸਿਆਣੂ ਇੱਕ ਸਿੱਖ ਮੁੰਡਾ ਅਸਾਂ ਦੀ ਉਡੀਕ ਕਰ ਰਿਹਾ ਸੀ। ਮਿੱਤਰ ਨੇ ਮੇਰੀ ਜਾਣ-ਪਛਾਣ ਕਰਾਈ। ਇਹੋ ਕਰਤਾਰ ਸਿੰਘ ਸੀ।" (ਪੰਨਾ 245)

ਪਹਿਲੇ ਕੇਸ ਵਿਚ ਕਰਤਾਰ ਸਿੰਘ ਸਰਾਭਾ ਬਾਰੇ ਜੋ ਲਿਖਿਆ ਮਿਲਦਾ ਹੈ, ਉਸ ਤੋਂ ਉਸ ਦੀ ਬਹਾਦਰੀ ਅਤੇ ਨਿਰਭੈਤਾ ਸਪਸ਼ਟ ਝਲਕਦੀ ਹੈ, "ਬਿਨਾਂ ਸ਼ੱਕ ਉਸ ਦੀ ਉਮਰ ਛੋਟੀ ਹੈ ਪਰ ਨਿਰਸੰਦੇਹ ਸਭ ਤੋਂ ਵੱਧ ਖਰਾਬ ਸਾਜ਼ਿਸ਼ੀਆਂ ਵਿਚੋਂ ਇਕ ਹੈ। ਉਹ ਬਿਲਕੁਲ ਨਿਰਦਈ ਬਦਮਾਸ਼ ਹੈ, ਜਿਸ ਨੂੰ ਆਪਣੀਆਂ ਕਾਰਵਾਈਆਂ ਉਤੇ ਮਾਣ ਹੈ ਅਤੇ ਜਿਸ ਨੂੰ ਨਾ ਰਹਿਮ ਵਿਖਾਇਆ ਜਾ ਸਕਦਾ ਹੈ ਅਤੇ ਨਾ ਵਿਖਾਇਆ ਜਾਣਾ ਚਾਹੀਦਾ ਹੈ।" (ਗਦਰ ਪਾਰਟੀ ਲਹਿਰ, ਪੰਨਾ 412)

ਕਰਤਾਰ ਸਿੰਘ ਸਰਾਭਾ ਬਾਰੇ ਸ੍ਰੀ ਸਨਿਆਲ ਦੀ ਲਿਖਤ ਦਾ ਜ਼ਿਕਰ ਕਰਦਿਆਂ ਦੱਸਿਆ ਹੈ, "ਜ਼ੰਜ਼ੀਰਾਂ ਵਿਚ ਜਕੜੇ ਹੋਏ ਕਰਤਾਰ ਸਿੰਘ ਦੇ ਮੁਖੜੇ ਪੁਰ ਬੀਰਤਾ ਦੀ ਅਜਿਹੀ ਸ਼ੋਭਾ ਝਲਕਦੀ ਸੀ ਕਿ ਉਸ ਸੂਰਤ ਨੂੰ ਵੇਖ-ਵੇਖ ਸੱਜਣ ਦੁਸ਼ਮਣ ਸਭ ਇਕਦਮ ਮੁਗਧ ਹੋ ਜਾਂਦੇ।" (ਗਦਰ ਪਾਰਟੀ ਲਹਿਰ, ਪੰਨਾ 413)

ਜਗਜੀਤ ਸਿੰਘ ਅਨੁਸਾਰ ਭਾਈ ਪਰਮਾਨੰਦ, ਜਿਸ ਨੇ ਗਦਰੀਆਂ ਦੀਆਂ ਕੋਸ਼ਿਸ਼ਾਂ ਨੂੰ ਬੱਚਿਆਂ ਦੇ ਖੇਲ ਨਾਲ ਤੁਲਨਾ ਦਿੱਤੀ ਅਤੇ ਇਸ ਦੀ ਬਹੁਤੀ ਜ਼ਿੰਮੇਵਾਰੀ ਸ੍ਰੀ ਕਰਤਾਰ ਸਿੰਘ ਉਤੇ ਸੁੱਟੀ ਵੀ, ਨੇ ਵੀ ਕਰਤਾਰ ਸਿੰਘ ਸਰਾਭਾ ਬਾਰੇ ਲਿਖਿਆ ਹੈ, "ਪਰ ਉਸ ਦੀ ਉਚੀ ਸਪਿਰਟ ਉਸ ਦੀ ਨਿਡਰਤਾ ਅਤੇ ਮੌਤ ਤੋਂ ਬੇਪਰਵਾਹੀ, ਐਸੀਆਂ ਖੂਬੀਆਂ ਹਨ, ਜੋ ਉਸ ਉਮਰ ਦੇ ਛੋਕਰੇ ਵਿਚ ਦੁਰਲੱਭ ਹਨ। ਉਹ ਵੱਡੇ ਅਫਸਰਾਂ ਕੋਲੋਂ ਮਾਸਾ ਵੀ ਨਹੀਂ ਡਰਦਾ।" (ਪੰਨਾ 413) ਮੌਤ ਦਾ ਹੁਕਮ ਸੁਣਾਏ ਜਾਣ 'ਤੇ ਕਰਤਾਰ ਸਿੰਘ ਸਰਾਭਾ ਨੇ ਕਿਹਾ, "ਧੰਨਵਾਦ।" ਭਾਈ ਪਰਮਾਨੰਦ ਨੇ ਫਾਂਸੀ ਦੀਆਂ ਕੋਠੜੀਆਂ ਵਿਚ ਬੰਦ ਹੋਣ ਵੇਲੇ ਦਾ ਨਕਸ਼ਾ ਖਿੱਚਦਿਆਂ ਲਿਖਿਆ ਹੈ, "ਕਰਤਾਰ ਸਿੰਘ ਖਾਸ ਤੌਰ ਉਤੇ ਖੁਸ਼ੀ ਦੇ ਰੰਗ ਵਿਚ ਸੀ ਅਤੇ ਆਪਣੀ ਸਪਿਰਟ ਦੂਸਰਿਆਂ ਵਿਚ ਭਰਦਾ। ਉਹ ਕਹਿੰਦਾ 'ਸਾਨੂੰ ਜਲਦੀ ਫਾਂਸੀ ਲੱਗੇ, ਤਾਂ ਕਿ ਅਸੀਂ ਜਲਦੀ ਮੁੜ ਜਨਮ ਲੈ ਕੇ ਆਪਣਾ ਕੰਮ ਉਥੋਂ ਸ਼ੁਰੂ ਕਰੀਏ ਜਿੱਥੇ ਅਸੀਂ ਛੱਡ ਚੱਲੇ ਹਾਂ।" (ਗਦਰ ਪਾਰਟੀ ਲਹਿਰ, ਪੰਨਾ 414) ਕਰਤਾਰ ਸਿੰਘ ਸਰਾਭਾ ਦਾ ਜੋਸ਼ ਸਿੱਖੀ ਸਪਿਰਟ ਦੀ ਪ੍ਰਤੱਖ ਮਿਸਾਲ ਹੈ।

ਸ਼ਹੀਦ ਬੱਬਰ ਕਰਮ ਸਿੰਘ ਦੌਲਤਪੁਰ: ਸੋਹਣ ਸਿੰਘ ਪੂਨੀ ਨੇ ਆਪਣੀ ਪੁਸਤਕ 'ਕੈਨੇਡਾ ਦੇ ਗਦਰੀ ਯੋਧੇ' ਵਿਚ ਜਿਨ੍ਹਾਂ ਮਹਾਨ ਸ਼ਹੀਦਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਵਿਚ ਸ਼ਹੀਦ ਬੱਬਰ ਕਰਮ ਸਿੰਘ ਦੌਲਤਪੁਰ ਦਾ ਨਾਮ ਵੀ ਜ਼ਿਕਰਯੋਗ ਹੈ ਜਿਨ੍ਹਾਂ ਦਾ ਜੀਵਨ ਸਿੱਖੀ ਸਪਿਰਟ ਦੀ ਉਘੀ ਮਿਸਾਲ ਪੇਸ਼ ਕਰਦਾ ਹੈ। ਇਸ ਪੁਸਤਕ ਦੇ ਲੇਖਕ ਅਨੁਸਾਰ ਭਾਈ ਕਰਮ ਸਿੰਘ ਦਾ ਜਨਮ 1880 ਈਸਵੀ ਨੂੰ ਜ਼ਿਲਾ ਨਵਾਂਸ਼ਹਿਰ ਦੇ ਪਿੰਡ ਦੌਲਤਪੁਰ ਵਿਚ ਹੋਇਆ। ਮੁਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਫਿਰ ਫੌਜ ਵਿਚ ਭਰਤੀ ਹੋ ਗਏ। ਅੱਠ ਸਾਲ ਫੌਜ ਦੀ ਨੌਕਰੀ ਕਰਨ ਤੋਂ ਬਾਅਦ ਸੰਨ 1907 ਵਿਚ ਕੈਨੇਡਾ ਆ ਗਏ ਅਤੇ ਆਪਣੇ ਭਰਾ ਹਰੀ ਸਿੰਘ ਨਾਲ ਵੈਨਕੂਵਰ ਨੇੜੇ ਐਬਸਫੋਰਡ ਵਿਚ ਰਹਿਣ ਲੱਗੇ। ਸੰਤ ਤੇਜਾ ਸਿੰਘ ਦੀ ਅਗਵਾਈ ਥੱਲੇ ਬਣੀ 'ਗੁਰੂ ਨਾਨਕ ਮਾਈਨਿੰਗ ਐਂਡ ਟਰਸਟ ਕੰਪਨੀ' ਦੇ ਭਾਈ ਸਾਹਿਬ ਹਿੱਸੇਦਾਰ ਸਨ। ਕੈਨੇਡਾ ਵਿਚ ਸਿਆਸੀ ਪ੍ਰਚਾਰ ਕਾਰਨ ਭਾਈ ਕਰਮ ਸਿੰਘ ਵਿਚ ਵੀ ਦੇਸ਼ ਨੂੰ ਹਥਿਆਰਬੰਦ ਘੋਲ ਰਾਹੀਂ ਆਜ਼ਾਦ ਕਰਾਉਣ ਦੀ ਚੇਤਨਾ ਜਾਗੀ। ਅਪ੍ਰੈਲ 1913 ਵਿਚ ਜਦੋਂ ਗਦਰ ਪਾਰਟੀ ਬਣੀ ਤਾਂ ਭਾਈ ਕਰਮ ਸਿੰਘ ਵੀ ਇਸ ਦੇ ਮੈਂਬਰ ਬਣ ਗਏ। ਗਦਰ ਪਾਰਟੀ ਦੇ ਸੱਦੇ 'ਤੇ 1914 ਵਿਚ ਹਿੰਦੁਸਤਾਨ ਚਲੇ ਗਏ ਅਤੇ ਉਥੇ ਪਹੁੰਚਣ 'ਤੇ ਗ੍ਰਿਫਤਾਰ ਕਰ ਲਿਆ ਗਿਆ, ਉਪਰੰਤ ਪਿੰਡ ਲਿਜਾ ਕੇ ਜੂਹਬੰਦ ਕਰ ਦਿੱਤੇ ਗਏ। ਜੂਹਬੰਦੀ ਦੀ ਇਹ ਪਾਬੰਦੀ ਸੰਨ 1918 ਤੱਕ ਲੱਗੀ ਰਹੀ। ਜੂਹਬੰਦੀ ਖਤਮ ਹੁੰਦੇ ਸਾਰ ਭਾਈ ਕਰਮ ਸਿੰਘ ਸਿਆਸੀ ਤੌਰ 'ਤੇ ਫਿਰ ਸਰਗਰਮ ਹੋ ਗਏ। ਮਹੰਤ ਨਰੈਣਦਾਸ ਨੇ 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿਖੇ ਸੌ ਤੋਂ ਵੱਧ ਸਿੱਖ ਸ਼ਹੀਦ ਕਰ ਦਿੱਤੇ, ਜਿਸ ਕਾਰਨ ਸਿੱਖਾਂ ਵਿਚ ਗੁੱਸਾ ਭੜਕ ਉਠਿਆ।

ਭਾਈ ਕਰਮ ਸਿੰਘ ਨੇ ਕੈਨੇਡਾ ਤੋਂ ਪਰਤੇ ਆਪਣੇ ਮਿੱਤਰ ਆਸਾ ਸਿੰਘ ਭੁੜਕਦੀ ਨਾਲ ਨਨਕਾਣਾ ਸਾਹਿਬ ਜਾ ਕੇ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਪਿੱਛੋਂ ਆਪ ਦਾ ਨਾਮ ਨਰਾਇਣ ਸਿੰਘ ਤੋਂ ਬਦਲ ਕੇ ਕਰਮ ਸਿੰਘ ਰੱਖਿਆ ਗਿਆ। ਨਨਕਾਣਾ ਸਾਹਿਬ ਤੋਂ ਆ ਕੇ ਆਪ ਅਕਾਲੀਆਂ ਵੱਲੋਂ ਚਲਾਈ ਗੁਰਦੁਆਰਾ ਸੁਧਾਰ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲੈਣ ਲੱਗੇ। ਕੁਰੱਪਟ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਸ਼ਾਂਤਮਈ ਅੰਦੋਲਨ ਕਰ ਰਹੇ ਅਕਾਲੀਆਂ ਉਤੇ ਪੁਲਿਸ ਬੇਤਹਾਸ਼ਾ ਤਸ਼ੱਦਦ ਕਰਦੀ, ਜਿਸ ਨੂੰ ਉਹ ਚੁਪਚਾਪ ਸਹਿਣ ਕਰਦੇ। ਕਿਸ਼ਨ ਸਿੰਘ ਗੜਗੱਜ ਅਤੇ ਮੋਤਾ ਸਿੰਘ ਪਤਾਰਾ ਵਰਗੇ ਜੋਸ਼ੀਲੇ ਸਿੱਖਾਂ ਨੇ 1921 ਵਿਚ ਹੁਸ਼ਿਆਰਪੁਰ 'ਚ ਮੀਟਿੰਗ ਕਰਕੇ ਹਥਿਆਰਬੰਦ ਬਗਾਵਤ ਕਰਨ ਲਈ 'ਚੱਕਰਵਰਤੀ' ਜਥਾ ਬਣਾ ਲਿਆ। ਭਾਈ ਕਰਮ ਸਿੰਘ ਨੇ ਆਪਣੇ ਕੈਨੇਡਾ ਤੋਂ ਪਰਤੇ ਸਾਥੀਆਂ ਨਾਲ ਰਲ ਕੇ ਵੱਖਰਾ ਜਥਾ ਬਣਾ ਲਿਆ ਅਤੇ 'ਬੱਬਰ ਅਕਾਲੀ' ਨਾਂ ਦਾ ਪਰਚਾ ਕੱਢਿਆ। ਇਸ ਤੋਂ ਪ੍ਰਭਾਵਤ ਹੋ ਕੇ ਕਿਸ਼ਨ ਸਿੰਘ ਗੜਗੱਜ ਨੇ ਆਪਣੇ ਜਥੇ ਨੂੰ ਵੀ ਭਾਈ ਕਰਮ ਸਿੰਘ ਦੇ ਜਥੇ ਨਾਲ ਮਿਲਾ ਲਿਆ ਅਤੇ ਜਥੇ ਦਾ ਨਾਂ 'ਬੱਬਰ ਅਕਾਲੀ' ਰੱਖ ਕੇ ਇਕੱਠਿਆਂ ਸੰਘਰਸ਼ ਸ਼ੁਰੂ ਕਰ ਦਿੱਤਾ। 8 ਅਗਸਤ 1923 ਨੂੰ ਕਪੂਰਥਲਾ ਦੇ ਬਬੇਲੀ ਪਿੰਡ ਵਿਚ ਆਪਣੇ ਹੀ ਇੱਕ ਸਾਥੀ ਅਨੂਪ ਸਿੰਘ ਦੀ ਮੁਖਬਰੀ 'ਤੇ, ਜੋ ਬਹਾਨਾ ਬਣਾ ਕੇ ਉਸੇ ਪਿੰਡ ਵਿਚ ਇੱਕ ਅਲੱਗ ਘਰ ਵਿਚ ਠਹਿਰਿਆ ਸੀ, ਭਾਈ ਕਰਮ ਸਿੰਘ ਅਤੇ ਉਸ ਦੇ ਸਾਥੀਆਂ ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟਾਂ, ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਦੇ ਜਥੇ ਨੂੰ ਫੜਨ ਲਈ ਪੁਲਿਸ ਨੇ ਪਿੰਡ ਨੂੰ ਘੇਰਾ ਪਾ ਲਿਆ। ਪਿੰਡ ਨੂੰ ਨੁਕਸਾਨ ਤੋਂ ਬਚਾਉਣ ਲਈ ਜਥੇ ਨੇ ਪਿੰਡੋਂ ਬਾਹਰ ਜਾ ਕੇ ਲੜਨ ਦਾ ਫੈਸਲਾ ਕੀਤਾ।

ਬੱਬਰਾਂ ਨੇ ਕਿਰਪਾਨਾਂ ਸੂਤ ਕੇ ਜੈਕਾਰਾ ਛੱਡਿਆ ਅਤੇ ਪੁਲਿਸ ਦੀ ਟੁਕੜੀ 'ਤੇ ਹਮਲਾ ਕਰ ਦਿੱਤਾ। ਚੋਅ ਵਿਚੋਂ ਦੀ ਗੁਰਦੁਆਰਾ ਚੌਂਤਾ ਸਾਹਿਬ ਵੱਲ ਜਾਂਦਿਆਂ ਬੱਬਰ ਮਹਿੰਦਰ ਸਿੰਘ, ਉਦੇ ਸਿੰਘ ਅਤੇ ਬਿਸ਼ਨ ਸਿੰਘ ਸ਼ਹੀਦ ਹੋ ਗਏ। ਭਾਈ ਕਰਮ ਸਿੰਘ ਕੰਢੇ ਤੋਂ ਥੋੜੀ ਦੂਰ, ਇੱਕ ਹੱਥ ਵਿਚ ਕਿਰਪਾਨ ਅਤੇ ਦੂਸਰੇ ਵਿਚ ਬੰਦੂਕ ਫੜੀ ਗੋਡੇ ਗੋਡੇ ਪਾਣੀ ਵਿਚ ਖੜ੍ਹੇ ਸਨ। ਸਬ ਇੰਸਪੈਕਟਰ ਫਤਿਹ ਖਾਨ ਨੇ ਹਥਿਆਰ ਸੁੱਟਣ ਲਈ ਕਿਹਾ ਤਾਂ ਭਾਈ ਸਾਹਿਬ ਨੇ ਗਰਜਵੀਂ ਆਵਾਜ਼ ਵਿਚ ਜਵਾਬ ਦਿੱਤਾ, "ਸਿੱਖ ਮੈਦਾਨੇ ਜੰਗ ਵਿਚ ਹਥਿਆਰ ਨਹੀਂ ਸੁੱਟਿਆ ਕਰਦਾ। ਮੈਂ ਜਿਉਂਦਾ ਹਥਿਆਰ ਨਹੀਂ ਸੁੱਟਾਂਗਾ।" ਭਾਈ ਸਾਹਿਬ ਨੇ ਫਤਿਹ ਖਾਨ 'ਤੇ ਗੋਲੀ ਚਲਾਈ ਪਰ ਉਹ ਬਚ ਗਿਆ। ਫਤਿਹ ਖਾਨ ਨੇ ਭਾਈ ਸਾਹਿਬ ਦੇ ਮੱਥੇ ਵਿਚ ਗੋਲੀ ਮਾਰੀ ਅਤੇ ਭਾਈ ਸਾਹਿਬ ਸ਼ਹੀਦ ਹੋ ਗਏ। ਭਾਈ ਸਾਹਿਬ ਕਵਿਤਾ ਵੀ ਲਿਖਦੇ ਸੀ,

**'ਕਰਮ ਸਿੰਘ' ਕਰਤਾਰ ਦੀ ਓਟ ਲੈ ਕੇ,**
**ਹੁਣ ਜ਼ਾਲਮਾਂ ਵੰਡੀਆਂ ਪਾ ਭਾਈ।**

# ਪਰਵਾਸੀਆਂ ਦਾ ਦੇਸ਼ ਨਿਕਾਲਾ ਅਤੇ ਅਮਰੀਕੀ ਨੀਤੀ





ਲੇਖਕ : ਮਨਦੀਪ,
ਸੰਪਰਕ: +1-438-924-2052

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੁਆਰਾ ਅਹੁਦਾ ਸੰਭਾਲਣ ਤੋਂ ਬਾਅਦ ਰੋਜ਼ ਨਵੇਂ-ਨਵੇਂ ਹੁਕਮ ਜਾਰੀ ਕੀਤੇ ਜਾ ਰਹੇ ਹਨ। ਇਨ੍ਹਾਂ ਫਰਮਾਨਾਂ ਦੀ ਲੜੀ ਵਿੱਚੋਂ ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਜਬਰੀ ਦੇਸ਼ ਨਿਕਾਲੇ ਦੀ ਮੁਹਿੰਮ ਚਰਚਾ 'ਚ ਹੈ। ਰੋਜ਼ੀ-ਰੋਟੀ ਅਤੇ ਚੰਗੀ ਜ਼ਿੰਦਗੀ ਦੀ ਭਾਲ 'ਚ ਅਮਰੀਕਾ ਅੰਦਰ ਦਾਖਲ ਹੋਏ ਪਰਵਾਸੀਆਂ ਨੂੰ ਕੌਮੀ ਅਤੇ ਸਰਹੱਦੀ ਸੁਰੱਖਿਆ ਦੇ ਬਹਾਨੇ ਅਪਰਾਧੀ ਐਲਾਨ ਕੇ ਉਨ੍ਹਾਂ ਨਾਲ ਅਣਮਨੁੱਖੀ ਵਿਹਾਰ ਕੀਤਾ ਜਾ ਰਿਹਾ ਹੈ। ਵਿਸ਼ਵ ਪੱਧਰੀ ਨਾ-ਬਰਾਬਰੀ, ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਤੇ ਹੋਰ ਸਮਾਜਿਕ ਸਮੱਸਿਆਵਾਂ ਤੋਂ ਤੰਗ, ਕਮਜ਼ੋਰ ਆਰਥਿਕਤਾਵਾਂ ਦੀ ਵਸੋਂ ਵੱਲੋਂ ਵਿਕਸਤ ਮੁਲਕਾਂ ਵੱਲ ਕੀਤੀ ਜਾ ਰਹੀ ਹਿਜਰਤ ਨੂੰ ਹੁਣ ਸਖਤੀ ਨਾਲ ਬੰਨ੍ਹ ਮਾਰਿਆ ਜਾ ਰਿਹਾ ਹੈ। ਅਮਰੀਕਾ ਅੰਦਰ ਘਰਾਂ, ਕੰਮ ਦੀਆਂ ਥਾਵਾਂ, ਸਕੂਲਾਂ ਅਤੇ ਸਰਹੱਦਾਂ ਉੱਤੇ ਗੈਰ-ਕਾਨੂੰਨੀ ਪਰਵਾਸੀਆਂ ਦੀ ਭਾਲ ਲਈ ਛਾਪੇ ਮਾਰੇ ਜਾ ਰਹੇ ਹਨ। ਛਾਪਿਆਂ ਦੌਰਾਨ ਗ੍ਰਿਫਤਾਰ ਪਰਵਾਸੀਆਂ ਨੂੰ ਬੇੜੀਆਂ ਅਤੇ ਹੱਥਕੜੀਆਂ ਵਿੱਚ ਜਕੜ ਕੇ ਜੰਗੀ ਫੌਜੀ ਜਹਾਜ਼ਾਂ ਵਿੱਚ ਤੁੰਨ੍ਹ ਕੇ ਉਨ੍ਹਾਂ ਦੇ ਵਤਨ ਵਾਪਸ ਭੇਜਿਆ ਜਾ ਰਿਹਾ ਹੈ। ਦੂਜੇ ਪਾਸੇ ਵਤਨੋਂ ਬੇਵਤਨ ਹੋਏ ਅਤੇ ਮੁੜ ਵਾਪਸ ਆਪਣੇ ਦੇਸ਼ ਆਉਣ 'ਤੇ ਇਨ੍ਹਾਂ ਲੋਕਾਂ ਨੂੰ ਆਪਣੀਆਂ ਸਰਕਾਰਾਂ ਦੀ ਬੇਰੁਖ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੂਜੀ ਆਲਮੀ ਜੰਗ ਤੋਂ ਬਾਅਦ ਅਮਰੀਕਾ ਸੰਸਾਰ ਦੀ ਮਹਾਂ ਸ਼ਕਤੀ ਬਣ ਕੇ ਸੰਸਾਰ ਦੀਆਂ ਆਰਥਿਕ-ਸਿਆਸੀ ਨੀਤੀਆਂ ਦਾ ਸਰਬਰਾਹ ਬਣਿਆ ਹੋਇਆ ਹੈ। ਇਸ ਨੇ ਸੰਸਾਰ ਉੱਤੇ ਚੌਧਰ ਜਮਾਉਣ ਲਈ ਦੁਨੀਆ ਭਰ ਦੇ ਵੱਖ-ਵੱਖ ਮੁਲਕਾਂ ਵਿੱਚ ਅਸਿੱਧੀਆਂ ਜੰਗਾਂ, ਰਾਜ ਪਲਟੇ, ਕੂਟਨੀਤਕ ਚਾਲਾਂ, ਵਿਸ਼ਵ ਆਰਥਿਕ ਸੰਸਥਾਵਾਂ ਰਾਹੀਂ ਕਰਜ਼ੇ ਦੇਣ, ਆਰਥਿਕ ਨੀਤੀ ਤਹਿਤ ਨਵ-ਬਸਤੀਵਾਦ ਨੀਤੀਆਂ ਰਾਹੀਂ ਲਗਾਤਾਰ ਆਪਣਾ ਗਲਬਾ ਕਾਇਮ ਰੱਖਿਆ ਹੈ। ਇਸ ਨੇ ਵਪਾਰਕ ਜੰਗਾਂ ਅਤੇ ਆਪਣੀਆਂ ਆਰਥਿਕ-ਫੌਜੀ ਨੀਤੀਆਂ ਰਾਹੀਂ ਸੰਸਾਰ ਦੀਆਂ ਕਮਜ਼ੋਰ ਅਤੇ ਨਿਰਭਰ ਆਰਥਿਕਤਾਵਾਂ ਉੱਤੇ ਆਪਣਾ ਵਿੱਤੀ, ਫੌਜੀ ਤੇ ਸਿਆਸੀ ਦਾਬਾ ਬਣਾਇਆ। ਅਮਰੀਕੀ ਬਹੁਕੌਮੀ ਕੰਪਨੀਆਂ, ਬੈਂਕ, ਟੈੱਕ ਕੰਪਨੀਆਂ ਦੇ ਸੁਪਰ ਮੁਨਾਫਿਆਂ ਲਈ ਆਪਣੀਆਂ ਨਵ-ਬਸਤੀਵਾਦੀ ਨੀਤੀਆਂ ਨਾਲ ਵਿਸ਼ਵ ਮੰਡੀ ਵਿੱਚ ਆਪਣੇ ਪੈਰ ਪਸਾਰੇ ਪਰ ਵਿਸ਼ਵ ਮੰਡੀ ਵਿੱਚ ਰੂਸ-ਚੀਨ ਵਰਗੇ ਸ਼ਰੀਕਾਂ ਦੇ ਮੁੜ ਉਭਰਨ ਅਤੇ ਵਿਸ਼ਵੀਕਰਨ ਦੇ ਆਰਥਿਕ ਮਾਡਲ ਦੇ ਫੇਲ੍ਹ ਹੋਣ ਨਾਲ ਅਮਰੀਕੀ ਸਰਦਾਰੀ ਨੂੰ ਲਗਾਤਾਰ ਖੋਰਾ ਲੱਗਣਾ ਸ਼ੁਰੂ ਹੋ ਗਿਆ ਹੈ। ਇਹ ਇੱਕ ਤੋਂ ਬਾਅਦ ਇਕ, ਨਵੇਂ ਆਰਥਿਕ ਤੇ ਸਮਾਜਿਕ ਸੰਕਟ ਵਿੱਚ ਘਿਰ ਰਿਹਾ ਹੈ।

ਅਮਰੀਕਾ ਸਿਰ ਕਰਜ਼ ਬੋਝ ਵਧਣ (36 ਖਰਬ ਡਾਲਰ), ਵਪਾਰਕ ਘਾਟਾ ਵਧਣ, ਸਟਾਕ ਮਾਰਕਿਟ ਤੇ ਬੈਂਕਿੰਗ ਖੇਤਰ ਵਿੱਚ ਅਸੰਤੁਲਨ ਵਧਣ, ਵਾਧੂ ਪੈਦਾਵਾਰ ਤੇ ਵਾਤਾਵਰਨ ਸੰਕਟ ਦੇ ਗੰਭੀਰ ਹੋਣ, ਰਿਹਾਇਸ਼ੀ ਘਰਾਂ ਦੀ ਘਾਟ, ਮਹਿੰਗਾਈ, ਵਪਾਰਕ ਜੰਗ, ਬ੍ਰਿਕਸ ਵੱਲੋਂ ਡਾਲਰ ਨੂੰ ਚੁਣੌਤੀ ਪੇਸ਼ ਆਉਣ ਆਦਿ ਕਾਰਨ ਅਮਰੀਕੀ ਸਾਮਰਾਜ ਦੀ ਸਰਦਾਰੀ ਦੇ ਪਤਨ ਦਾ ਰੁਝਾਨ ਪੈਦਾ ਹੋ ਰਿਹਾ ਹੈ ਅਤੇ ਅਮਰੀਕਾ ਦੇ ਬਾਹਰੀ ਵਿਰੋਧ ਦੇ ਨਾਲ-ਨਾਲ ਅਮਰੀਕਾ ਅੰਦਰ ਵੱਡੀ ਸਮਾਜਿਕ ਬੇਚੈਨੀ ਪਨਪ ਰਹੀ ਹੈ। ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਟਰੰਪ ਕੌਮੀ ਸ਼ਾਵਨਵਾਦ ਭੜਕਾਉਣ, 'ਅਮਰੀਕਾ ਫਸਟ' ਦੇ ਨਾਅਰੇ ਲਾਉਣ, ਦੂਜੇ ਦੇਸ਼ਾਂ ਉੱਤੇ ਟੈਰਿਫ ਲਗਾਉਣ, ਨੌਕਰਸ਼ਾਹੀ ਨੂੰ ਸੀਮਤ ਕਰਨ, ਨਸ਼ਾ ਮਾਫੀਆ ਨੂੰ ਅਤਿਵਾਦੀ ਐਲਾਨਣ, ਗਰੀਨਲੈਂਡ ਤੇ ਪਨਾਮਾ ਨਹਿਰ 'ਤੇ ਕਬਜ਼ਾ ਜਮਾਉਣ ਆਦਿ ਦੇ ਅਨੇਕਾਂ ਚੱਕਵੇਂ ਬਿਆਨਾਂ ਸਮੇਤ ਪਰਵਾਸੀਆਂ ਨੂੰ ਅਪਰਾਧੀ ਐਲਾਨ ਕੇ ਉਨ੍ਹਾਂ ਨੂੰ ਦੇਸ਼ ਨਿਕਾਲੇ ਦੇ ਕੇ ਅਮਰੀਕੀਆਂ ਦਾ ਹੀਰੋ ਬਨਣ ਦੀ ਕਵਾਇਦ ਕਰ ਰਿਹਾ ਹੈ।

ਟਰੰਪ ਅਮਰੀਕਾ ਨੂੰ ਮੁੜ ਮਹਾਨ ਬਣਾਉਣ ਦੇ ਜੁਮਲੇ ਥੱਲੇ ਇਸ ਨੂੰ ਵੱਡੇ ਫੌਜੀ ਸਟੇਟ ਦੀ ਦਹਿਸ਼ਤ ਕਾਇਮ ਕਰਨ, ਪੂਰੇ ਰਾਜਕੀ ਕੰਟਰੋਲ ਰਾਹੀਂ ਤਾਨਾਸ਼ਾਹੀ ਵੱਲ ਵਧਣ ਅਤੇ ਪ੍ਰਾਈਵੇਟ ਕਾਰਪੋਰੇਸ਼ਨਾਂ ਨੂੰ ਫਾਇਦੇ ਪਹੁੰਚਾਉਣ ਦੀ ਨੀਤੀ 'ਤੇ ਚੱਲ ਰਿਹਾ ਹੈ। ਆਪਣੀ ਤਾਜਪੋਸ਼ੀ ਤੋਂ ਲੈ ਕੇ ਹੁਣ ਤੱਕ ਉਸ ਨੇ ਆਪਣੀਆਂ ਨੀਤੀਆਂ ਦਾ ਕਾਰਪੋਰੇਟ ਮੀਡੀਆ ਜ਼ਰੀਏ ਮੁਹਿੰਮ ਵਿੱਢ ਕੇ ਧੂਮ-ਧਾਮ ਨਾਲ ਪ੍ਰਚਾਰ-ਪ੍ਰਸਾਰ ਕੀਤਾ ਹੈ। ਟਰੰਪ ਪ੍ਰਸ਼ਾਸਨ ਦੀ ਪਰਵਾਸੀਆਂ ਲਈ ਨੀਤੀ ਅਮਰੀਕਾ ਦੇ ਆਪਣੇ ਪੂਰਵਜ ਰਾਸ਼ਟਰਪਤੀਆਂ ਦੀ ਨੀਤੀ ਦਾ ਹੀ ਜਾਰੀ ਰੂਪ ਹੈ।

ਅਮਰੀਕੀ ਸਾਮਰਾਜ ਦੀ ਇਹ ਪਰਖੀ ਹੋਈ ਨੀਤੀ ਹੈ ਕਿ ਪਹਿਲਾਂ ਉਜਾੜਾ ਕਰੋ, ਫਿਰ ਉਸਾਰੀ ਦਾ ਕਾਰਜ ਸ਼ੁਰੂ ਕਰੋ। ਅਮਰੀਕਾ ਲਈ ਤਬਾਹੀ ਅਤੇ ਉਸਾਰੀ ਵੱਡਾ ਨਿਵੇਸ਼ਕ ਕਾਰੋਬਾਰ ਹੈ। ਅਮਰੀਕੀ ਸਮਾਰਾਜ ਨੇ ਦਹਾਕਿਆਂ ਤੋਂ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿੱਚ ਜੰਗਾਂ ਅਤੇ ਆਪਣੀਆਂ ਨੀਤੀਆਂ ਰਾਹੀਂ ਵੱਡਾ ਉਜਾੜਾ ਕੀਤਾ ਹੈ। ਜਿਵੇਂ ਜੰਗਾਂ ਇਸ ਦੇ ਵਪਾਰਕ ਹਿੱਤਾਂ ਅਤੇ 'ਫੌਜੀ ਉਦਯੋਗਕ ਕੰਪਲੈਕਸ' ਲਈ ਆਕਸੀਜਨ ਹਨ, ਉਵੇਂ ਮਨੁੱਖੀ ਵਸੋਂ ਦਾ ਉਜਾੜਾ ਸਸਤੀ ਕਿਰਤ ਸ਼ਕਤੀ ਅਤੇ 'ਸਰਹੱਦੀ ਉਦਯੋਗਕ ਕੰਪਲੈਕਸ' ਲਈ ਅਹਿਮ ਹਨ। ਸਰਹੱਦ ਦੀ ਨਿਗਰਾਨੀ ਅਤੇ ਕੌਮੀ ਸੁਰੱਖਿਆ ਦੇ ਨਾਮ ਹੇਠ ਅਨੇਕ ਅਮਰੀਕੀ ਤੇ ਇਜ਼ਰਾਇਲੀ ਪ੍ਰਾਈਵੇਟ ਕੰਪਨੀਆਂ ਨੂੰ ਅਰਬਾਂ ਡਾਲਰ ਦੇ ਠੇਕੇ ਦਿੱਤੇ ਜਾਂਦੇ ਹਨ ਜਿਨ੍ਹਾਂ ਦੇ ਹਿੱਤਾਂ ਦੀ ਰੱਖਿਆ ਲਈ ਸੂਬਿਆਂ ਤੇ ਫੈਡਰਲ ਕਾਨੂੰਨਾਂ ਵਿੱਚ ਸੋਧਾਂ ਕਰ ਕੇ ਸੁਰੱਖਿਆ ਛਤਰੀ ਮੁਹੱਇਆ ਕਰਵਾਈ ਜਾਂਦੀ ਹੈ। ਅਮਰੀਕਾ ਅੰਦਰ ਪ੍ਰਾਈਵੇਟ ਇਜਾਰੇਦਾਰ ਕੰਪਨੀਆਂ ਸਰਹੱਦੀ ਸੁਰੱਖਿਆ ਲਈ ਏਅਰ ਚਾਰਟਰ, ਆਧੁਨਿਕ ਕੈਮਰੇ, ਮਨੁੱਖੀ ਸਕੈਨਿੰਗ ਲਈ ਸੈਂਸਰ ਮਸ਼ੀਨਾਂ, ਕੰਡਿਆਲੀਆਂ ਤਾਰਾਂ, ਚੈੱਕ ਪੁਆਇੰਟ, ਟਾਵਰ, ਸਟੀਲ ਦੀਆਂ ਵਾੜਾਂ, ਬਾਰਡਰ ਪੈਟਰੋਲ ਏਜੰਟਾਂ, ਪ੍ਰਾਈਵੇਟ ਜੇਲ੍ਹਾਂ, ਕੈਂਪ, ਡਰੋਨ, ਕਮਾਂਡ ਤੇ ਕੰਟਰੋਲ ਸੈਂਟਰ ਆਦਿ ਅਨੇਕ ਮਹਿੰਗੀਆਂ ਪ੍ਰਾਈਵੇਟ ਸੇਵਾਵਾਂ ਜਨਤਕ ਖਜ਼ਾਨੇ ਦੀ ਮਦਦ ਨਾਲ ਮੁਹੱਈਆ ਕਰਦੀਆਂ ਹਨ। ਅਮਰੀਕਾ ਅੰਦਰ ਹੋਮਲੈਂਡ ਸਕਿਓਰਿਟੀ ਦੀ ਅਰਬਾਂ ਦੀ ਮਾਰਕਿਟ ਹੈ। ਕੌਮੀ ਸੁਰੱਖਿਆ ਦਾ ਹਊਆ ਖੜ੍ਹਾ ਕਰ ਕੇ ਅਪਰੇਸ਼ਨ ਗੇਟਕੀਪਰ ਤਹਿਤ ਇਨਫੋਰਸਮੈਂਟ ਏਜੰਸੀਆਂ ਨੂੰ ਅਰਬਾਂ ਡਾਲਰਾਂ ਦੇ ਕੰਟਰੈਕਟ ਦਿੱਤੇ ਜਾਂਦੇ ਹਨ। ਬਾਇਡਨ ਪ੍ਰਸ਼ਾਸਨ ਨੇ ਪ੍ਰਾਈਵੇਟ ਜੇਲ੍ਹ ਕੰਪਨੀਆਂ ਜਿਓ ਅਤੇ ਕੋਰਸਿਵਿਕ ਨੂੰ 2 ਅਰਬ ਡਾਲਰ ਦੇ 40 ਵੱਖ-ਵੱਖ ਠੇਕੇ ਦਿੱਤੇ ਅਤੇ ਟਰੰਪ ਪ੍ਰਸ਼ਾਸਨ ਦੇ ਸੱਤਾ ਵਿੱਚ ਆਉਣ ਤੋਂ ਇੱਕ ਦਿਨ ਬਾਅਦ ਇਨ੍ਹਾਂ ਦੋਵਾਂ ਕੰਪਨੀਆਂ ਦੇ ਸ਼ੇਅਰਾਂ ਵਿੱਚ 56% ਦਾ ਇਜ਼ਾਫਾ ਹੋਇਆ। ਇਸੇ ਤਰ੍ਹਾਂ ਬਾਇਡਨ ਪ੍ਰਸ਼ਾਸਨ ਨੇ 32.3 ਅਰਬ ਡਾਲਰ ਦੇ 21713 ਸਰਹੱਦੀ ਇਨਫੋਰਸਮੈਂਟ ਕੰਟਰੈਕਟ ਕੀਤੇ ਸਨ। ਟਰੰਪ ਪ੍ਰਸ਼ਾਸਨ ਇਨ੍ਹਾਂ ਪਰਵਾਸੀ ਵਿਰੋਧੀ ਫੈਸਲਿਆਂ ਨੂੰ ਕਾਨੂੰਨੀ ਜਾਮਾ ਪਹਿਨਾ ਕੇ ਆਪਣੀ 'ਸ਼ੈਲੀ' ਵਿੱਚ ਇਸ ਦਾ ਪ੍ਰਦਰਸ਼ਨ ਕਰ ਰਿਹਾ ਹੈ। ਉਹਨੇ ਤਾਜਪੋਸ਼ੀ ਤੋਂ ਪਹਿਲਾਂ ਪਰਵਾਸੀਆਂ ਖਿਲਾਫ ਏਲੀਅਨ ਐਨਮੀਜ਼ ਐਕਟ ਅਤੇ ਆਇਜ਼ਨਹਾਵਰ ਮਾਡਲ ਦੀ ਵਰਤੋਂ ਕਰਨ ਦਾ ਜ਼ਿਕਰ ਕੀਤਾ ਸੀ। ਏਲੀਅਨ ਐਨਮੀਜ਼ ਐਕਟ-1798 ਪਰਵਾਸੀਆਂ ਅਤੇ ਦੇਸ਼ ਵਿਰੋਧੀਆਂ ਲਈ ਵਰਤਿਆ ਜਾਣ ਵਾਲਾ ਖ਼ਤਰਨਾਕ ਕਾਨੂੰਨ ਹੈ ਜਿਸ ਵਿੱਚ ਕਿਸੇ ਨੂੰ ਵੀ 'ਅੰਦਰੂਨੀ ਦੁਸ਼ਮਣ' ਕਹਿ ਕੇ ਗ੍ਰਿਫਤਾਰ ਕਰਨ, ਤਸੀਹੇ ਦੇਣ ਅਤੇ ਦੇਸ਼ ਨਿਕਾਲਾ ਦੇਣ ਦੀ ਤਾਕਤ ਹੈ। ਇਹ ਕਾਨੂੰਨ ਰਾਜ ਧ੍ਰੋਹ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਦੂਸਰਾ, ਆਇਜ਼ਨਹਾਵਰ ਮਾਡਲ 34ਵੇਂ ਅਮਰੀਕੀ ਰਾਸ਼ਟਰਪਤੀ ਡੀ ਆਇਜ਼ਨਹਾਵਰ ਨੇ 1954 ਵਿੱਚ ਲਿਆਂਦਾ ਸੀ ਜਿਸ ਤਹਿਤ 10 ਲੱਖ ਤੋਂ ਵੱਧ ਗੈਰ-ਕਾਨੂੰਨੀ ਪਰਵਾਸੀਆਂ (ਮੈਕਸੀਕਨ) ਨੂੰ ਜਬਰੀ ਸਮੂਹਿਕ ਦੇਸ਼ ਨਿਕਾਲਾ ਦਿੱਤਾ ਗਿਆ ਸੀ। 'ਅਪਰੇਸ਼ਨ ਵੈਟਬੈਕ' ਨਾਂ ਨਾਲ ਮਸ਼ਹੂਰ ਇਸੇ ਮਾਡਲ ਦੀ ਤਰਜ਼ 'ਤੇ ਟਰੰਪ ਵੱਲੋਂ ਦਿਸ਼ਾ-ਨਿਰਦੇਸ਼ਤ ਆਈਸੀਈ ਵੱਲੋਂ ਛਾਪੇ, ਗ੍ਰਿਫਤਾਰੀਆਂ ਅਤੇ ਅਣਮਨੁੱਖੀ ਤਰੀਕੇ ਨਾਲ ਦੇਸ਼ ਨਿਕਾਲੇ ਲਈ ਫੌਜੀ ਜੰਗੀ ਜਹਾਜ਼ਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਟਰੰਪ ਵੱਲੋਂ ਦਸਤਾਵੇਜ਼ਾਂ ਤੋਂ ਵਾਂਝੇ ਪਰਵਾਸੀਆਂ ਨੂੰ 'ਅਪਰਾਧੀ' ਆਖਣਾ ਕਿਸੇ ਵੀ ਪੱਖ ਤੋਂ ਤਾਰਕਿਕ ਨਹੀਂ। ਗੈਰ-ਦਸਤਾਵੇਜ਼ੀ ਹੋਣਾ ਅਪਰਾਧੀ ਹੋਣਾ ਨਹੀਂ ਪਰ ਟਰੰਪ ਪ੍ਰਸ਼ਾਸਨ ਨੇ ਇਸ ਨੂੰ ਕਾਨੂੰਨੀ ਸੋਧਾਂ ਰਾਹੀਂ ਮਨਮਾਨੇ ਢੰਗ ਨਾਲ 'ਅਪਰਾਧ' ਦੀ ਸ਼੍ਰੇਣੀ ਵਿੱਚ ਸ਼ਾਮਲ ਕਰ ਦਿੱਤਾ ਹੈ। ਟਰੰਪ ਨੇ 'ਲੇਕਨ ਰਾਈਲੀ ਐਕਟ' ਵਿੱਚ ਮਹੱਤਵਪੂਰਨ ਬਦਲਾਓ ਕਰ ਕੇ ਇਸ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਹੈ। ਇਹ ਐਕਟ 2024 ਵਿੱਚ ਅਮਰੀਕਾ ਦੇ ਸ਼ਹਿਰ ਜਾਰਜੀਆ ਵਿੱਚ ਵੈਨੇਜ਼ੁਏਲਾ ਦੇ ਇੱਕ ਗੈਰ-ਦਸਤਾਵੇਜ਼ੀ ਨਾਗਰਿਕ ਦੁਆਰਾ 22 ਸਾਲਾ ਵਿਦਿਆਰਥਣ ਲੇਕਨ ਰਾਈਲੀ ਦੀ ਹੱਤਿਆ ਨਾਲ ਸਬੰਧਿਤ ਹੈ। ਟਰੰਪ ਨੇ ਸੱਤਾ ਸੰਭਾਲਣ ਤੋਂ ਬਾਅਦ ਸਭ ਤੋਂ ਪਹਿਲਾਂ ਇਸ ਬਿੱਲ 'ਚ ਸੋਧ ਕਰਦਿਆਂ ਚੋਰੀ, ਹਮਲਾ, ਮੌਤ ਤੇ ਸਰੀਰਕ ਸੱਟ ਲੱਗਣ ਨੂੰ ਅਪਰਾਧ ਦੀ ਸ਼੍ਰੇਣੀ ਵਿੱਚ ਰੱਖਦਿਆਂ ਦੋਸ਼ੀ ਨੂੰ ਫੈਡਰਲ ਨਜ਼ਰਬੰਦੀ ਵਿੱਚ ਰੱਖਣ ਦੇ ਆਦੇਸ਼ ਦਿੱਤੇ ਹਨ। ਅਸਲ ਵਿੱਚ ਇਸ ਦਾ ਮਨੋਰਥ ਮਾਮੂਲੀ ਅਪਰਾਧ ਬਹਾਨੇ ਮਨਮਾਨੇ ਢੰਗ ਨਾਲ ਪਰਵਾਸੀਆਂ ਨੂੰ ਨਜ਼ਰਬੰਦ ਕਰਨਾ ਅਤੇ ਦੇਸ਼ ਨਿਕਾਲਾ ਦੇਣਾ ਹੈ; ਤੱਥ ਇਹ ਹਨ ਕਿ ਗੈਰ-ਦਸਤਾਵੇਜ਼ੀ ਪਰਵਾਸੀਆਂ ਨਾਲੋਂ ਜ਼ਿਆਦਾ, ਅਮਰੀਕੀ ਨਾਗਰਿਕਾਂ ਉੱਤੇ ਅਪਰਾਧਿਕ ਗਤੀਵਿਧੀਆਂ ਦੇ ਕੇਸ ਦਰਜ ਹਨ; ਇਸ ਤੋਂ ਵੀ ਕਿਤੇ ਵੱਧ ਅਮਰੀਕੀ ਸਾਮਰਾਜ ਜੰਗੀ ਅਪਰਾਧਾਂ ਦਾ ਸਰਦਾਰ ਹੈ। ਟਰੰਪ ਤਾਂ ਗੈਰ-ਦਸਤਾਵੇਜ਼ੀ ਪਰਵਾਸੀਆਂ ਨੂੰ ਦੁਨੀਆ ਦੇ ਬਦਨਾਮ 'ਗੁਆਤੋਂਨਾਮੋ ਬੇਅ ਸੈਂਟਰ' ਭੇਜਣ ਦਾ ਚਾਹਵਾਨ ਹੈ। ਇਹ ਅਮਰੀਕੀ ਨੇਵਲ ਬੇਸ 'ਤੇ ਸਥਿਤ ਅਜਿਹੀ ਜੇਲ੍ਹ ਹੈ ਜੋ ਅਣਮਨੁੱਖੀ ਤਸੀਹਿਆਂ ਲਈ ਬਦਨਾਮ ਹੈ। ਅਮਰੀਕੀ ਧਰਤੀ ਤੋਂ ਬਾਹਰ ਹੋਣ ਕਰ ਕੇ ਇੱਥੇ ਅਮਰੀਕੀ ਨਿਆਂ ਪ੍ਰਣਾਲੀ ਲਾਗੂ ਨਹੀਂ ਹੁੰਦੀ।

ਟਰੰਪ ਨੇ ਸਭ ਤੋਂ ਪਹਿਲਾਂ 24 ਜਨਵਰੀ ਨੂੰ 88 ਬ੍ਰਾਜ਼ੀਲੀ ਪਰਵਾਸੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਵਿੱਚ ਜਕੜ ਕੇ ਪਸ਼ੂਆਂ ਵਾਂਗ ਅਸੁਰੱਖਿਅਤ ਹਾਲਤਾਂ ਵਿੱਚ ਜਹਾਜ਼ ਵਿੱਚ ਲੱਦ ਕੇ ਬ੍ਰਾਜ਼ੀਲ ਭੇਜਿਆ। ਉਸ ਤੋਂ ਬਾਅਦ ਕੋਲੰਬੀਆ, ਭਾਰਤ, ਗੁਆਟੇਮਾਲਾ, ਅਲ-ਸਲਵਾਡੋਰ, ਵੈਨੇਜ਼ੁਏਲਾ, ਮੈਕਸਿਕੋ ਆਦਿ ਦੇਸ਼ਾਂ ਦੇ ਪਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਿਨ੍ਹਾਂ ਵਿੱਚੋਂ ਇੱਕ ਵੀ 'ਅਪਰਾਧੀ' ਨਹੀਂ ਸੀ। ਪਰਵਾਸੀਆਂ ਪ੍ਰਤੀ ਟਰੰਪ ਪ੍ਰਸ਼ਾਸਨ ਦੀ ਵਿਦੇਸ਼ ਤੇ ਇਮੀਗ੍ਰੇਸ਼ਨ ਨੀਤੀ ਘੋਰ ਅਮਾਨਵੀ, ਵਿਤਕਰੇ ਵਾਲੀ, ਆਰਥਿਕ ਸ਼ੋਸ਼ਣ, ਨਸਲਵਾਦੀ ਤੇ ਜਾਬਰ ਹੈ। ਟਰੰਪ ਦੇ ਸੰਸੇ ਕੌਮੀ ਤੇ ਸਰਹੱਦੀ ਸੁਰੱਖਿਆ ਦੀ ਬਜਾਇ ਪੂੰਜੀਵਾਦੀ ਸਾਮਰਾਜਵਾਦੀ ਹਿੱਤਾਂ ਦੀ ਰਾਖੀ ਵੱਲ ਵੱਧ ਕੇਂਦਰਿਤ ਹਨ। ਇਹ ਅਮਰੀਕੀ ਸਾਮਰਾਜ ਦੀ ਵਿਸਤਾਰਵਾਦੀ ਵਿਦੇਸ਼ ਨੀਤੀ ਹੀ ਹੈ ਜਿਸ ਨੇ ਲਾਤੀਨੀ ਅਮਰੀਕਾ, ਅਫਰੀਕਾ ਅਤੇ ਏਸ਼ਿਆਈ ਮੁਲਕਾਂ ਦੇ ਕੁਦਰਤੀ ਤੇ ਮਨੁੱਖੀ ਸ੍ਰੋਤਾਂ ਦੀ ਲੁੱਟ ਕਰ ਕੇ ਉਹ ਹਾਲਾਤ ਪੈਦਾ ਕੀਤੇ ਹਨ ਜੋ ਇਨ੍ਹਾਂ ਮੁਲਕਾਂ ਦੇ ਲੋਕਾਂ ਨੂੰ ਪਰਵਾਸ ਕਰਨ ਲਈ ਮਜਬੂਰ ਕਰਦੇ ਹਨ।

ਪਰਵਾਸ ਸੰਕਟ ਅਸਲ ਵਿੱਚ ਪੂੰਜੀਵਾਦੀ ਸੰਕਟ ਦਾ ਇਜ਼ਹਾਰ ਹੈ। ਪਰਵਾਸੀਆਂ ਨੂੰ ਨਿਸ਼ਾਨਾ ਬਣਾ ਕੇ ਪੈਦਾ ਕੀਤਾ ਜਾ ਰਿਹਾ ਕੌਮੀ ਸ਼ਾਵਨਵਾਦ ਤੇ ਨਸਲਵਾਦ, ਪੂੰਜੀਵਾਦੀ ਦਮਨ ਦੇ ਸਾਧਨਾਂ ਵਜੋਂ ਵਰਤਿਆ ਜਾ ਰਿਹਾ ਹੈ। ਆਰਥਿਕ ਨਾ-ਬਰਾਬਰੀ ਹੱਲ ਕਰਨ ਦੀ ਥਾਂ ਟਰੰਪ ਅਮਰੀਕੀ ਮਜ਼ਦੂਰ ਵਰਗ ਦਾ ਧਿਆਨ ਉਨ੍ਹਾਂ ਦੀਆਂ ਘਟਦੀਆਂ ਤਨਖਾਹਾਂ ਅਤੇ ਸਮਾਜਿਕ ਸੇਵਾਵਾਂ ਦੀ ਘਾਟ ਤੋਂ ਭਟਕਾਉਣ ਲਈ ਪਰਵਾਸੀਆਂ ਨੂੰ ਬਲੀ ਦੇ ਬੱਕਰੇ ਵਜੋਂ ਵਰਤ ਰਿਹਾ ਹੈ। ਅਮਰੀਕੀਆਂ ਦੀਆਂ ਨੌਕਰੀਆਂ ਦੇ ਨੁਕਸਾਨ ਲਈ ਪਰਵਾਸੀ ਜ਼ਿੰਮੇਵਾਰ ਨਹੀਂ ਬਲਕਿ ਵੱਡੀਆਂ ਕਾਰਪੋਰੇਸ਼ਨਾਂ ਨੌਕਰੀਆਂ ਨੂੰ ਆਊਟਸੋਰਸ ਕਰਨ ਅਤੇ ਉਜਰਤਾਂ ਘਟਾਉਣ ਲਈ ਪਰਵਾਸੀਆਂ ਨੂੰ ਸਿਆਸੀ ਹਥਿਆਰ ਵਜੋਂ ਵਰਤਦੀਆਂ ਹਨ।

ਟਰੰਪ ਦੀਆਂ ਨੀਤੀਆਂ ਮੁੱਖ ਤੌਰ 'ਤੇ ਲਾਤੀਨੀ, ਕਾਲੇ, ਏਸ਼ਿਆਈ ਅਤੇ ਮੁਸਲਮਾਨ ਪਰਵਾਸੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਇਉਂ ਨਸਲੀ ਪੱਖਪਾਤ ਰਾਹੀਂ ਗੋਰੀ ਚਮੜੀ ਦੀ ਨਸਲਵਾਦੀ ਸਰਬਉੱਚਤਤਾ ਨੂੰ ਬਰਕਰਾਰ ਰੱਖਿਆ ਜਾ ਰਿਹਾ ਹੈ। ਪੂੰਜੀਵਾਦ ਤਹਿਤ ਪਰਵਾਸ, ਨਾਗਰਿਕਤਾ, ਸਰਹੱਦਾਂ, ਪਾਸਪੋਰਟ, ਵੀਜ਼ੇ, ਰਾਸ਼ਟਰ ਆਦਿ ਵਰਗੀਆਂ ਧਾਰਨਾਵਾਂ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਅਤੇ ਅਪਮਾਨ ਦਾ ਸਾਧਨ ਹਨ। ਸਾਮਰਾਜੀਆਂ ਨੇ ਕਦੇ ਵੀ ਦੁਨੀਆ ਦੇ ਕਿਸੇ ਕੋਨੇ ਵਿੱਚ ਆਪਣੀਆਂ ਬਸਤੀਆਂ ਕਾਇਮ ਕਰਨ ਲਈ ਕੋਈ ਵੀਜ਼ਾ ਨਹੀਂ ਲਿਆ। ਮੂਲ ਨਿਵਾਸੀਆਂ ਨੂੰ ਛੱਡ ਕੇ ਪੂਰਾ ਅਮਰੀਕਾ, ਪਰਵਾਸ ਅਤੇ ਬੰਦੋਬਸਤ ਦਾ ਹੀ ਨਤੀਜਾ ਹੈ।

ਇਮੀਗ੍ਰੇਸ਼ਨ ਨੀਤੀਆਂ ਪੂੰਜੀਵਾਦੀ ਸ਼ੋਸ਼ਣ ਦੀ ਲਗਾਤਾਰਤਾ ਹਨ ਜੋ ਨਸਲੀ ਦਰਜਾਬੰਦੀ ਬਰਕਰਾਰ ਰੱਖਣ ਅਤੇ ਹਾਕਮ ਵਰਗ ਨੂੰ ਅਮੀਰ ਬਣਾਉਣ ਲਈ ਪਰਵਾਸੀਆਂ ਨੂੰ ਅਪਰਾਧੀ ਬਣਾ ਕੇ ਪੇਸ਼ ਕਰਦੀਆਂ ਹਨ। ਪਰਵਾਸੀਆਂ ਨੂੰ ਦੋਸ਼ ਦੇਣ ਦੀ ਥਾਂ ਪਰਵਾਸ ਦਾ ਕਾਰਨ, ਪੂੰਜੀਵਾਦੀ ਸਾਮਰਾਜਵਾਦ, ਕਿਰਤ ਸ਼ੋਸ਼ਣ ਅਤੇ ਵਿਸ਼ਵਵਿਆਪੀ ਨਾ-ਬਰਾਬਰੀ ਪੈਦਾ ਕਰਨ ਵਾਲੀਆਂ ਪ੍ਰਣਾਲੀਆਂ ਨੂੰ ਖਤਮ ਕੀਤੇ ਜਾਣ ਦੀ ਲੋੜ ਹੈ। ਨਜ਼ਰਬੰਦੀ ਕੈਂਪਾਂ ਅਤੇ ਜੰਗਾਂ ਲਈ ਦਿੱਤੀ ਜਾ ਰਹੀ ਅਰਬਾਂ ਡਾਲਰਾਂ ਦੀ ਵਿੱਤੀ ਸਹਾਇਤਾ ਨੂੰ ਵੀ ਬੰਦ ਕਰਨ ਦੀ ਜ਼ਰੂਰਤ ਹੈ। ਪਰਵਾਸੀ ਤੇ ਸਥਾਨਕ ਕਾਮਿਆਂ ਨੂੰ ਪੂੰਜੀਪਤੀਆਂ ਵੱਲੋਂ ਪੈਦਾ ਕੀਤੀਆਂ ਨਕਲੀ ਰਾਸ਼ਟਰੀ ਵੰਡਾਂ ਵਾਸਤੇ ਲੜਨ ਦੀ ਥਾਂ ਪੂੰਜੀਵਾਦ ਵਿਰੁੱਧ ਖੁੱਲ੍ਹੀਆਂ ਸਰਹੱਦਾਂ ਅਤੇ ਮਜ਼ਦੂਰਾਂ ਦੀ ਏਕਤਾ ਦੇ ਨਾਅਰੇ ਹੇਠ ਵਿਸ਼ਵ ਪੱਧਰ 'ਤੇ ਇੱਕਜੁੱਟ ਹੋਣਾ ਚਾਹੀਦਾ ਹੈ। ਪੈਦਾਵਾਰ ਦੇ ਕੁਲ ਸਰੋਤਾਂ ਦੀ ਮੁੜ ਵੰਡ ਨਾਲ ਹੀ ਲੋਕਾਂ ਨੂੰ ਮਜਬੂਰਨ ਜਾਂ ਜਬਰੀ ਪਰਵਾਸ ਤੋਂ ਬਚਾਇਆ ਜਾ ਸਕਦਾ ਹੈ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ

FAST COMPUTER REPAIR
New Web Designing
& Hosting Services



Onsite Service Available
Computer Repair & Upgrade
Spyware & Virus Removal
Same Day Service



Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਫ਼ਲਸਤੀਨ, ਇਜ਼ਰਾਈਲ ਤੇ ਅਣਮਨੁੱਖੀ ਕਹਿਰ ਦੀ ਤਵਾਰੀਖ਼

ਦੂਜੀ ਕਿਸ਼ਤ



ਲੇਖਕ : ਸੁਰਿੰਦਰ ਸਿੰਘ ਤੇਜ

“1947 ਵਿੱਚ ਸੰਯੁਕਤ ਰਾਸ਼ਟਰ ਮਹਾਂ ਸਭਾ ਨੇ ਫ਼ਲਸਤੀਨ ਬਾਰੇ ਵਿਸ਼ੇਸ਼ ਕਮੇਟੀ (ਯੂਐੱਨਸਕੋਪ) ਕਾਇਮ ਕੀਤੀ। ਇਸ ਕਮੇਟੀ ਨੇ ਮਹਾਂ ਸਭਾ ਨੂੰ ਦਿੱਤੀ ਰਿਪੋਰਟ ਵਿੱਚ ਫ਼ਲਸਤੀਨ ਨੂੰ ਤਿੰਨ ਹਿੱਸਿਆਂ- ਆਜ਼ਾਦ ਅਰਬ ਰਾਜ, ਆਜ਼ਾਦ ਯਹੂਦੀ ਰਾਜ ਤੇ ਯੇਰੂਸ਼ਲਮ ਸ਼ਹਿਰ ਵਿੱਚ ਵੰਡਣਾ ਤਜਵੀਜ਼ ਕੀਤਾ। ਇਸ ਤਜਵੀਜ਼ ਵਿੱਚ ਯੇਰੂਸ਼ਲਮ ਦਾ ਰਾਜ ਪ੍ਰਬੰਧ ਇੱਕ ਕੌਮਾਂਤਰੀ ਨਿਗਰਾਨ ਏਜੰਸੀ ਨੂੰ ਸੌਂਪਣਾ ਸ਼ਾਮਿਲ ਸੀ। ਸੰਯੁਕਤ ਰਾਸ਼ਟਰ ਨੇ ਇਹ ਤਜਵੀਜ਼ ਪ੍ਰਵਾਨ ਕਰ ਲਈ। ਯਹੂਦੀਆਂ ਦੀ ਨੁਮਾਇੰਆ ਜਮਾਤ-ਜਿਉਇਸ਼ ਏਜੰਸੀ ਨੇ ਵੀ ਇਸ ਪ੍ਰਤੀ ਸਹਿਮਤੀ ਪ੍ਰਗਟਾਉਣ ਵਿੱਚ ਦੇਰ ਨਹੀਂ ਲਗਾਈ। ਅਰਬ ਰਾਸ਼ਟਰਾਂ ਨੇ ਇਸ ਦਾ ਵਿਰੋਧ ਕੀਤਾ। 14 ਮਈ 1948 ਨੂੰ ਫ਼ਲਸਤੀਨ 'ਤੇ ਬ੍ਰਿਟਿਸ਼ ਕੰਟਰੋਲ (ਜੋ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਹੋਇਆ ਸੀ) ਦੀ ਮਿਆਦ ਮੁੱਕਣੀ ਸੀ। ਉਸ ਦਿਨ ਯਹੂਦੀ ਲੋਕ ਪਰਿਸ਼ਦ (ਜੇਪੀਸੀ) ਤਲ ਅਵੀਵ ਮਿਊਜ਼ੀਅਮ ਵਿੱਚ ਇਕੱਤਰ ਹੋਈ। ਜਿਉਇਸ਼ ਏਜੰਸੀ ਨੇ ਇਹ ਪ੍ਰੋਗਰਾਮ ਗੁਪਤ ਰੱਖਿਆ ਤਾਂ ਜੋ ਬ੍ਰਿਟਿਸ਼ ਪ੍ਰਸ਼ਾਸਨ ਇਸ ਨੂੰ ਰੋਕਣ ਦਾ ਯਤਨ ਨਾ ਕਰੇ। ਪਰ ਪ੍ਰੋਗਰਾਮ ਦੀ ਕਾਰਵਾਈ ਨਵ-ਸਥਾਪਿਤ 'ਕੌਲ ਇਜ਼ਰਾਈਲ' ਰੇਡੀਓ ਸਟੇਸ਼ਨ ਤੋਂ ਸਿੱਧੇ ਤੌਰ 'ਤੇ ਪ੍ਰਸਾਰਿਤ ਕੀਤੀ ਗਈ। ਡੇਵਿਡ ਬੈੱਨ-ਗੁਰੀਅਨ, ਜੋ ਕਿ ਜਿਉਇਸ਼ ਏਜੰਸੀ ਦਾ ਮੁਖੀ ਸੀ, ਨੇ ਸਟੇਜ ਤੋਂ ਐਲਾਨ ਕੀਤਾ ਕਿ ਸੰਯੁਕਤ ਰਾਸ਼ਟਰ ਮਹਾਂ ਸਭਾ ਵੱਲੋਂ ਪਾਸ ਮਤੇ ਮੁਤਾਬਿਕ ਫ਼ਲਸਤੀਨ ਵਿੱਚ ਯਹੂਦੀ ਰਾਸ਼ਟਰ ਦੀ ਸਥਾਪਨਾ ਕਰ ਦਿੱਤੀ ਗਈ ਹੈ। ਇਸ ਦਾ ਨਾਮ ਇਜ਼ਰਾਈਲ ਹੋਵੇਗਾ। ਸਟੇਜ ਦੇ ਪਿੱਛੇ ਦੀਵਾਰ ਉੱਤੇ ਥਿਓਡੋਰ ਹਰਜ਼ਲ ਦੀ ਵੱਡੀ ਸਾਰੀ ਤਸਵੀਰ ਸੀ। ਉਸ ਨੂੰ ਯਹੂਦੀ ਰਾਸ਼ਟਰ ਦੇ ਪਿਤਾਮਾ ਦਾ ਦਰਜਾ ਦਿੱਤਾ ਗਿਆ ਜੋ ਅੱਜ ਤੱਕ ਬਰਕਰਾਰ ਹੈ।”

“ਇਸ ਐਲਾਨ ਤੋਂ ਚੰਦ ਮਿੰਟਾਂ ਬਾਅਦ ਨਵੇਂ ਰਾਸ਼ਟਰ ਨੂੰ ਅਮਰੀਕਾ ਨੇ ਮਾਨਤਾ ਦੇ ਦਿੱਤੀ। ਅਗਲੇ ਦਿਨ ਚਾਰ ਦੇਸ਼ਾਂ- ਮਿਸਰ, ਸੀਰੀਆ, ਟਰਾਂਸਜੋਰਡਨ (ਹੁਣ ਜੌਰਡਨ ਜਾਂ ਅਰਬੀ ਨਾਮ ਯੁਰਦਨ) ਤੇ ਇਰਾਕ ਦੀਆਂ ਫ਼ੌਜਾਂ ਫ਼ਲਸਤੀਨ ਵਿੱਚ ਦਾਖ਼ਲ ਹੋ ਗਈਆਂ। ਇਸ ਤਰ੍ਹਾਂ ਪਹਿਲੀ ਅਰਬ-ਇਜ਼ਰਾਈਲ ਜੰਗ ਸ਼ੁਰੂ ਹੋ ਗਈ। ਪੰਜਵੀਂ ਫ਼ੌਜ ਫ਼ਲਸਤੀਨੀਆਂ ਦੀ ਸੀ। ਅਰਬ ਦੇਸ਼ਾਂ ਦੀ ਯੋਜਨਾ ਸੀ ਕਿ ਇਜ਼ਰਾਈਲ ਨੂੰ ਮੁੱਢ ਤੋਂ ਹੀ ਤਬਾਹ ਕਰ ਦਿੱਤਾ ਜਾਵੇ। ਪਰ ਯਹੂਦੀ ਫ਼ੌਜ ਇਸ ਦੇ ਜਵਾਬ ਲਈ ਤਿਆਰ ਸੀ। ਜੰਗ ਇੱਕ ਸਾਲ ਚੱਲਦੀ ਰਹੀ। ਜਦੋਂ ਜੰਗਬੰਦੀ ਹੋਈ ਤਾਂ ਇਤਿਹਾਸਕ ਫ਼ਲਸਤੀਨ ਅੰਦਰਲੇ ਸੰਯੁਕਤ ਰਾਸ਼ਟਰ ਯੋਜਨਾ ਨਾਲੋਂ ਕਿਤੇ ਵੱਧ ਇਲਾਕੇ ਇਜ਼ਰਾਈਲ ਦੇ ਕਬਜ਼ੇ ਹੇਠ ਸਨ। ਸੰਯੁਕਤ ਰਾਸ਼ਟਰ ਨੇ ਔਟੋਮਨ ਸਾਮਰਾਜ ਵਾਲੇ ਫ਼ਲਸਤੀਨ ਦਾ 55 ਫ਼ੀਸਦੀ ਹਿੱਸਾ ਇਜ਼ਰਾਈਲ ਨੂੰ ਦਿੱਤਾ ਸੀ। ਇਸ ਨੇ ਗਾਜ਼ਾ ਪੱਟੀ ਤੇ ਪੱਛਮੀ ਕੰਢੇ ਦਰਮਿਆਨ ਭੂਗੋਲਿਕ ਤਾਲਮੇਲ ਦੀ ਵਿਵਸਥਾ ਕੀਤੀ ਸੀ। ਜੰਗ ਖ਼ਤਮ ਹੋਣ 'ਤੇ 75 ਫ਼ੀਸਦੀ ਇਲਾਕਾ ਇਜ਼ਰਾਇਲੀ ਕਬਜ਼ੇ ਹੇਠ ਸੀ। ਇਸ ਵਿੱਚ ਪੱਛਮੀ ਯੇਰੂਸ਼ਲਮ ਵੀ ਸ਼ਾਮਿਲ ਸੀ। ਉਂਜ, ਨਾ ਸਿਰਫ਼ ਇਜ਼ਰਾਈਲ ਨੇ ਫ਼ਲਸਤੀਨੀ ਇਲਾਕਾ ਦੱਬਿਆ, ਜੌਰਡਨ ਨੇ ਪੱਛਮੀ ਕੰਢੇ ਤੇ ਪੂਰਬੀ ਯੇਰੂਸ਼ਲਮ ਅਤੇ ਮਿਸਰ ਨੇ ਗਾਜ਼ਾ ਪੱਟੀ ਦੱਬ ਲਈ। ਫ਼ਲਸਤੀਨੀਆ ਕੋਲ ਕੋਈ ਇਲਾਕਾ ਨਹੀਂ ਬਚਿਆ ਜਿਸ ਨੂੰ ਉਹ ਆਪਣਾ ਕਹਿ ਸਕਣ।”…

“…ਅਗਲੀ ਜੰਗ 1967 ਵਿੱਚ ਹੋਈ। ਇਸ ਨੂੰ ਛੇ-ਰੋਜ਼ਾ ਜੰਗ ਕਿਹਾ ਜਾਂਦਾ ਹੈ। ਮਿਸਰ ਦਾ ਰਾਸ਼ਟਰਪਤੀ ਗਮਾਲ ਅਬਦਲ ਨਾਸਿਰ ਅਰਬ ਜਗਤ ਤੋਂ ਇਲਾਵਾ ਆਲਮੀ ਮੰਚਾਂ 'ਤੇ ਵੀ ਕੱਦਾਵਰ ਨੇਤਾ ਕਬੂਲਿਆ ਜਾਂਦਾ ਸੀ। ਇਜ਼ਰਾਈਲ ਵਿਰੁੱਧ ਮੁਹਿੰਮ ਵਿੱਚ ਉਹ ਮੋਹਰੀ ਰਿਹਾ। ਪਰ ਇਜ਼ਰਾਈਲ ਨੇ 5 ਜੂਨ 1967 ਨੂੰ ਅਚਾਨਕ ਹਮਲਾ ਕਰ ਕੇ ਮਿਸਰ ਦੀ ਹਵਾਈ ਫ਼ੌਜ ਨਕਾਰਾ ਬਣਾ ਦਿੱਤੀ। ਇਸ 'ਤੇ ਜੌਰਡਨ ਨੇ ਪੂਰਬ ਵੱਲੋਂ ਅਤੇ ਸੀਰੀਆ ਨੇ ਉੱਤਰ ਵੱਲੋਂ ਇਜ਼ਰਾਈਲ 'ਤੇ ਹਮਲਾ ਕੀਤਾ। ਬਾਕੀ ਅਰਬ ਦੇਸ਼ ਵੀ ਉਨ੍ਹਾਂ ਦੀ ਹਮਾਇਤ 'ਤੇ ਆ ਗਏ, ਪਰ ਮਹਿਜ਼ ਛੇ ਦਿਨਾਂ ਦੇ ਅੰਦਰ ਇਹ ਸਾਰੇ ਮੁਲਕ ਸਫ਼ੈਦ ਝੰਡੇ ਲਹਿਰਾਉਣ ਲੱਗੇ। ਇਜ਼ਰਾਈਲ ਨੇ ਪੂਰਾ ਸਿਨਾਈ ਪ੍ਰਾਇਦੀਪ (ਮਿਸਰ ਦਾ ਏਸ਼ੀਆ ਵਿੱਚ ਪੈਂਦਾ ਇਲਾਕਾ), ਜੌਰਡਨ ਪਾਸੋਂ ਪੱਛਮੀ ਕੰਢਾ ਤੇ ਪੂਰਬੀ ਯੇਰੂਸ਼ਲਮ ਅਤੇ ਸੀਰੀਆ ਪਾਸੋਂ ਗੋਲਾਨ ਹਾਈਟਸ ਖੇਤਰ ਖੋਹ ਲਏ। ਬਾਅਦ ਵਿੱਚ ਹੋਏ ਸਮਝੌਤਿਆਂ ਰਾਹੀਂ ਮਿਸਰ ਤੇ ਜੌਰਡਨ ਨੂੰ ਤਾਂ ਇਲਾਕੇ ਵਾਪਸ ਮਿਲ ਗਏ, ਪਰ ਗੋਲਾਨ ਹਾਈਟਸ ਹੁਣ ਵੀ ਇਜ਼ਰਾਇਲੀ ਕਬਜ਼ੇ ਹੇਠ ਹੈ। ਉਚਾਈ 'ਤੇ ਹੋਣ ਕਾਰਨ ਸੀਰੀਆ 'ਤੇ ਨਜ਼ਰ ਰੱਖਣ ਲਈ ਇਹ ਰਣਨੀਤਕ ਪੱਖੋਂ ਬਹੁਤ ਅਹਿਮ ਹੈ। ਅਸਲੀਅਤ ਤਾਂ ਇਹ ਹੈ ਕਿ ਪੂਰਾ ਇਤਿਹਾਸਕ ਫ਼ਲਸਤੀਨ ਇਸ ਵੇਲੇ ਇਜ਼ਰਾਇਲੀ ਕਬਜ਼ੇ ਹੇਠ ਹੈ। ਦੋ ਦਹਿਸਦੀਆਂ ਤੋਂ ਵੱਧ ਪੁਰਾਣਾ ਯੇਹੂਦਾ ਰਾਸ਼ਟਰ ਹੁਣ ਵਾਲੇ ਇਜ਼ਰਾਈਲ ਦੇ ਰੂਪ ਵਿੱਚ ਫਿਰ ਵਜੂਦ ਵਿੱਚ ਆ ਚੁੱਕਾ ਹੈ।”

## ਇਜ਼ਰਾਈਲ ਨੂੰ ਪਹਿਲਾ ਵੱਡਾ ਝਟਕਾ

“ਨਾਸਿਰ ਦੇ ਇੰਤਕਾਲ ਮਗਰੋਂ ਅਨਵਰ ਸਾਦਾਤ, ਮਿਸਰ ਦਾ ਰਾਸ਼ਟਰਪਤੀ ਬਣਿਆ। ਉਸ ਦੀ ਪਹਿਲੀ ਤਰਜੀਹ ਸਿਨਾਈ ਪ੍ਰਾਇਦੀਪ ਨੂੰ ਇਜ਼ਰਾਈਲ ਤੋਂ ਵਾਪਸ ਲੈਣਾ ਸੀ। ਉਸ ਨੇ ਨਾਸਿਰ ਦੇ ਅਰਬ ਗੱਠਜੋੜਵਾਦ ਦਾ ਉਭਾਰ ਤੇ ਨਿਘਾਰ ਦੇਖਿਆ ਹੋਇਆ ਸੀ। ਉਹ ਇਜ਼ਰਾਈਲ ਨਾਲ ਸਮਝੌਤੇ ਦੇ ਖ਼ਿਲਾਫ਼ ਨਹੀਂ ਸੀ, ਪਰ ਗਿੜਗਿੜਾ ਕੇ ਸਮਝੌਤਾ ਨਹੀਂ ਸੀ ਕਰਨਾ ਚਾਹੁੰਦਾ। ਸਮਝੌਤੇ ਦੀ ਗੱਲ ਤੁਰਨ ਤੋਂ ਪਹਿਲਾਂ ਉਹ ਇਜ਼ਰਾਈਲ ਨੂੰ ਝਟਕਾ ਦੇਣਾ ਚਾਹੁੰਦਾ ਸੀ।…6 ਅਕਤੂਬਰ 1973 ਵਾਲੇ ਦਿਨ, ਜੋ ਯਹੂਦੀਆਂ ਦਾ ਸਭ ਤੋਂ ਮੁਕੱਦਸ ਦਿਹਾੜਾ-ਯੌਮ ਕਿੱਪੁਰ ਸੀ, ਮਿਸਰ ਤੇ ਸੀਰੀਆ ਦੀਆਂ ਫ਼ੌਜਾਂ ਨੇ ਸਿਨਾਈ ਤੇ ਗੋਲਾਨ ਹਾਈਟਸ ਉੱਪਰ ਅਚਾਨਕ ਹਮਲਾ ਕਰ ਦਿੱਤਾ। ਇਜ਼ਰਾਈਲ ਇਸ ਹਮਲੇ ਲਈ ਤਿਆਰ ਨਹੀਂ ਸੀ। ਇਹ ਪਹਿਲੀ ਵਾਰ ਸੀ ਕਿ ਜਦੋਂ ਇਜ਼ਰਾਇਲੀ ਖ਼ੁਫ਼ੀਆ ਤੰਤਰ, ਅਰਬਾਂ ਦੀਆਂ ਯੋਜਨਾਵਾਂ ਦੀ ਸੂਹ ਲੈਣ ਵਿੱਚ ਨਾਕਾਮ ਰਿਹਾ। ਭਾਵੇਂ ਇਜ਼ਰਾਈਲ , ਅਮਰੀਕਾ ਦੀ ਫ਼ੌਜੀ ਮਦਦ ਸਦਕਾ ਮਿਸਰ ਤੇ ਸੀਰੀਆ ਨੂੰ ਪਛਾੜਨ ਵਿੱਚ ਕਾਮਯਾਬ ਰਿਹਾ ਪਰ ਇਹ ਹਕੀਕਤ ਜੱਗ-ਜ਼ਾਹਿਰ ਹੋ ਗਈ ਕਿ ਉਹ ਏਨਾ ਤਾਕਤਵਰ ਨਹੀਂ ਕਿ ਉਸ ਨੂੰ ਹਰਾਇਆ ਨਾ ਜਾ ਸਕੇ। ਇਹ ਅਸਲੀਅਤ ਵੀ ਸਾਹਮਣੇ ਆ ਗਈ ਕਿ ਜੇਕਰ ਅਮਰੀਕਾ ਮਦਦ 'ਤੇ ਨਾ ਆਉਂਦਾ ਤਾਂ ਯੁੱਧ ਦਾ ਅੰਤ ਕੋਈ ਹੋਰ ਹੋ ਸਕਦਾ ਸੀ। ਇਸੇ ਝਟਕੇ ਨੇ ਇਜ਼ਰਾਈਲ ਨੂੰ ਮਿਸਰ ਨਾਲ ਸਮਝੌਤੇ ਦੇ ਰਾਹ ਪਾਇਆ। ਸਮਝੌਤੇ ਰਾਹੀਂ ਮਿਸਰ ਨੂੰ 1976 ਵਿੱਚ ਸਿਨਾਈ ਵਾਪਸ ਮਿਲ ਗਿਆ। ਦੋਵਾਂ ਦੇਸ਼ਾਂ ਦਰਮਿਆਨ ਉਦੋਂ ਤੋਂ ਅਮਨ-ਅਮਾਨ ਚੱਲਿਆ ਆ ਰਿਹਾ ਹੈ।…ਯੌਮ ਕਿੱਪੁਰ ਯੁੱਧ ਤੋਂ ਪਹਿਲਾਂ ਖ਼ੁਫ਼ੀਆ ਏਜੰਸੀਆਂ ਦੀ ਨਾਕਾਮੀ ਇਜ਼ਰਾਇਲੀ ਸਿਆਸਤ ਵਿੱਚ ਲੇਬਰ ਪਾਰਟੀ ਦੀ ਚੌਧਰ ਦੇ ਪਤਨ ਦੀ ਵਜ੍ਹਾ ਸਾਬਤ ਹੋਈ। ਇਹ ਪਾਰਟੀ 1976 ਮਗਰੋਂ ਆਪਣੇ ਬਲਬੂਤੇ ਸੱਤਾ ਵਿੱਚ ਨਹੀਂ ਆ ਸਕੀ।”

## ਕੈਂਪ ਡੇਵਿਡ ਤੇ ਓਸਲੋ ਸਮਝੌਤੇ

“ਫ਼ਲਸਤੀਨੀ ਅਰਬਾਂ ਪਾਸੋਂ ਸਰਜ਼ਮੀਂ ਤਾਂ 1948 ਵਿੱਚ ਹੀ ਖੁੱਸ ਗਈ ਸੀ। ਉਸ ਪਿੱਛੋਂ ਉਨ੍ਹਾਂ ਨੂੰ ਵੱਖ ਵੱਖ ਗੁਆਂਢੀ ਮੁਲਕਾਂ ਵਿੱਚ ਪਨਾਹ ਲੈਣੀ ਪਈ ਸੀ। ਸਭ ਤੋਂ ਵੱਧ ਸ਼ਰਨਾਰਥੀ, ਜੌਰਡਨ ਵਿੱਚ ਵਸਾਏ ਗਏ। ਉੱਥੇ ਇਨ੍ਹਾਂ ਦੀ ਵਸੋਂ ਇੱਕ ਸਮੇਂ ਜੌਰਡਨ ਦੀ ਅਸਲ ਵਸੋਂ ਨਾਲੋਂ ਵੱਧ ਗਈ। ਜੌਰਡਨ, ਇਜ਼ਰਾਈਲ ਨਾਲ ਅਮਨ ਬਣਾਈ ਰੱਖਣਾ ਚਾਹੁੰਦਾ ਸੀ, ਪਰ ਫ਼ਲਸਤੀਨੀ ਛਾਪਾਮਾਰ ਦਸਤਿਆਂ ਦੇ ਇਜ਼ਰਾਇਲੀ ਇਲਾਕਿਆਂ ਉੱਤੇ ਧਾਵੇ ਤੇ ਹਿੰਸਕ ਗਤੀਵਿਧੀਆਂ ਜੌਰਡਨ ਦੀ ਸਿਰਦਰਦੀ ਵਧਾਉਂਦੀਆਂ ਗਈਆਂ।…ਯਾਸਿਰ ਅਰਾਫ਼ਾਤ ਦੀ ਅਗਵਾਈ ਵਾਲਾ ਅਲ-ਫ਼ਤਾਹ (ਜਾਂ ਫ਼ਤਾਹ) ਗੁੱਟ ਸਭ ਤੋਂ ਤਾਕਤਵਰ ਫ਼ਲਸਤੀਨੀ ਗੁੱਟ ਸੀ। ਇਜ਼ਰਾਈਲ ਦੀ ਸ਼ਰਤ ਇੱਕੋ ਸੀ ਕਿ ਉਹ ਕਿਸੇ ਵੀ ਦਹਿਸ਼ਤੀ ਸੰਗਠਨ ਨਾਲ ਗੱਲਬਾਤ ਨਹੀਂ ਕਰੇਗਾ। ਫ਼ਤਾਹ ਨੂੰ ਪੁਰਅਮਨ ਜਥੇਬੰਦੀ 'ਫ਼ਲਸਤੀਨ ਮੁਕਤੀ ਸੰਗਠਨ (ਪੀਐੱਲਓ) ਦਾ ਜਾਮਾ ਪਹਿਨਾਉਣ ਦੀ ਮਜਬੂਰੀ ਉਪਰੋਕਤ ਇਜ਼ਰਾਇਲੀ ਸ਼ਰਤ ਵਿੱਚੋਂ ਹੀ ਉਪਜੀ। ਇਹ ਜਾਮਾ-ਬਦਲੀ ਅੰਤ ਅਮਰੀਕਾ ਤੇ ਹੋਰ ਦੇਸ਼ਾਂ ਦੇ ਦਬਾਅ ਤੇ ਵਿਚੋਲਗਿਰੀ ਸਦਕਾ ਕੈਂਪ ਡੇਵਿਡ ਤੇ ਓਸਲੋ ਸੰਧੀਆਂ ਸਿਰੇ ਚੜ੍ਹਨ ਵਿੱਚ ਸਹਾਈ ਸਾਬਤ ਹੋਈ। ਇਨ੍ਹਾਂ ਸੰਧੀਆਂ ਨੇ ਹੀ 1988 ਵਿੱਚ ਗਾਜ਼ਾ ਪੱਟੀ ਤੇ ਜੌਰਡਨ ਦਰਿਆ ਦੇ ਪੱਛਮੀ ਕੰਢੇ ਫ਼ਲਸਤੀਨੀਆਂ ਦੀ ਵਾਪਸੀ ਸੰਭਵ ਬਣਾਈ। ਇੱਥੋਂ ਹੀ 'ਇੱਕ ਭੂਮੀ, ਦੋ ਰਾਸ਼ਟਰ' ਵਾਲੇ ਸੰਕਲਪ ਦਾ ਉਦਗਮ ਹੋਇਆ। ਪੀਐੱਲਓ ਨੇ ਆਪਣੀ ਰਾਜਧਾਨੀ ਪੱਛਮੀ ਕੰਢੇ ਦੇ ਸ਼ਹਿਰ ਰਾਮੱਲ੍ਹਾ ਵਿੱਚ ਕਾਇਮ ਕੀਤੀ। ਉੱਥੋਂ ਇਹ ਹੁਣ ਵੀ ਆਪਣਾ ਨੀਮ-ਖ਼ੁਦਮੁਖ਼ਤਾਰ 'ਪ੍ਰਸ਼ਾਸਨ' ਚਲਾ ਰਹੀ ਹੈ। ਇਹ 'ਪ੍ਰਸ਼ਾਸਨ' ਮਹਿਜ਼ ਪੱਛਮੀ ਕੰਢੇ ਤੱਕ ਸੀਮਤ ਹੈ ਕਿਉਂਕਿ 2005 ਤੋਂ ਗਾਜ਼ਾ 'ਤੇ ਹਮਾਸ ਕਾਬਜ਼ ਸੀ। ਉਹ ਫ਼ਤਾਹ ਜਾਂ ਪੀ.ਐੱਲ.ਓ. ਦਾ ਵਿਰੋਧੀ ਸੀ। ਉਂਜ, ਹੁਣ ਤਾਂ ਇਜ਼ਰਾਈਲ ਪੀਐੱਲਓ ਨੂੰ ਵੀ ਖ਼ਾਰਿਜ ਕਰਨ ਦੇ ਰਾਹ ਪੈ ਚੁੱਕਾ ਹੈ।”

“…ਮੁਸਲਮਾਨਾਂ ਲਈ ਯੇਰੂਸ਼ਲਮ ਦੀ ਅਲ-ਅਕਸਾ ਮਸਜਿਦ ਮੱਕੇ ਤੇ ਮਦੀਨੇ ਤੋਂ ਬਾਅਦ ਤੀਜਾ ਸਭ ਤੋਂ ਮੁਕੱਦਸ ਅਸਥਾਨ ਹੈ। ਦਰਅਸਲ, 623 ਈਸਵੀ ਤੋਂ ਪਹਿਲਾਂ ਨਮਾਜ਼ ਯੇਰੂਸ਼ਲਮ ਵੱਲ ਮੂੰਹ ਕਰ ਕੇ ਪੜ੍ਹੀ ਜਾਂਦੀ ਸੀ। ਯੇਰੂਸ਼ਲਮ ਦੀ ਸਭ ਤੋਂ ਉੱਚੀ ਪਹਾੜੀ ਦੇ ਜਿਹੜੇ ਦਾਲਾਨ ਵਿੱਚ ਇਹ ਮਸਜਿਦ ਸਥਿਤ ਹੈ, ਉਸ ਨੂੰ ਮੁਸਲਿਮ ਹਰਮ ਅਸ਼-ਸ਼ਰੀਫ਼ ਜਾਂ ਮੁਕੱਦਸ ਪਨਾਹਗਾਹ ਮੰਨਦੇ ਹਨ। ਇਸਲਾਮੀ ਮਾਨਤਾਵਾਂ ਮੁਤਾਬਿਕ ਹਜ਼ਰਤ ਮੁਹੰਮਦ ਸਾਹਿਬ ਖੰਭਾਂ ਵਾਲੇ ਘੋੜੇ (ਅਲ ਬਰਾਕ) 'ਤੇ ਇੱਥੇ ਇੱਕ ਰਾਤ ਆਏ ਸਨ। ਇਸੇ ਦਾਲਾਨ ਵਿੱਚ ਯਹੂਦੀ ਤੀਰਥ ਡੋਮ ਆਫ ਦਿ ਰੌਕ (ਚਟਾਨੀ ਗੁੰਬਦ) ਸਥਿਤ ਹੈ। ਯਹੂਦੀਆਂ ਦਾ ਯਕੀਨ ਹੈ ਕਿ ਇਸੇ ਪਾਵਨ ਦਾਲਾਨ ਵਿੱਚ ਕਦੇ ਉਨ੍ਹਾਂ ਦੇ ਪ੍ਰਾਚੀਨ ਮੰਦਿਰ ਹੋਇਆ ਕਰਦੇ ਸਨ। ਇਸੇ ਦਾਲਾਨ ਦੀ ਚੂਨਾ ਪੱਥਰ ਨਾਲ ਬਣੀ ਇੱਕ ਦੀਵਾਰ ਨੂੰ ਪ੍ਰਾਚੀਨ ਮੰਦਿਰ (ਫਸਟ ਟੈਂਪਲ) ਦੀ ਦੀਵਾਰ ਮੰਨਿਆ ਜਾਂਦਾ ਹੈ। ਇਸ ਨੂੰ 'ਵੇਲਿੰਗ ਵਾਲ' (ਹੰਝੂਆਂ ਦੀ ਦੀਵਾਰ) ਕਿਹਾ ਜਾਂਦਾ ਹੈ। ਯਹੂਦੀ ਇਸ ਦੀਵਾਰ ਨੂੰ ਚੁੰਮਦੇ ਹਨ ਅਤੇ ਆਪਣੇ ਸਭ ਤੋਂ ਪੁਰਾਣੇ ਧਰਮ-ਅਸਥਾਨ ਦੇ ਹਸ਼ਰ 'ਤੇ ਹੰਝੂ ਵਹਾਉਂਦੇ ਹਨ। ਇਸਾਈਆਂ ਲਈ ਇਹ ਦਾਲਾਨ ਵੀ ਓਨਾ ਹੀ ਪਾਵਨ ਹੈ ਜਿੰਨਾ ਬਾਕੀ ਦੋ ਧਰਮਾਂ ਲਈ। ਉਨ੍ਹਾਂ ਦਾ ਇਤਿਹਾਸ ਦੱਸਦਾ ਹੈ ਕਿ ਇਸ ਅਸਥਾਨ 'ਤੇ ਹਜ਼ਰਤ ਈਸਾ ਨੂੰ ਸਲੀਬ 'ਤੇ ਚੜ੍ਹਾਇਆ ਗਿਆ ਸੀ। … ਉਂਜ, ਯੇਰੂਸ਼ਲਮ ਸ਼ਹਿਰ ਵਿੱਚ ਜਗ੍ਹਾ ਜਗ੍ਹਾ ਤਿੰਨਾਂ ਧਰਮਾਂ ਦੇ ਹੋਰ ਵੀ ਤੀਰਥ ਹਨ।”

ਸਟੈਨਲੀ ਜੌਹਨੀ ਯੇਰੂਸ਼ਲਮ ਵਿੱਚ ਆਪਣੀ ਮੁਲਾਕਾਤ ਇੱਕ ਖੋਜਾਰਥੀ ਮੁਟਿਆਰ ਅਦੀਨਾ (ਬਦਲਿਆ ਨਾਮ) ਨਾਲ ਹੋਣ ਦੀ ਕਹਾਣੀ ਪੇਸ਼ ਕਰਦਾ ਹੈ। ਮੁਕੱਦਸ ਦਾਲਾਨ ਦੀ ਫੇਰੀ ਸਮੇਂ ਉਹ ਉਸ ਦੀ ਗਾਈਡ ਸੀ। ਬਾਅਦ ਵਿੱਚ ਉਹ ਉਸ ਪਾਸੋਂ ਪੁੱਛਦਾ ਹੈ ਕਿ ਇਜ਼ਰਾਇਲੀ ਪ੍ਰਧਾਨ ਮੰਤਰੀ ਬੇਨਿਆਮਿਨ (ਅੰਗਰੇਜ਼ੀ 'ਚ ਬੈਂਜਾਮਿਨ) ਨੇਤਨਯਾਹੂ ਬਾਰੇ ਉਸ ਦੀ ਕੀ ਰਾਇ ਹੈ। ਉਸ ਮੁਟਿਆਰ ਦਾ ਜਵਾਬ ਸੀ: “ਮੈਂ ਉਸ ਦੀਆਂ ਬਹੁਤੀਆਂ ਨੀਤੀਆਂ ਨਾਲ ਸਹਿਮਤ ਨਹੀਂ। ਉਹ ਇਜ਼ਰਾਈਲ ਨੂੰ ਸਿਆਹ ਯੁੱਗ ਵੱਲ ਲਿਜਾ ਰਿਹਾ ਹੈ।” ਫਿਰ ਉਹ ਦੱਸਦੀ ਹੈ ਕਿ ਉਹ ਸੈਕੂਲਰ ਯਹੂਦੀ ਹੈ ਜੋ ਕਿ ਇਜ਼ਰਾਈਲ ਵਿੱਚ ਰਹਿੰਦੇ ਅਰਬਾਂ ਦੇ ਹੱਕਾਂ ਦੀ ਹਿਫ਼ਾਜ਼ਤ ਲਈ ਕੰਮ ਕਰਦੀ ਆਈ ਹੈ। ਇਜ਼ਰਾਈਲ ਵਿੱਚ ਅਰਬ ਵਸੋਂ 21 ਫ਼ੀਸਦੀ ਦੇ ਆਸ-ਪਾਸ ਹੈ। ਉਨ੍ਹਾਂ ਦੀ ਕਨੈਸੈੱਟ (ਪਾਰਲੀਮੈਂਟ) ਵਿੱਚ ਵੀ ਨੁਮਾਇੰਦਗੀ ਹੈ। ਘੱਟੋ-ਘੱਟ ਇੱਕ ਅਰਬ ਮੰਤਰੀ ਹਰ ਸਰਕਾਰ ਦਾ ਹਿੱਸਾ ਬਣਦਾ ਆਇਆ ਹੈ, ਪਰ ਯਹੂਦੀਆਂ ਦੇ ਮੁਕਾਬਲੇ ਵਿੱਤੀ ਪੱਖੋਂ ਉਹ ਗ਼ਰੀਬ ਹਨ। ਉਨ੍ਹਾਂ ਦੀ ਗ਼ੁਰਬਤ ਦੂਰ ਕਰਨ ਪ੍ਰਤੀ ਹਕੂਮਤਾਂ ਨੇ ਕਦੇ ਸੰਜੀਦਗੀ ਨਹੀਂ ਦਿਖਾਈ। ਹੁਣ ਵਾਲੇ ਹਾਲਾਤ ਵਿੱਚ ਸੰਜੀਦਗੀ ਦੀ ਤਵੱਕੋ ਹੀ ਨਹੀਂ ਕੀਤੀ ਜਾ ਸਕਦੀ।

## 7 ਅਕਤੂਬਰ 2023

ਉਪਰੋਕਤ ਤਰੀਕ ਨੂੰ ਹਮਾਸ ਵੱਲੋਂ ਇਜ਼ਰਾਇਲੀ ਭੂਮੀ 'ਤੇ ਢਾਹੇ ਵਹਿਸ਼ੀਆਨਾ ਕਾਰੇ ਤੋਂ ਫ਼ੌਰੀ ਬਾਅਦ ਸਟੈਨਲੀ ਜੌਹਨੀ ਨੇ ਇਜ਼ਰਾਈਲ ਜਾਣਾ ਵਾਜਿਬ ਸਮਝਿਆ ਤਾਂ ਜੋ ਅਸਲ ਸਥਿਤੀ ਬਾਰੇ ਜਾਣਿਆ ਜਾ ਸਕੇ। ਇਸ ਦਾ ਬਿਰਤਾਂਤ ਸੱਤਵੇਂ ਅਧਿਆਇ ਵਿੱਚ ਇਸ ਤਰ੍ਹਾਂ ਦਰਜ ਹੈ:

“ਕੈਨੇਡਾ ਵਿੱਚ ਜਨਮੀ 74 ਸਾਲਾ ਵਿਵੀਅਨ ਸਿਲਵਰ, ਜੋ ਕਿ (ਅਰਬ-ਇਜ਼ਰਾਇਲੀ) ਅਮਨ ਕਾਰਕੁਨ ਸੀ, ਨੇ 7 ਅਕਤੂਬਰ 2023 ਦੀ ਸਵੇਰ ਨੂੰ ਆਪਣੇ ਬੇਟੇ ਨੂੰ ਮੋਬਾਈਲ 'ਤੇ ਇਹ ਟੈਕਸਟ-ਸੰਦੇਸ਼ ਭੇਜਿਆ: “ਬਸ ਕਤਲੇਆਮ ਹੋਣ ਵਾਲਾ ਹੈ…।” ਉਹ ਦੱਖਣੀ ਇਜ਼ਰਾਈਲ ਵਿੱਚ ਗਾਜ਼ਾ ਸਰਹੱਦ ਦੇ ਨੇੜੇ ਬੀਅ'ਰੀ ਕਿਬੁੱਟਜ਼ (ਯਹੂਦੀ ਪਿੰਡ) ਵਿੱਚ ਰਹਿੰਦੀ ਸੀ। 1200 ਵਸਨੀਕਾਂ ਵਾਲਾ ਇਹ ਪਿੰਡ। ਸਵੇਰੇ 10 ਵਜੇ ਸਾਇਰਨ ਵੱਜਣੇ ਸ਼ੁਰੂ ਹੋ ਗਏ ਤੇ ਫਿਰ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਫਿਰ ਹਥਿਆਰ ਲਹਿਰਾਉਂਦੇ ਹੋਏ ਮਿਲੀਟੈਂਟਾਂ ਦੀਆਂ ਤਸਵੀਰਾਂ ਵੱਟਸਐਪ 'ਤੇ ਸਰਕੂਲੇਟ ਹੋਣ ਲੱਗੀਆਂ। ਹਮਾਸ ਦੇ ਫ਼ੌਜੀ ਵਿੰਗ 'ਅਲ-ਕਾਸਿਮ ਬ੍ਰਿਗੇਡਜ਼' ਦੀ ਨੁਸੇਰੀਅਤ ਬਟਾਲੀਅਨ ਨਾਲ ਸਬੰਧਿਤ 70 ਮਿਲੀਟੈਂਟਾਂ ਨੇ ਪਿੰਡ 'ਤੇ ਹਮਲਾ ਕੀਤਾ ਸੀ। ਪਿੰਡ ਵਿੱਚ 10 ਸੁਰੱਖਿਆ ਮੁਲਾਜ਼ਮ ਸਨ, ਪਰ ਹਮਲਾ ਏਨਾ ਅਚਨਚੇਤੀ ਸੀ ਕਿ ਉਹ ਬਹੁਤਾ ਟਾਕਰਾ ਨਹੀਂ ਕਰ ਸਕੇ।…ਵਿਵੀਅਨ 20 ਵਰ੍ਹਿਆਂ ਤੋਂ ਫ਼ਲਸਤੀਨੀਆਂ ਤੇ ਇਜ਼ਰਾਇਲੀਆਂ ਦਰਮਿਆਨ ਅਮਨ ਲਈ ਕੰਮ ਕਰਦੀ ਆ ਰਹੀ ਸੀ, ਪਰ ਉਸ ਨੂੰ ਪਤਾ ਸੀ ਕਿ ਹਮਲਾਵਰਾਂ ਨੇ ਉਸ ਪ੍ਰਤੀ ਕੋਈ ਦਇਆ ਨਹੀਂ ਦਿਖਾਉਣੀ।… 10.41 'ਤੇ ਹਮਲਾਵਰ ਉਸ ਦੇ ਘਰ ਆ ਵੜੇ। ਉਸ ਦੇ ਤਹਿਖ਼ਾਨੇ ਦੇ ਲੋਹੇ ਦੇ ਬੂਹੇ ਨੂੰ ਰਾਕੇਟ ਨਾਲ ਵਿੰਨ੍ਹ ਦਿੱਤਾ। ਫਿਰ ਘਰ ਨੂੰ ਗ੍ਰੇਨੇਡਾਂ ਨਾਲ ਫ਼ਨਾਹ ਕਰ ਦਿੱਤਾ ਗਿਆ।…ਕੁਝ ਵੀ ਸਲਾਮਤ ਨਹੀਂ ਬਚਿਆ। ਵਿਵੀਅਨ ਦੀ ਮੌਤ ਦੀ ਪੁਸ਼ਟੀ ਉਸ ਦੇ ਜਬਾੜੇ ਦੀ ਹੱਡੀ ਦੇ ਇੱਕ ਟੁਕੜੇ ਵਿੱਚ ਫਸੇ ਚਾਰ ਦੰਦਾਂ ਦੇ ਡੀਐੱਨਏ ਟੈਸਟ ਤੋਂ ਹੋਈ। ਜਬਾੜੇ ਦਾ ਇਹੋ ਹਿੱਸਾ ਸਲਾਮਤ ਮਿਲਿਆ। ਬਾਕੀ ਸਭ ਕੁਝ ਸੁਆਹ ਵਿੱਚ ਬਦਲ ਗਿਆ ਸੀ। ਇਹੋ ਹਸ਼ਰ ਪਿੰਡ ਦੇ 209 ਹੋਰ ਵਸਨੀਕਾਂ ਦਾ ਹੋਇਆ। 30 ਹੋਰ ਅਗਵਾ ਕਰ ਲਏ ਗਏ।”

ਸਟੈਨਲੀ ਅਪਰੈਲ 2024 ਵਿੱਚ ਵਿਵੀਅਨ ਨੂੰ ਉਸ ਦੇ ਘਰ ਵਿੱਚ ਮਿਲਿਆ ਸੀ। ਉਸ ਨੇ ਦੋ ਕੌਮਾਂ ਦਰਮਿਆਨ ਅਮਨ ਦੀ ਬਹਾਲੀ ਵਾਸਤੇ ਵਿਵੀਅਨ ਦੇ ਯਤਨਾਂ ਨੂੰ ਅੱਖੀਂ ਦੇਖਿਆ ਸੀ। ਵਿਵੀਅਨ ਦੇ ਆਖ਼ਰੀ ਪਲਾਂ ਦੇ ਬਿਰਤਾਂਤ ਵਿੱਚ ਬੜੀ ਮਾਰਮਿਕਤਾ ਹੈ। ਇਹ ਬਿਰਤਾਂਤ ਵਿਵੀਅਨ ਦੇ ਫੋਨ ਰਿਕਾਰਡ ਤੋਂ ਉਸਾਰਿਆ ਗਿਆ। ਉਹ ਲਿਖਦਾ ਹੈ ਕਿ ਇਜ਼ਰਾਇਲੀ ਫ਼ੌਜ ਨੂੰ ਮਈ ਮਹੀਨੇ ਵਿੱਚ ਇਹ ਪਤਾ ਲੱਗ ਗਿਆ ਸੀ ਕਿ ਹਮਾਸ ਕਿਸੇ ਵੱਡੇ ਕਾਰੇ ਦੀ ਤਿਆਰੀ ਕਰ ਰਹੀ ਹੈ। ਇਸ ਕਾਰੇ ਨੂੰ ਅਮਲੀ ਰੂਪ ਦੇਣ ਦੇ ਤੌਰ-ਤਰੀਕਿਆਂ ਦੀ ਖ਼ੁਫ਼ੀਆ ਜਾਣਕਾਰੀ ਵੀ ਸੀਨੀਅਰ ਫ਼ੌਜੀ ਅਧਿਕਾਰੀਆਂ ਤੱਕ ਪਹੁੰਚ ਗਈ ਸੀ। ਪਰ ਉੱਚ ਅਧਿਕਾਰੀਆਂ ਨੇ ਇਸ ਸਾਜ਼ਿਸ਼ ਨੂੰ ਅਮਲੀ ਰੂਪ ਦੇਣ ਦੀ ਹਮਾਸ ਦੀ ਸਮਰੱਥਾ 'ਤੇ ਸ਼ੁਬਹੇ ਪ੍ਰਗਟਾਏ। ਇਹੋ ਅਵੇਸਲਾਪਣ ਅੰਤ ਵਿੱਚ ਘਾਤਕ ਸਾਬਤ ਹੋਇਆ।

## ਇਜ਼ਰਾਇਲੀ ਕਹਿਰ

“…ਹਮਾਸ ਦੇ ਹਮਲੇ ਮਗਰੋਂ ਇਜ਼ਰਾਈਲ ਨੇ ਗਾਜ਼ਾ ਉੱਪਰ ਕਹਿਰੀ ਬੰਬਾਰੀ ਸ਼ੁਰੂ ਕਰ ਦਿੱਤੀ। ਨੇਤਨਯਾਹੂ ਨੇ ਐਲਾਨ ਕੀਤਾ: 'ਇਜ਼ਰਾਈਲ ਹੁਣ ਕਿਸੇ ਨੂੰ ਨਹੀਂ ਬਖ਼ਸ਼ੇਗਾ।…ਸਾਡਾ ਬਦਲਾ ਹਮਾਸ ਨੂੰ ਮਲੀਆਮੇਟ ਕਰ ਦੇਵੇਗਾ।' ਹਮਾਸ ਤਾਂ ਮਲੀਆਮੇਟ ਨਹੀਂ ਹੋਈ, ਗਾਜ਼ਾ ਪੱਟੀ ਜ਼ਰੂਰ ਖੰਡਰਾਂ ਵਿੱਚ ਬਦਲ ਗਈ। … ਦੁਸ਼ਮਣ ਖ਼ਿਲਾਫ਼ ਬੇਹਿਸਾਬੀ ਤਾਕਤ ਦੀ ਵਰਤੋਂ, ਇਜ਼ਰਾਈਲ ਦਾ ਜਾਣਿਆ-ਪਛਾਣਿਆ ਤੌਰ-ਤਰੀਕਾ ਹੈ। ਇਸ ਨੂੰ 'ਦਾਹੀਆ ਸਿਧਾਂਤ' ਕਿਹਾ ਜਾਂਦਾ ਹੈ। ਲੈਬਨਾਨ ਵਿੱਚ ਸ਼ੀਆ ਖਾੜਕੂ ਸੰਗਠਨ 'ਹਿਜ਼ਬੁੱਲ੍ਹਾ' ਖ਼ਿਲਾਫ਼ 2006 ਦੀ ਜੰਗ ਦੌਰਾਨ ਇਜ਼ਰਾਈਲ ਨੇ ਪਹਿਲੀ ਵਾਰ ਦਾਹੀਆ ਨਾਮੀ ਪਿੰਡ ਉੱਤੇ ਬੇਹਿਸਾਬੀ ਬੰਬਾਰੀ ਕਰ ਕੇ ਇੱਕ ਵੀ ਇਮਾਰਤ ਸਲਾਮਤ ਨਹੀਂ ਛੱਡੀ। ਇਸ ਤੋਂ ਬਾਅਦ ਇਸੇ ਵਿਧੀ ਨੂੰ ਹਿਜ਼ਬੁੱਲ੍ਹਾ ਤੇ ਹਮਾਸ ਖ਼ਿਲਾਫ਼ ਹਰ ਅਪਰੇਸ਼ਨ ਦੌਰਾਨ ਅਜ਼ਮਾਇਆ ਗਿਆ। ਨਾ ਮਾਸੂਮਾਂ ਦੀਆਂ ਜਾਨਾਂ ਦੀ ਪਰਵਾਹ, ਨਾ ਵਾਤਾਵਰਨ ਦੇ ਵਿਗਾੜ ਦੀ। ਗਾਜ਼ਾ ਇਸ ਸਿਧਾਂਤ ਦੀ ਵਹਿਸ਼ਤ ਦੀ ਪ੍ਰਤੱਖ ਮਿਸਾਲ ਹੈ।” ਮੌਜੂਦਾ ਘਟਨਾਕ੍ਰਮ ਦੇ ਕਈ ਚਸ਼ਮਦੀਦ ਬਿਰਤਾਂਤ ਹਨ ਕਿਤਾਬ ਵਿੱਚ। ਨਵੀਆਂ ਜਾਣਕਾਰੀਆਂ ਵੀ ਕਾਫ਼ੀ ਮਾਤਰਾ ਵਿੱਚ ਹਨ। ਅੰਤ ਵਿੱਚ ਸਟੈਨਲੀ ਜੌਹਨੀ ਲਿਖਦਾ ਹੈ ਕਿ “ਅਮਰੀਕਾ ਜਦੋਂ ਪਿੱਠ 'ਤੇ ਹੋਵੇ ਤਾਂ ਹਰ ਗੁਨਾਹ ਮੁਆਫ਼ ਹੈ। ਇਹੋ ਕੁਝ ਇਜ਼ਰਾਈਲ ਦੇ ਮਾਮਲੇ ਵਿੱਚ ਵਾਪਰ ਰਿਹਾ ਹੈ। ਕਿਸੇ ਵੀ ਮੁਲਕ ਨੇ ਉਸ ਨਾਲ ਸਫ਼ਾਰਤੀ ਨਾਤਾ ਨਹੀਂ ਤੋੜਿਆ।…ਅਰਬਾਂ ਨੇ ਵੀ ਸਿਰਫ਼ ਰਾਜਦੂਤ ਵਾਪਸ ਬੁਲਾਏ ਹਨ, ਸਫ਼ਾਰਤਖ਼ਾਨੇ ਬੰਦ ਨਹੀਂ ਕੀਤੇ। ਅਜਿਹੇ ਆਲਮ ਵਿੱਚ ਮੋਦੀ ਦੇ ਭਾਰਤ ਤੋਂ ਕੋਈ ਵੱਡੀ ਤਵੱਕੋ ਕਿਵੇਂ ਕੀਤੀ ਜਾ ਸਕਦੀ ਹੈ?”

ਲੇਖਕ : ਡਾ. ਗੁਰਨਾਮ ਸਿੰਘ
ਸੰਪਰਕ: 88472-82812

# ਖ਼ਾਲੀ ਕਿਉਂ ਹੋ ਰਿਹੈ ਪੰਜਾਬ?




ਆਧੁਨਿਕ ਸਮਾਜਿਕ, ਆਰਥਿਕ ਅਤੇ ਵਿਦਿਅਕ ਵਿਵਸਥਾ, ਜਿਸ ਮਨੁੱਖ ਦੀ ਸਿਰਜਣਾ ਵੱਲ ਰੁਚਿਤ ਹੈ, ਉਹ ਮੰਡੀ ਦੀ ਵਸਤ ਅਤੇ ਅਤ੍ਰਿਪਤੀ ਦੀ ਅੱਗ ਵਿੱਚ ਝੁਲਸਦਾ ਪ੍ਰਤੀਤ ਹੁੰਦਾ ਹੈ ਕਿਉਂਕਿ ਸਮਾਜਿਕ ਜੀਵਨ ਦਾ ਮਿਆਰ: ਸਬਰ-ਸੰਤੋਖ ਅਤੇ ਆਪਸੀ ਪਿਆਰ ਮਿਲਵਰਤਣ ਨਾ ਹੋ ਕੇ ਪਦਾਰਥਕ ਬਹੁਤਾਤ ਉੱਪਰ ਨਿਰਭਰ ਹੈ। ਸ਼ਾਇਦ ਇਹੀ ਕਾਰਨ ਹੈ ਕਿ ਬਚਪਨ ਤੋਂ ਹੀ ਬੱਚੇ ਨੂੰ ਮੰਡੀ ਲਈ ਤਿਆਰ ਕੀਤਾ ਜਾਣ ਲੱਗ ਪਿਆ ਹੈ। ਆਧੁਨਿਕ ਵਿਦਿਅਕ ਢਾਂਚਾ ਵੀ ਕਿਸੇ ਨੈਤਿਕ ਦ੍ਰਿਸ਼ਟੀਕੋਣ ਦੀ ਸਿਰਜਣਾ ਕਰਨ ਦੀ ਬਜਾਏ, ਵਿੱਦਿਆ ਦੇ ਵਪਾਰੀਕਰਨ ਵਾਲੇ ਪਾਸੇ ਵਧੇਰੇ ਰੁਚਿਤ ਹੈ।

ਵਿੱਦਿਅਕ ਅਦਾਰਿਆਂ ਦਾ ਨਿੱਜੀਕਰਨ ਹੋਣ ਕਰਕੇ, ਜਿੱਥੇ ਸਕੂਲਾਂ ਦੀਆਂ ਫੀਸਾਂ ਵਿੱਚ ਵੱਡੀ ਮਾਤਰਾ 'ਚ ਵਾਧਾ ਹੋਇਆ ਹੈ, ਉੱਥੇ ਹੀ ਵਿੱਦਿਆ ਦਾ ਮਿਆਰ ਵੀ ਪਹਿਲਾਂ ਨਾਲੋਂ ਨਿਰੰਤਰ ਹੇਠਾਂ ਡਿੱਗਦਾ ਜਾ ਰਿਹਾ ਹੈ। ਵਿੱਦਿਆ ਸਿੱਖਣ ਜਾਂ ਸਿਖਾਉਣ ਦਾ ਮੰਤਵ ਚੰਗੀ ਨੈਤਿਕ ਸਿੱਖਿਆ ਜਾਂ ਚੰਗੇ ਕਿਰਦਾਰ ਪੈਦਾ ਕਰਨਾ ਨਹੀਂ ਹੈ, ਬਲਕਿ ਬੱਚਿਆਂ ਨੂੰ ਆਪਣੀਆਂ ਖਾਹਿਸ਼ਾਂ ਮਗਰ ਭੱਜਣ ਅਤੇ ਮੰਡੀ ਦੀ ਵਸਤੂ ਬਣਨ ਲਈ ਪ੍ਰੇਰਿਤ ਕਰਨਾ ਹੈ। ਇਸ ਦੇ ਬਹੁਤ ਸਾਰੇ ਨਕਾਰਾਤਮਕ ਨਤੀਜੇ ਅੱਜ ਸਾਡੇ ਸਾਹਮਣੇ ਪ੍ਰਤੱਖ ਹਨ। ਬੱਚੇ ਨੇਕ ਇਨਸਾਨ ਬਣ ਕੇ ਦੇਸ਼ ਦੀ ਸੇਵਾ ਕਰਨ ਲਈ ਵਿੱਦਿਆ ਪ੍ਰਾਪਤ ਨਹੀਂ ਕਰਦੇ ਬਲਕਿ ਜ਼ਮਾਨੇ ਦੇ ਦੌਰ ਅਨੁਸਾਰ ਆਪਣਾ ਵਿਸ਼ਾ ਜਾਂ ਫੀਲਡ ਚੁਣਦੇ ਹਨ ਕਿ ਸਮਾਜ ਵਿੱਚ ਡਾਕਟਰ ਦੀ ਜ਼ਿਆਦਾ ਮੰਗ ਹੈ ਜਾਂ ਇੰਜੀਨੀਅਰ ਦੀ। ਇਹ ਮੰਗ ਅੱਜ ਬਹੁਤ ਸਾਰੇ ਪੜ੍ਹੇ-ਲਿਖੇ ਡਾਕਟਰ, ਇੰਜੀਨੀਅਰ, ਅਫ਼ਸਰ ਅਤੇ ਲੀਡਰ ਤਾਂ ਪੈਦਾ ਕਰ ਰਹੀ ਹੈ, ਪਰ ਇਨ੍ਹਾਂ ਵਿੱਚ ਇਨਸਾਨੀਅਤ ਦੀ ਘਾਟ ਹੈ। ਅਜਿਹੀ ਮਨੁੱਖੀ ਭਾਵਨਾ ਦੂਜਿਆਂ ਲਈ ਸੁਹਿਰਦਤਾ ਅਤੇ ਸਦਭਾਵਨਾ ਨਾਲ ਕਿਵੇਂ ਵਿਚਰ ਸਕਦੀ ਹੈ, ਜਦਕਿ ਸਕੂਲ ਤੋਂ ਹੀ ਬੱਚਿਆਂ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਤੇਰਾ ਸਾਥੀ ਹੀ ਤੇਰਾ ਵਿਰੋਧੀ ਹੈ।

ਸਾਡੇ ਮਨਾਂ ਵਿੱਚ ਤਾਂ ਦੂਜਿਆਂ ਲਈ ਈਰਖਾ ਭਰੀ ਜਾਂਦੀ ਹੈ, ਸਾਨੂੰ ਖੋਹਣਾ ਸਿਖਾਇਆ ਜਾਂਦਾ ਹੈ, ਦੇਣਾ ਤਾਂ ਅਸੀਂ ਕਦੇ ਸਿੱਖੇ ਹੀ ਨਹੀਂ। ਬੱਚਿਆਂ ਵਿੱਚੋਂ ਸਬਰ-ਸੰਤੋਖ, ਵੱਡਿਆਂ ਦਾ ਸਤਿਕਾਰ ਸਭ ਕੁਝ ਵਿਸਰਦਾ ਜਾ ਰਿਹੈ। ਮੋਬਾਈਲ ਫੋਨ ਅਤੇ ਸੋਸ਼ਲ ਮੀਡੀਆ ਦੇ ਰੁਝਾਨ ਨੇ ਪਰਿਵਾਰਾਂ ਵਿੱਚ ਇਸ ਕਦਰ ਦੂਰੀਆਂ ਪੈਦਾ ਕੀਤੀਆਂ ਹਨ ਕਿ ਸਰੀਰਕ ਪੱਧਰ 'ਤੇ ਇੱਕ ਬਿਸਤਰ ਉੱਤੇ ਬੈਠੇ ਹੋਣ ਦੇ ਬਾਵਜੂਦ ਵੀ ਮਾਨਸਿਕ ਤੌਰ 'ਤੇ ਇੱਕ ਦੂਜੇ ਤੋਂ ਕੋਹਾਂ ਦੂਰ ਹੁੰਦੇ ਹਾਂ। ਸਾਨੂੰ ਸਿਖਾਇਆ ਜਾ ਰਿਹੈ ਕਿ ਸੁਖੀ ਜੀਵਨ ਦੀ ਕਾਮਨਾ ਪਦਾਰਥਕ ਸੱਤਾ ਦੁਆਰਾ ਹੀ ਸੰਭਵ ਹੋ ਸਕਦੀ ਹੈ ਅਤੇ ਇਸ ਨੇ ਬੱਚਿਆਂ ਤੋਂ ਉਨ੍ਹਾਂ ਦੀ ਮੌਲਿਕਤਾ ਖੋਹ ਲਈ ਹੈ।

ਮੌਜੂਦਾ ਸਿੱਖਿਆ ਪ੍ਰਣਾਲੀ ਵਿੱਚ ਜਿੱਥੇ ਨੰਬਰ ਜਾਂ ਗ੍ਰੇਡ ਹੀ ਸਭ ਕੁਝ ਨੇ, ਇੱਥੇ ਕਿਤਾਬਾਂ ਵਿੱਚ ਲਿਖੇ ਅੱਖਰ ਹੀ ਮਿਆਰ ਨੇ, ਜਿਨ੍ਹਾਂ ਨੇ ਸਾਡੀ ਆਜ਼ਾਦ ਸੋਚ ਉੱਪਰ ਵੀ ਪ੍ਰਸ਼ਨ ਚਿੰਨ੍ਹ ਲਗਾ ਦਿੱਤੇ ਹਨ। ਛੋਟੀਆਂ ਉਮਰਾਂ ਵਿੱਚ ਹੀ ਕਿਤਾਬਾਂ ਦੇ ਬੋਝ ਨੇ ਬੱਚਿਆਂ ਤੋਂ ਬਚਪਨ ਖੋਹ ਲਿਆ ਹੈ। ਵਿੱਦਿਅਕ ਅਦਾਰਿਆਂ ਨੇ ਖੂਬ ਫੀਸਾਂ ਲੈ ਕੇ ਬੱਚਿਆਂ ਨੂੰ ਕੋਰਸ ਕਰਵਾਏ, ਪਰ ਜਦੋਂ ਨੌਕਰੀ ਦੇਣ ਦੀ ਵਾਰੀ ਆਈ...? ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹੈ ਕਿ ਪੀਐੱਚ.ਡੀ ਕਰਕੇ ਵੀ ਨੌਜੁਆਨ ਮੁੰਡੇ-ਕੁੜੀਆਂ 12-15 ਹਜ਼ਾਰ ਦੀ ਨੌਕਰੀ ਲਈ ਤਰਲੇ ਕੱਢਦੇ ਫਿਰਦੇ ਹਨ। ਜ਼ਿੰਦਗੀ ਦੇ 30-32 ਸਾਲ ਗਾਲ ਕੇ ਵੀ ਜਦੋਂ ਨੌਕਰੀ ਨਹੀਂ ਮਿਲਦੀ ਤਾਂ ਉੱਚ-ਵਿੱਦਿਅਕ ਸੰਸਥਾਵਾਂ ਅਤੇ ਉੱਚ ਵਿੱਦਿਆ ਗ੍ਰਹਿਣ ਕਰਨ ਵਾਲਿਆਂ ਦੀ ਬੇਵਸੀ ਤੇ ਮਜਬੂਰੀ ਪ੍ਰਗਟ ਹੋ ਜਾਂਦੀ ਹੈ। ਵਰਤਮਾਨ ਵਿੱਚ ਤਾਂ ਭ੍ਰਿਸ਼ਟਾਚਾਰ ਇਸ ਕਦਰ ਫੈਲਿਆ ਹੋਇਆ ਹੈ ਕਿ ਲਿਆਕਤ ਦੀ ਤਾਂ ਕੋਈ ਥਾਂ ਹੀ ਨਹੀਂ ਬਚੀ। ਸਿਫਾਰਿਸ਼ ਹੋਣੀ ਬਹੁਤ ਜ਼ਰੂਰੀ ਹੈ, ਬਿਨਾਂ ਸਿਫਾਰਿਸ਼ ਇੱਥੇ ਕੋਈ ਕਿਸੇ ਨੂੰ ਨਹੀਂ ਪੁੱਛਦਾ।

ਇੱਕ ਪੋਸਟ ਨਿਕਲਦੀ ਹੈ ਤਾਂ ਸੈਂਕੜੇ ਲੋਕ ਆਪਣੀ ਕਿਸਮਤ ਅਜ਼ਮਾਉਣ ਤੁਰ ਪੈਂਦੇ ਹਨ, ਪਰ ਨੌਕਰੀ ਜਾਂ ਤਾਂ ਕਿਸੇ ਅਫ਼ਸਰ ਦੇ ਬੱਚੇ ਜਾਂ ਪਰਿਵਾਰ ਦੇ ਮੈਂਬਰ ਨੂੰ ਮਿਲਦੀ ਹੈ। ਇਹ ਭ੍ਰਿਸ਼ਟਾਚਾਰ ਸਿਸਟਮ ਵਿੱਚ ਨਹੀਂ ਬਲਕਿ ਖੂਨ ਵਿੱਚ ਹੈ। ਸਾਡਾ ਸਿਸਟਮ ਸਾਨੂੰ ਭ੍ਰਿਸ਼ਟ ਨਹੀਂ ਕਰਦਾ, ਭ੍ਰਿਸ਼ਟ ਉਹ ਸੋਚ ਕਰਦੀ ਹੈ ਜੋ ਸਾਨੂੰ ਵਿੱਦਿਅਕ ਸੰਸਥਾਵਾਂ ਵੱਲੋਂ ਦਿੱਤੀ ਜਾਂਦੀ ਹੈ। ਕਰੋੜਾਂ ਰੁਪਈਆ ਖ਼ਰਚ ਕਰਕੇ ਜਦੋਂ ਕੋਈ ਡਾਕਟਰ ਬਣਦੈ ਤਾਂ ਉਹ ਸਮਾਜ ਵਿੱਚ ਸੇਵਾ ਕਰਨ ਲਈ ਨਹੀਂ ਆਉਂਦਾ। ਸਭ ਤੋਂ ਪਹਿਲਾਂ ਤਾਂ ਉਹ ਆਪਣੀ ਰਕਮ ਪੂਰੀ ਕਰਦਾ ਹੈ ਜੋ ਉਸ ਨੇ ਪੜ੍ਹਾਈ 'ਤੇ ਖ਼ਰਚ ਕੀਤੀ ਸੀ। ਇਹ ਹਾਲ ਸਿਰਫ਼ ਡਾਕਟਰ ਦਾ ਨਹੀਂ, ਹਰ ਕਿੱਤੇ ਦੇ ਲੋਕਾਂ ਦਾ ਹੈ ਕਿਉਂਕਿ ਲੋਕਾਂ ਦੀਆਂ ਨਿੱਜੀ ਲੋੜਾਂ ਵੀ ਪੂਰੀਆ ਨਹੀਂ ਹੋ ਰਹੀਆਂ। ਸਰਕਾਰੀ ਸਕੂਲਾਂ ਦੇ ਬਾਹਰ ਲਿਖਿਆ ਪੜ੍ਹਦੇ ਸਾਂ, 'ਸਿੱਖਣ ਲਈ ਆਓ, ਸੇਵਾ ਲਈ ਜਾਓ, 'ਵਿਦਿਆ ਮਨੁੱਖ ਦੀ ਤੀਜੀ ਅੱਖ ਹੈ' ਅਤੇ 'ਵਿੱਦਿਆ ਵੀਚਾਰੀ ਤਾਂ ਪਰਉਪਕਾਰੀ', ਪਰ ਅਫ਼ਸੋਸ ਕਿ ਅੱਜ ਵਿੱਦਿਆ ਵੀ ਕੇਵਲ ਇੱਕ ਧੰਦਾ ਹੈ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ 'ਆਸ਼ਕੀ' ਦੇ ਅੱਡੇ ਬਣਦੇ ਜਾ ਰਹੇ ਹਨ, ਜਿੱਥੋਂ ਅਸੀਂ ਚੰਗੇ ਕਿਰਦਾਰ ਪੈਦਾ ਕਰਨੇ ਸਨ। ਅਧਿਆਪਕਾਂ ਅਤੇ ਪ੍ਰੋਫੈਸਰਾਂ ਦੇ ਮਿਆਰ ਡਿੱਗਦੇ ਨਜ਼ਰ ਆ ਰਹੇ ਹਨ, ਜਿਨ੍ਹਾਂ ਨੇ ਸਾਨੂੰ ਸਿੱਖਿਅਤ ਕਰਨਾ ਸੀ।

ਬੇਰੁਜ਼ਗਾਰੀ ਇਸ ਕਦਰ ਵਧੀ ਹੈ ਕਿ ਵੱਧ-ਪੜ੍ਹੇ ਲਿਖੇ ਲੋਕ ਹੀ ਸਭ ਤੋਂ ਵੱਧ ਬੇਰੁਜ਼ਗਾਰ ਨੇ, ਘੱਟ ਪੜ੍ਹੇ ਲਿਖੇ ਕੀ ਕਰਨ? ਉਨ੍ਹਾਂ ਨੇ ਦੇਸ਼ ਛੱਡਣਾ ਹੀ ਪ੍ਰਵਾਨ ਕਰ ਲਿਆ। ਅੱਜ ਪੰਜਾਬ ਦੀ ਹਾਲਤ ਇਹ ਹੋਈ ਪਈ ਹੈ ਕਿ ਦਸਵੀਂ ਕਰਨ ਤੋਂ ਬਾਅਦ ਹਰ ਕੋਈ ਆਇਲਟਸ ਕਰਕੇ ਇੱਥੋਂ ਨਿਕਲ ਜਾਣਾ ਚਾਹੁੰਦੈ। ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਬਈ ਇੱਥੇ ਕਰਨ ਕੀ? ਕਈ ਨਿੱਜੀ ਸਕੂਲਾਂ ਅਤੇ ਕਾਲਜਾਂ ਵਿੱਚ ਅਧਿਆਪਕਾਂ ਦੇ ਖਾਤਿਆਂ ਵਿੱਚ ਪਾਈ ਜਾਂਦੀ ਤਨਖਾਹ ਵਿੱਚ ਵੀ ਘਾਲਾ-ਮਾਲਾ ਕੀਤਾ ਜਾਂਦਾ ਹੈ। ਉਹ ਅਧਿਆਪਕ ਕੀ ਸਿੱਖਿਆ ਦੇਣਗੇ ਜੋ ਆਪ ਸਿਫਾਰਸ਼ ਨਾਲ ਭਰਤੀ ਹੋਏ ਹਨ। ਕੀ ਉਹ ਬੱਚਿਆਂ ਨੂੰ ਇਮਾਨਦਾਰੀ ਅਤੇ ਲਿਆਕਤ ਨਾਲ ਚੱਲਣ ਦੀ ਪ੍ਰੇਰਣਾ ਦੇ ਸਕਣਗੇ?

ਕਿਉਂ ਨਾ ਨੌਜੁਆਨ ਦੇਸ਼ ਛੱਡ ਕੇ ਭੱਜਣ, ਜਿੱਥੇ ਇੰਨੇ ਪੜ੍ਹਿਆ-ਲਿਖਿਆਂ ਦੀ ਐਨੀ ਦੁਰਦਸ਼ਾ ਹੈ, ਉੱਥੇ ਘੱਟ ਪੜ੍ਹਿਆ ਬੰਦਾ ਆਪਣੇ ਲਈ ਕੀ ਆਸ ਰੱਖੇ। ਇਹ ਬਹੁਤ ਵੱਡਾ ਦੁਖਾਂਤ ਹੈ, ਜਿਸ ਬਾਬਤ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਅੱਜ ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਨੇ, ਕੀ ਸਰਕਾਰ ਇਹੀ ਚਾਹੁੰਦੀ ਹੈ? ਨੌਜੁਆਨਾਂ ਲਈ ਵਿੱਦਿਆ ਦਾ ਉੱਚਾ ਮਿਆਰ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਤਾਂ ਦੇਸ਼ ਖੁਸ਼ਹਾਲ ਹੋਵੇਗਾ। ਨਹੀਂ ਤਾਂ ਅਸੀਂ ਮੰਡੀ ਦੀ ਵਸਤ ਵਾਂਗ ਥਾਂ-ਥਾਂ ਭਟਕ ਕੇ ਆਪਣੀ ਕੀਮਤ ਪਵਾਉਣ ਵਿੱਚ ਹੀ ਜ਼ਿੰਦਗੀ ਗੁਜ਼ਾਰ ਦੇਵਾਂਗੇ।

ਲੇਖਕ : ਗੁਰਮੀਤ ਸਿੰਘ ਪਲਾਹੀ
ਫੋਨ: 98158-02070

# ਉਜਾੜਾ ਅਤੇ ਪ੍ਰਵਾਸ

## ਅਤਿਅੰਤ ਪੀੜਾਦਾਇਕ

ਨਿੱਤ ਦਿਹਾੜੇ ਸੈਂਕੜਿਆਂ ਦੀ ਗਿਣਤੀ 'ਚ ਜਬਰੀ ਹੱਥਾਂ 'ਚ ਹੱਥਕੜੀਆਂ, ਪੈਰਾਂ 'ਚ ਬੇੜੀਆਂ ਨਾਲ ਜਕੜ ਕੇ ਪ੍ਰਵਾਸੀ ਅਮਰੀਕਾ 'ਚੋਂ ਕੱਢੇ ਜਾ ਰਹੇ ਹਨ। ਅਮਰੀਕਾ ਵਸਦੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਲੱਖਾਂ ਵਿਚ ਹੈ। ਮੈਕਸੀਕੋ, ਭਾਰਤ ਅਤੇ ਹੋਰ ਦੇਸ਼ਾਂ ਦੇ ਬਾਸ਼ਿੰਦੇ ਰੁਜ਼ਗਾਰ ਅਤੇ ਚੰਗੇ ਭਵਿੱਖ ਖ਼ਾਤਰ ਏਜੰਟਾਂ ਦੇ ਚੜ੍ਹੇ ਚੜ੍ਹ ਕੇ ਅਮਰੀਕਾ ਪੁੱਜੇ, ਸਰਕਾਰੀ ਸ਼ਿਕੰਜੇ 'ਚ ਗ਼ੈਰਕਾਨੂੰਨੀ ਹੋਣ ਕਾਰਨ ਜਕੜੇ ਗਏ। ਅਮਰੀਕਾ ਦੀ ਨਵੀਂ ਹਕੂਮਤ ਆਉਣ 'ਤੇ ਉਨ੍ਹਾਂ ਵਿਚੋਂ ਵੱਡੀ ਗਿਣਤੀ ਪ੍ਰਵਾਸੀਆਂ ਨੂੰ ਡਿਟੈਂਸ਼ਨ ਸੈਂਟਰ 'ਚ ਧੱਕ ਦਿੱਤਾ ਗਿਆ, ਜਿੱਥੇ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ ਅਤੇ ਮੁੜ ਉਨ੍ਹਾਂ ਨੂੰ ਉੱਥੋਂ ਦੇ ਸਖ਼ਤ ਕਾਨੂੰਨ ਅਨੁਸਾਰ ਫ਼ੌਜੀ ਹਵਾਈ ਜਹਾਜ਼ਾਂ ਰਾਹੀਂ ਉਨ੍ਹਾਂ ਦੇ ਆਪਣੇ ਦੇਸ਼ ਭੇਜਿਆ ਜਾ ਰਿਹਾ ਹੈ। ਇਹ ਉਹ ਪ੍ਰਵਾਸੀ ਹਨ ਜਿਹੜੇ ਲੱਖਾਂ ਰੁਪਏ ਖ਼ਰਚ ਕੇ ਡੌਂਕੀ ਰੂਟਾਂ ਰਾਹੀਂ ਵੱਡੇ ਕਸ਼ਟ ਝੱਲ ਕੇ ਅਮਰੀਕਾ ਪੁੱਜੇ ਸਨ। ਇੱਕ ਰਿਪੋਰਟ ਮੁਤਾਬਕ ਕੁਝ ਸਮੇਂ 'ਚ ਹੀ ਲਗਭਗ 18000 ਗ਼ੈਰਕਾਨੂੰਨੀ ਪ੍ਰਵਾਸੀ ਭਾਰਤੀ ਦੇਸ਼ ਪਰਤਾ ਦਿੱਤੇ ਜਾਣਗੇ। ਗ਼ੈਰ-ਕਾਨੂੰਨੀ ਪ੍ਰਵਾਸੀਆਂ ਦਾ ਇਹ ਪ੍ਰਤੱਖ ਸਿੱਟਾ ਦੁਖਦਾਇਕ ਹੈ। ਇਸ ਤੋਂ ਵੱਧ ਪੀੜਾਦਾਇਕ ਕੈਨੇਡਾ, ਅਮਰੀਕਾ ਵਸਦੇ ਉਨ੍ਹਾਂ ਲੋਕਾਂ ਦੇ ਡਗਮਗਾਉਂਦੇ ਭਵਿੱਖ ਦੀ ਵਾਰਤਾ ਹੈ, ਜੋ ਉਨ੍ਹਾਂ ਦੇਸ਼ਾਂ ਦੇ ਕਾਨੂੰਨਾਂ ਦੇ ਥਪੇੜੇ ਝੱਲ ਰਹੇ ਹਨ, ਜਿਹੜੇ ਇਸ ਆਸ ਨਾਲ ਉਨ੍ਹਾਂ ਦੇਸ਼ਾਂ 'ਚ ਚੰਗੇਰੇ ਭਵਿੱਖ ਲਈ ਵਿਦਿਆਰਥੀ ਬਣ ਕੇ ਜਾਂ ਨੌਕਰੀਆਂ ਕਰਨ ਲਈ ਗਏ ਸਨ ਅਤੇ ਹੁਣ ਬਦਲਦੇ ਕਾਨੂੰਨਾਂ ਦੇ ਥਪੇੜੇ ਝੱਲ ਰਹੇ ਹਨ। ਇਨ੍ਹਾਂ ਦੀ ਚਿੰਤਾ ਉੱਥੋਂ ਦੇਸਨਿਕਾਲੇ ਦੀ ਹੈ। ਅਸਲ ਵਿਚ ਪ੍ਰਵਾਸ ਦਾ ਦਰਦ ਇੰਨਾ ਡੂੰਘਾ ਹੈ ਮਨੁੱਖ ਲਈ ਕਿ ਉਸਨੂੰ ਝੱਲਣਾ ਔਖਾ ਹੈ। ਪਿੰਡ ਤੋਂ ਸ਼ਹਿਰ ਦਾ ਪ੍ਰਵਾਸ, ਸ਼ਹਿਰ ਦੇ ਇੱਕ ਕੋਨੇ ਤੋਂ ਦੂਜੇ ਸੂਬੇ ਦਾ ਪ੍ਰਵਾਸ, ਜਿੱਥੋਂ ਦੀ ਬੋਲੀ, ਸਭਿਆਚਾਰ ਦਾ ਆਪਸੀ ਵਖਰੇਵਾਂ ਹੈ ਅਤੇ ਫਿਰ ਦੇਸ ਤੋਂ ਪ੍ਰਦੇਸ ਦੇ ਪ੍ਰਵਾਸ ਦਾ ਦਰਦ ਮਨੁੱਖ ਨੂੰ ਭਰੇ ਮਨ ਨਾਲ ਮਜਬੂਰੀ ਵੱਸ ਹੰਢਾਉਣਾ ਪੈਂਦਾ ਹੈ। ਇਹੋ ਜਿਹੇ ਪ੍ਰਵਾਸ ਦੇ ਦਰਦ ਦੀ ਇੱਕ ਵੰਨਗੀ ਪਿਛਲੇ ਸਾਲਾਂ 'ਚ ਉਸ ਵੇਲੇ ਦੇਸ਼ 'ਚ ਵੇਖਣ ਨੂੰ ਮਿਲੀ ਜਦੋਂ ਕਰੋਨਾ ਆਫ਼ਤ ਨੇ ਦੇਸਾਂ-ਵਿਦੇਸ਼ਾਂ 'ਚ ਕਰੋੜਾਂ ਲੋਕ ਘਰੋਂ ਬੇਘਰ ਕਰ ਦਿੱਤੇ। ਸ਼ਹਿਰਾਂ 'ਚ ਰੋਜ਼ੀ ਰੋਟੀ ਕਮਾਉਣ ਗਏ ਲੋਕ ਪਿੰਡਾਂ ਵੱਲ ਪਰਤਾ ਦਿੱਤੇ। ਇਨ੍ਹਾਂ ਪ੍ਰਵਾਸੀਆਂ ਦੇ ਹਾਲਾਤ ਬਦ ਤੋਂ ਬਦਤਰ ਹੋਏ, ਜਿਹੜੇ ਵਰ੍ਹਿਆਂ ਬਾਅਦ ਵੀ ਸੌਖੇ ਨਹੀਂ ਹੋ ਸਕੇ। ਵੱਡੀਆਂ ਉਜਾੜੇ ਦੀਆਂ ਇਹ ਹਾਲਤਾਂ ਭੁੱਖਮਰੀ ਦੀਆਂ ਪ੍ਰਸਥਿਤੀਆਂ ਪੈਦਾ ਕਰਦੀਆਂ ਹਨ, ਉਦੋਂ ਜਦੋਂ ਮਨੁੱਖ ਆਪਣੀਆਂ ਜੜ੍ਹਾਂ ਤੋਂ ਉਖੜਨ ਲਈ ਬੇਬਸ ਹੋ ਜਾਂਦਾ ਹੈ। ਵਸਿਆ-ਰਸਿਆ ਘਰ, ਪਰਿਵਾਰ, ਆਲਾਦੁਆਲਾ ਛੱਡਣ ਲਈ ਉਹ ਮਜਬੂਰ ਹੋ ਜਾਂਦਾ ਹੈ। ਅੱਜ ਵਿਸ਼ਵ ਭਰ 'ਚ ਜਬਰਨ ਘਰ ਛੱਡਣਛੁਡਾਉਣ ਦੇ ਹਾਲਾਤ ਦਾ ਸਾਹਮਣਾ ਕਰਨ ਵਾਲੇ ਲੋਕਾਂ ਦੀ ਗਿਣਤੀ ਅੱਠ ਕਰੋੜ ਚਾਲੀ ਲੱਖ ਤੋਂ ਜ਼ਿਆਦਾ ਹੋ ਚੁੱਕੀ ਹੈ। ਇਨ੍ਹਾਂ ਵਿਚ ਚਾਰ ਕਰੋੜ ਅੱਸੀ ਲੱਖ ਲੋਕ ਤਾਂ ਆਪਣੇ ਦੇਸ਼ਾਂ ਵਿਚ ਹੀ ਉਜਾੜੇ ਦਾ ਸ਼ਿਕਾਰ ਹਨ। ਪਰ ਅਸਲ ਵਿਚ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਸੀਆਂ ਦੀ ਗਿਣਤੀ ਸਤਾਈ ਕਰੋੜ ਵੀਹ ਲੱਖ ਪੁੱਜ ਚੁੱਕੀ ਹੈ। ਇਨ੍ਹਾਂ ਵਿਚੋਂ 9 ਕਰੋੜ 50 ਲੱਖ ਲੋਕ ਹੇਠਲੇ ਅਤੇ ਵਿਚਕਾਰਲੀ ਆਮਦਨ ਵਾਲੇ ਦੇਸ਼ਾਂ ਵਿਚ ਰਹਿ ਰਹੇ ਹਨ। ਉਹ ਉਜਾੜੇ ਅਤੇ ਭੁੱਖਮਰੀ ਨਾਲ ਜੂਝ ਰਹੇ ਹਨ। ਜਲਵਾਯੂ ਆਫ਼ਤ, ਭੂਚਾਲ, ਹਿੰਸਕ ਝੜਪਾਂ, ਯੁੱਧ, ਮਹਿੰਗਾਈ-ਬੇਰੁਜ਼ਗਾਰੀ, ਸਿਆਸੀ ਹਾਲਾਤ, ਸੋਕਾ ਅਤੇ ਹੜ੍ਹ ਦੇ ਚਲਦਿਆਂ ਦੁਨੀਆਂ ਦੇ ਉਜਾੜੇ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਗਿਆਰਾਂ ਕਰੋੜ ਤੋਂ ਵੀ ਵੱਧ ਹੈ, ਜਿਨ੍ਹਾਂ 'ਚ 40 ਫ਼ੀਸਦੀ ਬੱਚੇ ਹਨ। ਉਹ ਰਾਸ਼ਟਰੀਅਤਾ, ਸਿਖਿਆ, ਸਿਹਤ, ਰੁਜ਼ਗਾਰ, ਆਵਾਗਮਨ, ਆਜ਼ਾਦੀ ਅਤੇ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਹੋ ਚੁੱਕੇ ਹਨ। 2024 'ਚ ਇੱਕ ਰਿਪੋਰਟ ਇਹੋ ਜਿਹੇ ਹਾਲਾਤ ਬਾਰੇ ਛਪੀ ਹੈ, ਜੋ ਦਰਸਾਉਂਦੀ ਹੈ ਕਿ 2024 ਉਜਾੜੇ 'ਤੇ ਪ੍ਰਵਾਸ ਦੀ ਦ੍ਰਿਸ਼ਟੀ ਤੋਂ ਅਤਿਅੰਤ ਚੁਣੌਤੀ ਭਰਪੂਰ ਰਿਹਾ ਹੈ। ਸੀਰੀਆ 'ਚ ਉਜਾੜੇ ਦੀ ਸਥਿਤੀ ਗੰਭੀਰ ਹੈ। ਯੂਕਰੇਨ ਜੰਗ ਕਾਰਨ ਇੱਕ ਕਰੋੜ ਤੇਰਾਂ ਲੱਖ ਲੋਕ ਬੇਘਰ ਹੋ ਗਏ ਹਨ। ਪੋਲੈਂਡ, ਰੁਮਾਨੀਆ, ਹੰਗਰੀ ਅਤੇ ਬੇਲਾਰੂਸ ਦੇ ਲੋਕ ਗੁਆਂਢੀ ਦੇਸ਼ਾਂ 'ਚ ਸ਼ਰਨਾਰਥੀ ਬਣੇ ਹੋਏ ਹਨ। ਅਫਗਾਨਿਸਤਾਨ ਦੇ ਇੱਕ ਕਰੋੜ ਨੱਬੇ ਲੱਖ ਲੋਕ ਭੁੱਖਮਰੀ ਵਰਗੇ ਹਾਲਾਤ ਵਿਚ ਹਨ। ਵੈਨੇਜ਼ੁਏਲਾ 'ਚ ਤੇਈ ਲੱਖ ਲੋਕ ਭੁੱਖਮਰੀ ਦੀ ਗੰਭੀਰ ਸਥਿਤੀ ਸੰਕਟ 'ਚ ਹਨ। ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਦੱਖਣੀ ਸੂਡਾਨ ਦੇ ਹਾਲਾਤ ਅਤਿਅੰਤ ਗੰਭੀਰ ਹਨ। ਮੀਆਂਮਾਰ ਵਿਚੋਂ ਉਜੜੇ ਸਤਾਰਾਂ ਲੱਖ ਲੋਕ ਆਪਣੀ ਨਾਗਰਿਕਤਾ ਗੁਆ ਕੇ ਦੁਨੀਆ ਦੇ ਸਭ ਤੋਂ ਜ਼ਿਆਦਾ ਸਤਾਏ ਜਾਣ ਵਾਲੀ ਸਥਿਤੀ 'ਚ ਘੱਟ ਗਿਣਤੀਆਂ ਦੇ ਰੂਪ 'ਚ ਜਾਣੇ ਜਾਂਦੇ ਹਨ। ਇਨ੍ਹਾਂ ਦੇਸ਼ਾਂ ਦੇ ਬੱਚਿਆਂ ਦੇ ਹਾਲਾਤ ਅਤਿਅੰਤ ਤਰਸਯੋਗ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਕੁਪੋਸ਼ਣ ਕਾਰਨ ਬੋਣੇਪਨ ਦਾ ਸ਼ਿਕਾਰ ਹਨ। ਦੁਨੀਆ 'ਚ ਇਸ ਸਮੇਂ ਸਭ ਤੋਂ ਵੱਧ ਆਬਾਦੀ ਸ਼ਰਨਾਰਥੀਆਂ ਦੀ ਹੈ, ਜਿਨ੍ਹਾਂ ਵਿਚ ਦੋ ਕਰੋੜ ਪੰਜਾਹ ਲੱਖ ਤੋਂ ਜ਼ਿਆਦਾ ਆਪਣੇ ਘਰਾਂ 'ਚੋਂ ਉਜੜ ਕੇ ਵਿਦੇਸ਼ਾਂ 'ਚ ਦਿਨ ਕਟੀ ਕਰ ਰਹੇ ਹਨ। ਇਨ੍ਹਾਂ ਵਿਚੋਂ ਇੱਕ ਕਰੋੜ ਦਸ ਲੱਖ ਬੱਚੇ ਹਨ। ਪਿਛਲੇ ਦਸ ਸਾਲਾਂ 'ਚ ਇਹ ਸੰਖਿਆ ਦੁਗਣੀ ਹੋ ਗਈ ਹੈ। ਵਿਸ਼ਵ ਭਰ 'ਚ ਟੈਕਨਾਲੋਜੀ ਦੇ ਵਿਕਾਸ ਦੇ ਫੋਕੇ ਨਾਹਰਿਆਂ ਵਿਚਕਾਰ ਬੀਤੇ ਸਾਲ 2024 ਵਿਚ ਲਗਭਗ ਪੰਦਰਾਂ ਕਰੋੜ ਲੋਕ ਭੁੱਖਮਰੀ ਤੋਂ ਬੇਹਾਲ ਰਹੇ। ਕੋਵਿਡ ਦੇ ਬਾਅਦ ਹੁਣ ਤੱਕ ਇਸ ਗਿਣਤੀ 'ਚ ਪੰਦਰਾਂ ਕਰੋੜ ਦਾ ਹੋਰ ਵਾਧਾ ਹੋਇਆ। ਇੱਕ ਅਧਿਐਨ ਅਨੁਸਾਰ ਸਤਾਹਟ ਕਰੋੜ ਲੋਕਾਂ ਨੂੰ 2030 ਤੱਕ ਭੁੱਖਮਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਭਾਰਤ ਵਿਚ ਉਜਾੜੇ ਅਤੇ ਪ੍ਰਵਾਸ ਦੇ ਕਾਰਨ ਵੱਖ-ਵੱਖ ਖਿੱਤਿਆਂ 'ਚ ਵੱਖੋ-ਵੱਖਰੇ ਹਨ। ਇਨ੍ਹਾਂ ਦਾ ਕਾਰਨ ਸੋਕਾ, ਹੜ੍ਹ ਵੀ ਹੈ, ਭੋਜਨ ਦੀ ਘਾਟ ਵੀ ਅਤੇ ਹਿੰਸਾ ਅਤੇ ਸੰਘਰਸ਼ ਵੀ। ਡਾਊਨ ਟੂ ਅਰਥ ਸਟੇਟ ਆਫ਼ ਇੰਡੀਅਨਜ਼ ਐਨਵਾਇਰਨਮੈਂਟ ਦੀ ਇੱਕ ਰਿਪੋਰਟ ਇਹ ਦਾਅਵਾ ਕਰਦੀ ਹੈ ਕਿ ਸੰਘਰਸ਼ ਅਤੇ ਹਿੰਸਾ ਕਾਰਨ ਲਗਭਗ ਪਚਾਸੀ ਲੱਖ ਲੋਕ ਉਜਾੜੇ ਦਾ ਸ਼ਿਕਾਰ ਹੋਏ। ਅਸਾਮ, ਮਿਜ਼ੋਰਮ, ਕਸ਼ਮੀਰ, ਮੇਘਾਲਿਆ, ਮਨੀਪੁਰ, ਤ੍ਰਿਪੁਰਾ 'ਚ ਸਾਲ 2022 ਦੇ ਅੰਤ ਤੱਕ ਸੱਤ ਲੱਖ ਲੋਕਾਂ ਨੂੰ ਆਪਣੇ ਘਰ ਛਡਣੇ ਪਏ। ਵਿਕਾਸ ਦੀਆਂ ਕਈ ਯੋਜਨਾਵਾਂ ਵੀ ਉਜਾੜੇ ਦਾ ਕਾਰਨ ਬਣ ਰਹੀਆਂ ਹਨ। ਸੈਂਟਰ ਫਾਰ ਸਾਇੰਸ ਐਂਡ ਐਨਵਾਇਰਨਮੈਂਟ ਦੀ ਇੱਕ ਰਿਪੋਰਟ ਦੱਸਦੀ ਹੈ ਕਿ ਹੜ੍ਹ, ਸੋਕੇ ਅਤੇ ਚੱਕਰਵਾਤ ਤੂਫਾਨਾਂ ਕਾਰਨ ਭਾਰਤ ਵਿਚ ਵੱਡੇ ਪੈਮਾਨੇ ਉੱਤੇ ਉਜਾੜਾ ਹੋ ਰਿਹਾ ਹੈ। ਦੇਸ਼ ਦੇ ਪਹਾੜੀ ਅਤੇ ਸਮੁੰਦਰੀ ਤੱਟਵਰਤੀ ਖੇਤਰਾਂ ਤੋਂ ਬਿਨਾ ਬਿਹਾਰ, ਛੱਤੀਸਗੜ੍ਹ, ਝਾਰਖੰਡ 'ਚ ਵੀ ਲਗਾਤਾਰ ਇਹੋ ਜਿਹੀਆਂ ਸਥਿਤੀਆਂ ਵੇਖਣ ਨੂੰ ਮਿਲਦੀਆਂ ਹਨ। ਬਿਨਾ ਸ਼ੱਕ ਮਨੁੱਖ ਨੂੰ ਵੱਡੀਆਂ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਕੁਦਰਤੀ ਆਫ਼ਤਾਂ ਹਨ, ਜਿਨ੍ਹਾਂ ਦਾ ਕਾਰਨ ਵਾਤਾਵਰਨ ਨਾਲ ਵੱਡੀ ਛੇੜ-ਛਾੜ ਹੈ, ਜਿਸਦਾ ਖਮਿਆਜ਼ਾ ਆਮ ਆਦਮੀ ਨੂੰ ਭੁਗਤਣਾ ਪੈਂਦਾ ਹੈ। ਆਮ ਲੋਕਾਂ ਵਿਚੋਂ ਵੀ ਘੱਟ ਤਾਕਤਵਰ, ਕਮਜ਼ੋਰ ਲੋਕ, ਖ਼ਾਸ ਕਰਕੇ ਔਰਤਾਂ ਤੇ ਬੱਚੇ ਆਫ਼ਤਾਂ, ਯੁੱਧਾਂ ਦੇ ਸਿੱਟਿਆਂ ਦਾ ਵੱਧ ਸ਼ਿਕਾਰ ਹੁੰਦੇ ਹਨ। ਸਮਾਜ 'ਚ ਆਰਥਿਕ ਤੇ ਸਮਾਜਿਕ ਨਾਬਰਾਬਰੀ, ਸਾਧਨਾਂ ਦੀ ਲੁੱਟ, ਇਹੋ ਜਿਹੇ ਕਾਰਨ ਹਨ, ਜੋ ਸਾਧਨਹੀਣ ਮਨੁੱਖ ਲਈ ਵਧੇਰੇ ਮੁਸੀਬਤਾਂ ਖੜ੍ਹੀਆਂ ਕਰਦੇ ਹਨ। ਹੇਠਲੇ ਵਰਗ ਵਾਲੇ, ਘੱਟ ਆਮਦਨੀ ਵਾਲੇ ਲੋਕਾਂ ਨੂੰ ਪ੍ਰਵਾਸ ਦਾ ਵੱਧ ਦਰਦ ਸਹਿਣਾ ਪੈਂਦਾ ਹੈ। ਘਰੋਂ ਬੇਘਰ ਹੋਣਾ, ਭੁੱਖਮਰੀ ਦਾ ਸ਼ਿਕਾਰ ਹੋਣਾ, ਬੇਰੁਜ਼ਗਾਰੀ ਦੀ ਮਾਰ ਹੇਠ ਆਉਣਾ, ਇਹ ਵਰਤਮਾਨ ਸਮੇਂ 'ਚ ਕਾਰਪੋਰੇਟ ਘਰਾਣਿਆਂ ਦੀ ਤਾਕਤ ਤੇ ਧਨ ਹਥਿਆਉਣ ਦਾ ਸਿੱਟਾ ਹੈ। ਜੋ ਕੁਦਰਤ ਦੇ ਨਾਲ ਖਿਲਵਾੜ ਕਰ ਕੇ ਨਵੇਂ ਪ੍ਰਜੈਕਟ ਲਗਾ ਕੇ ਸਾਧਨਾਂ ਦੀ ਲੁੱਟ ਕਰ ਕੇ ਆਪਣੇ ਭੜੋਲੇ ਭਰਦੇ ਹਨ, ਹਾਕਮਾਂ ਨਾਲ ਰਲ ਕੇ ਲੋਕਾਂ ਦੀ ਲੁੱਟ-ਖਸੁੱਟ ਕਰਦੇ ਹਨ, ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ। ਇਹ ਵਰਤਾਰਾ ਦੇਸ-ਪ੍ਰਦੇਸ 'ਚ ਲਗਾਤਾਰ ਵਧ ਰਿਹਾ ਹੈ। ਮਨੁੱਖ ਮੁੱਢ ਕਦੀਮ ਤੋਂ ਪ੍ਰਵਾਸ ਹੰਢਾਉਂਦਾ, ਜੰਗਲ ਬੇਲੇ ਘੁੰਮਦਾ, ਸੁਰੱਖਿਅਤ ਟਿਕਾਣਿਆਂ ਅਤੇ ਚੰਗੇ ਸੁਖਾਵੇਂ ਜੀਵਨ ਦੀ ਭਾਲ ਤੇ ਲਾਲਸਾ ਤਹਿਤ ਆਪਣੀ ਜਨਮ ਭੂਮੀ ਤੋਂ ਦੂਰ ਜਾਂਦਾ ਰਿਹਾ ਹੈ। ਜੀਵਨ ਦਾ ਉਸਦਾ ਇਹ ਸੰਘਰਸ਼ ਲਗਾਤਾਰ ਜਾਰੀ ਹੈ। ਉਸਦੀ ਤਾਂਘ ਬ੍ਰਹਿਮੰਡ 'ਚ ਵਿਸ਼ਵ ਨਾਗਰਿਕਤਾ ਪ੍ਰਾਪਤ ਕਰਨ ਨਾਲ ਜੁੜੀ ਹੈ। ਉਸਦੀ ਸੋਚ, ਭੁੱਖਮਰੀ ਤੋਂ ਛੁਟਕਾਰਾ ਪਾ ਕੇ ਚੰਗੀ ਸਾਵੀਂ ਜ਼ਿੰਦਗੀ ਜੀਊਣ ਨਾਲ ਬੱਝੀ ਹੋਈ ਹੈ। ਦੇਸਾਂਵਿਦੇਸ਼ਾਂ ਦੀਆਂ ਸਰਕਾਰਾਂ ਦੇ ਨਿਯਮ ਉਸਨੂੰ ਆਪਣੀ ਖੁੱਲ੍ਹੀ ਸੋਚ 'ਚ ਰੁਕਾਵਟ ਜਾਪਦੇ ਹਨ। ਉਹ ਕਈ ਵੇਰ ਵੱਡੇ ਜ਼ੋਖ਼ਮ ਉਠਾ ਕੇ ਕਾਨੂੰਨੀ ਸੰਗਲਾਂ ਨੂੰ ਤੋੜਦਾ ਹੈ ਅਤੇ ਕਈ ਵੇਰ ਆਪ ਇਨ੍ਹਾਂ ਸੰਗਲਾਂ 'ਚ ਜਕੜਿਆਂ ਜਾਂਦਾ ਹੈ। ਉਂਜ ਮਨੁੱਖ ਲਈ ਉਜਾੜਾ ਅਤੇ ਪ੍ਰਵਾਸ ਦੋਵੇਂ ਹੀ ਅਤਿਅੰਤ ਖ਼ਤਰਨਾਕ ਪੀੜਾਦਾਇਕ ਹਨ। ਜਿਨ੍ਹਾਂ ਤੋਂ ਨਿਜਾਤ ਪਾਉਣ ਲਈ ਮਨੁੱਖ ਨੂੰ ਨਿਵੇਕਲੀ ਸੋਚ ਨਾਲ ਨਵੇਂ ਦਿਸਹੱਦੇ ਸਿਰਜਣੇ ਪੈਣਗੇ ਤਾਂ ਕਿ ਚੰਗੇਰਾ ਮਨੁੱਖੀ ਜੀਵਨ ਜੀਊਣ ਦੀਆਂ ਉਸ ਦੀਆਂ ਆਸਾਂ ਨੂੰ ਬੂਰ ਪਵੇ।

# ਨਸ਼ਿਆਂ ਕਾਰਨ 'ਨਿਪੁੱਤਿਆਂ' ਦੀ ਧਰਤੀ ਬਣਨ ਵੱਲ ਵਧ ਰਿਹੈ ਪੰਜਾਬ

ਲੇਖਕ : ਪਰਮਜੀਤ ਸਿੰਘ ਨਿੱਕੇ ਘੁੰਮਣ
ਸੰਪਰਕ : 97816-46008

ਪੰਜਾਬੀ ਦੇ ਸਿਰਮੌਰ ਸ਼ਾਇਰ ਮਰਹੂਮ ਸੁਰਜੀਤ ਪਾਤਰ ਦੇ ਬੋਲ ਹਨਲੱਗੀ ਨਜ਼ਰ ਪੰਜਾਬ ਨੂੰ ਏਦ੍ਹੀ ਨਜ਼ਰ ਉਤਾਰੋ ਲੈ ਕੇ ਮਿਰਚਾਂ ਕੌੜੀਆਂ ਇਹਦੇ ਸਿਰ ਤੋਂ ਵਾਰੋ। ਹੱਸਦੇ-ਵੱਸਦੇ ਪੰਜਾਬ ਨੂੰ ਸਚਮੁੱਚ ਹੀ ਕਿਸੇ ਦੀ ਨਜ਼ਰ ਲੱਗ ਗਈ ਹੈ ਤੇ ਪੰਜਾਬ ਅੱਜ ਬਰਬਾਦੀ ਦੀ ਕਗਾਰ 'ਤੇ ਆਣ ਖਲੋਤਾ ਹੈ।ਕੁਝ ਇਕ ਵਿਦਵਾਨਾਂ ਦਾ ਮਤ ਹੈ ਕਿ ਪੰਜਾਬ ਵੱਖਵੱਖ ਖੇਤਰਾਂ ਵਿਚ ਆ ਰਹੇ ਭਿਆਨਕ ਨਿਘਾਰ ਕਰਕੇ ਇਕ ਗੰਭੀਰ ਸੰਕਟ ਵੱਲ ਵਧ ਰਿਹਾ ਹੈ ਪਰ ਅਸਲੀਅਤ ਤਾਂ ਇਹ ਹੈ ਕਿ ਪੰਜਾਬ ਕਿਸੇ ਗੰਭੀਰ ਸੰਕਟ ਵੱਲ ਵਧ ਨਹੀਂ ਰਿਹਾ ਸਗੋਂ ਗੰਭੀਰ ਸੰਕਟ ਵਿਚ ਬੁਰੀ ਤਰ੍ਹਾ ਫ਼ਸ ਚੁੱਕਾ ਹੈ ਤੇ ਇਹ ਸਾਰਾ ਕੁਝ ਸਮੇਂ-ਸਮੇਂ ਆਈਆਂ ਸਰਕਾਰਾਂ ਦੇ ਗ਼ੈਰ-ਜ਼ਿੰਮੇਵਾਰੀ ਵਾਲੇ ਰਵੱਈਏ,ਜੀ-ਹਜ਼ੂਰੀ ਕਰਨ ਵਾਲੀ ਅਫ਼ਸਰਸ਼ਾਹੀ ਅਤੇ ਸਿਆਸਤ ਤੇ ਅਫ਼ਸਰਸ਼ਾਹੀ ਵਿਚ ਪਸਰੇ ਭ੍ਰਿਸ਼ਟਾਚਾਰ ਤੋਂ ਇਲਾਵਾ ਆਮ ਲੋਕਾਂ ਦੀ ਵੀ ਲਾਪਰਵਾਹੀ ਤੇ ਬੇਪਰਵਾਹੀ ਕਰਕੇ ਵਾਪਰਿਆ ਹੈ।ਸੰਤਾਲੀ 'ਚ ਵੰਡ ਦਾ ਸੰਤਾਪ,ਅੱਸੀਵਿਆਂ 'ਚ ਅੱਤਵਾਦ ਤੇ ਪੁਲਿਸੀਆ ਜਬਰ ਦਾ ਸੰਤਾਪ ਅਤੇ ਹੁਣ ਨਸਿਆਂ ਕਾਰਨ ਹਰ ਰੋਜ਼ ਸਦੀਵੀ ਵਿਛੋੜਾ ਦੇ ਰਹੇ ਜੁਆਨ ਪੁੱਤਾਂ ਦਾ ਸੰਤਾਪ ਹੰਢਾਉਣ ਵਾਲਾ ਪੰਜਾਬ ਅੱਜ ਕੁਰਲਾ ਰਿਹਾ ਹੈ ਤੇ ਆਪਣੀ ਹੋਂਦ ਬਚਾਉਣ ਲਈ ਹਾੜੇ ਕੱਢ ਰਿਹਾ ਹੈ ਪਰ 'ਕੁਝ ਕਰ ਸਕਣ 'ਚ ਸਮਰੱਥ' ਸਭ ਧਿਰਾਂ ਹਾਲਪਾਰ੍ਹਿਆ ਤਾਂ ਮਚਾ ਰਹੀਆਂ ਹਨ ਪਰ ਕਰ ਕੁਝ ਨਹੀਂ ਰਹੀਆਂ ਹਨ। ਨਸ਼ਿਆਂ ਦਾ ਮੁੱਦਾ ਪੰਜਾਬ ਵਿਚ ਕੋਈ ਨਵਾਂ ਨਹੀਂ ਹੈ। ਪਿਛਲੇ ਵੀਹ ਸਾਲਾਂ ਵਿਚ ਨਸ਼ਿਆਂ ਨੇ ਪੰਜਾਬ ਦੇ ਲੱਖਾਂ ਗਭਰੂ ਖਾ ਲਏ ਹਨ ਤੇ ਵਰਤਮਾਨ ਸਮੇਂ ਵਿਚ ਤਾਂ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ।ਜੂਨ,2024 ਦੀ ਮਿਤੀ 5 ਜੂਨ ਤੋਂ ਲੈ ਕੇ ਮਿਤੀ 30 ਜੂਨ ਤੱਕ ਦੇ 25 ਦਿਨਾਂ ਵਿਚ ਪੰਜਾਬ ਦੇ 26 ਤੋਂ ਵੱਧ ਨੌਜਵਾਨਾਂ ਦਾ ਕੇਵਲ 'ਨਸ਼ਿਆਂ' ਨਾਲ ਨਹੀਂ ਸਗੋਂ 'ਨਸ਼ਿਆਂ ਦੀ ਓਵਰਡੋਜ਼' ਨਾਲ ਮਰ ਜਾਣਾ ਬੇਹੱਦ ਸ਼ਰਮਨਾਕ ਤੇ ਚਿੰਤਾਜਨਕ ਸੀ ਤੇ ਜੁਲਾਈ ਮਹੀਨੇ ਦੇ ਹਾਲਾਤ ਵੀ ਜੂਨ ਮਹੀਨੇ ਤੋਂ ਕੋਈ ਵੱਖਰੇ ਨਹੀਂ ਬੀਤੇ ਸਨ। ਹੁਣ ਤਾਂ ਹਾਲਾਤ ਇਸ ਕਦਰ ਭਿਆਨਕ ਮੋੜ 'ਤੇ ਪੁੱਜ ਗਏ ਹਨ ਕਿ ਹੁਣ ਪੰਜਾਬ ਦੇ ਪੁੱਤਾਂ ਦੇ ਨਾਲ-ਨਾਲ ਪੰਜਾਬ ਦੀਆਂ ਧੀਆਂ ਵੱਲੋਂ ਨਸ਼ੇ ਦੀ ਓਵਰਡੋਜ਼ ਲੈਣ ਅਤੇ ਨਸ਼ੇ ਵਿਚ ਧੁੱਤ ਹੋ ਕੇ ਗਲੀਆਂ-ਬਜ਼ਾਰਾਂ ਵਿਚ ਡਿੱਗੇ ਹੋਣ ਦੇ ਵੀਡੀਓ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ।ਚੰਦਰੇ ਨਸ਼ਿਆਂ ਨੇ ਹੁਣ ਪੰਜਾਬ ਦੇ ਉਨ੍ਹਾ ਬੱਚਿਆਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ ਜਿਹੜੇ ਅਜੇ ਸਕੂਲਾਂ ਵਿਚ ਪੜ੍ਹ ਰਹੇ ਹਨ।ਅੱਜ ਪਿੰਡ-ਪਿੰਡ ਤੇ ਸ਼ਹਿਰਸ਼ਹਿਰ 'ਚੋਂ ਨਸ਼ਾ ਵਿਕਣ ਦੀਆਂ ਖ਼ਬਰਾਂ ਨਸ਼ਰ ਹੋ ਰਹੀਆਂ ਹਨ ਤੇ ਪੁਲਿਸ ਪ੍ਰਸ਼ਾਸ਼ਨ ਨਸ਼ੀਲੇ ਪਦਾਰਥਾਂ ਦੇ ਤਸਕਰਾਂ,ਵਿਕ੍ਰੇਤਾਵਾਂ ਤੇ ਉਨ੍ਹਾ ਦੀ ਪੁਸ਼ਤਪਨਾਹੀ ਕਰਨ ਵਾਲੇ ਸਿਆਸਤਦਾਨਾਂ ਨੂੰ ਛੱਡ ਕੇ ਨਸ਼ਾ ਕਰਨ ਵਾਲੇ ਨਸ਼ੇੜੀਆਂ ਨੂੰ ਫੜ੍ਹ ਕੇ ਜੇਲ੍ਹਾਂ ਵਿਚ ਡੱਕਣ ਅਤੇ ਵਿਦਿਅਕ ਅਦਾਰਿਆਂ ਵਿਚ 'ਨਸ਼ਾ ਵਿਰੋਧੀ ਸੈਮੀਨਾਰ' ਕਰਨ ਵਿਚ ਰੁੱਝੀ ਹੋਈ ਹੈ।ਪੰਜਾਬ ਨੇ ਬੀਤੇ ਵੀਹ ਵਰ੍ਹਿਆਂ ਵਿਚ ਪੰਜਾਬ ਦੀ ਲਗਪਗ ਹਰੇਕ ਵੱਡੀ ਪਾਰਟੀ ਦੀ ਸਰਕਾਰ ਵੇਖੀ ਹੈ ਪਰ ਨਸ਼ਾ ਤਸਕਰਾਂ ਤੇ ਸਿਆਸਤਦਾਨਾਂ ਦਾ ਗਠਜੋੜ ਕੋਈ ਵੀ ਸਰਕਾਰ ਨਹੀਂ ਤੋੜ ਪਾਈ ਹੈ ਤੇ ਨਸ਼ਿਆਂ ਦੀ ਵਿਕਰੀ ਵਿਚ ਪੁਲਿਸ ਅਧਿਕਾਰੀਆਂ ਜਾਂ ਕਰਮਚਾਰੀਆਂ ਦੀ ਸ਼ਮੂਲੀਅਤ ਦਾ ਦਾਗ਼ ਵੀ ਕਿਸੇ ਸਰਕਾਰ ਤੋਂ ਧੋਤਾ ਨਹੀਂ ਜਾ ਸਕਿਆ ਹੈ।ਕਿੰਨੀ ਸਿਤਮਜ਼ਰੀਫ਼ੀ ਹੈ ਕਿ ਕਈ ਸਾਰੇ ਸਮਾਜਿਕ ਸੰਗਠਨ ਅਤੇ ਵੱਖ-ਵੱਖ ਪਿੰਡਾਂ ਜਾਂ ਸ਼ਹਿਰਾਂ ਦੇ ਮੋਹਤਬਰਾਂ ਵੱਲੋਂ ਉਨ੍ਹਾ ਦੇ ਇਲਾਕੇ ਵਿਚ ਨਸ਼ਾ ਵੇਚਣ ਵਾਲਿਆਂ ਦੇ ਨਾਂ ਜਨਤਕ ਤੌਰ 'ਤੇ ਨਸ਼ਰ ਕਰਨ ਦੇ ਬਾਵਜੂਦ ਸਬੰਧਿਤ ਨਸ਼ਾਮਾਫ਼ੀਆ ਖੁੱਲ੍ਹੇਆਮ ਘੁੰਮਦੇ ਹਨ ਤੇ ਉਨ੍ਹਾ ਦੇ ਨਾਂ ਨਸ਼ਰ ਕਰਨ ਵਾਲਿਆਂ ਨੂੰ ਧਮਕੀਆਂ ਤੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਰਾਜ ਵਿੱਚੋਂ ਕਾਨੂੰਨ ਦਾ ਤੇ ਵਰਦੀ ਦਾ ਖ਼ੌਫ਼ ਤਾਂ ਬਿਲਕੁਲ ਹੀ ਮੁੱਕ ਗਿਆ ਜਾਪਦਾ ਹੈ।ਪੰਜਾਬ ਪੁਲਿਸ ਦੇ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਸ੍ਰੀ ਐਲ.ਕੇ.ਯਾਦਵ ਵੱਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਦਿੱਤੀ ਗਈ ਜਾਣਕਾਰੀ ਅਨੁਸਾਰ 1 ਅਪ੍ਰੈਲ,2020 ਤੋਂ 31 ਮਾਰਚ,2023 ਤੱਕ ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੀ 'ਓਵਰਡੋਜ਼' ਨਾਲ 266 ਨੌਜਵਾਨਾਂ ਦੀਆਂ ਮੌਤਾਂ ਹੋਈਆਂ ਸਨ ਜਿਨ੍ਹਾ ਵਿੱਚੋਂ ਸਾਲ 2020-21 ਵਿਚ 36,ਸਾਲ 2021-22 ਵਿਚ 71 ਅਤੇ 1 ਅਪ੍ਰੈਲ 2022 ਤੋਂ 31 ਮਾਰਚ 2023 ਤੱਕ 159 ਨੌਜਵਾਨਾਂ ਦੇ ਬੁੱਢੇ ਮਾਪਿਆਂ ਨੂੰ ਆਪਣੇ ਜਵਾਨ ਪੁੱਤਾਂ ਦੀਆਂ ਲੋਥਾਂ ਨੂੰ ਲਾਂਬੂ ਲਗਾਉਣੇ ਪਏ ਸਨ।ਅੱਜ ਵੀ ਸਿਆਸੀ ਪਾਰਟੀਆਂ ਵੱਲੋਂ ਨਸ਼ਿਆਂ ਦੇ ਮਾਮਲੇ ਵਿਚ ਇਕ ਦੂਜੇ 'ਤੇ ਚਿੱਕੜ ਸੁੱਟਣ ਦੀ ਖੇਡ ਬੜੀ ਬੇਸ਼ਰਮੀ ਨਾਲ ਖੇਡੀ ਜਾ ਰਹੀ ਹੈ ਜਦੋਂ ਕਿ ਪੰਜਾਬ ਦੀ ਜਨਤਾ ਨੇ ਹਰੇਕ ਵੱਡੀ ਪਾਰਟੀ ਨੂੰ ਪੰਜਾਬ ਦੀ ਸੱਤਾ ਸੰਭਾਲਣ ਦਾ ਮੌਕਾ ਦਿੱਤਾ ਹੈ ਤੇ ਕਈਆਂ ਨੂੰ ਤਾਂ ਵਿਸ਼ਾਲ ਬਹੁਮਤ ਨਾਲ ਦਿੱਤਾ ਹੈ।ਹੁਣ ਆਲਮ ਇਹ ਹੈ ਕਿ ਪੰਜਾਬ ਦੇ ਹਰ ਘਰ ਨੂੰ ਨਸ਼ਿਆਂ ਦੇ ਸੇਕ ਲੱਗਣਾ ਸ਼ੁਰੂ ਹੋ ਗਿਆ ਹੈ ਤੇ ਲੋਕਾਂ ਅੰਦਰ ਸਰਕਾਰਾਂ ਅਤੇ ਪੁਲਿਸ ਪ੍ਰਸਾਸ਼ਨ ਦੀ ਨਾਕਾਮੀ ਖ਼ਿਲਾਫ਼ ਰੋਹ ਤੇਜ਼ ਹੋਣ ਲੱਗ ਪਿਆ ਹੈ।ਲੋਕ ਹੁਣ ਸੜ੍ਹਕਾਂ 'ਤੇ ਉਤਰਨ ਲੱਗ ਪਏ ਹਨ।ਲੋਕ ਆਪਣੇ ਬੱਚਿਆਂ ਤੇ ਨੌਜਵਾਨਾਂ ਨੂੰ ਬਚਾਉਣ ਲਈ ਪੰਜਾਬ ਤੋਂ ਬਾਹਰ ਭੇਜਣ ਲੱਗ ਪਏ ਹਨ ਤੇ ਇਹ ਤਰੀਕਾਕਾਰ ਪੰਜਾਬ ਨੂੰ ਆਉਣ ਵਾਲੇ ਸਮੇਂ ਵਿਚ ਕਾਫੀ ਮਹਿੰਗਾ ਸਾਬਿਤ ਹੋਣ ਵਾਲਾ ਹੈ ਕਿਉਂਕਿ ਚੰਗੇ ਪੜ੍ਹੇ-ਲਿਖੇ ਨੌਜਵਾਨ ਪੰਜਾਬ ਛੱਡ ਰਹੇ ਹਨ ਤੇ ਪੰਜਾਬ ਨਾ ਛੱਡ ਸਕਣ ਵਾਲੇ ਨੌਜਵਾਨਾਂ ਦੇ ਇਰਦ-ਗਿਰਦ ਨਸ਼ਿਆਂ ਦਾ ਰਾਖ਼ਸ਼ ਨਿਰੰਤਰ ਮੰਡਰਾ ਰਿਹਾ ਹੈ ਤੇ ਹਰ ਰੋਜ਼ ਪੰਜਾਬ ਦੇ ਕਿਸੇ ਨਾ ਕਿਸੇ ਪਿੰਡ ਜਾਂ ਸ਼ਹਿਰ 'ਚ ਸੱਥਰ ਵਿਛਾ ਰਿਹਾ ਹੈ।ਹੁਣ ਵੇਲਾ ਆ ਗਿਆ ਹੈ ਜਦੋਂ ਸਰਕਾਰ,ਪੁਲਿਸ ਤੇ ਸਿਵਲ ਪ੍ਰਸ਼ਾਸ਼ਨ ਅਤੇ ਆਮ ਲੋਕਾਂ ਨੂੰ ਰਲ੍ਹ ਕੇ ਇਸ ਅਤਿ ਬਲਸ਼ਾਲੀ ਬਣ ਚੁੱਕੇ ਨਸ਼ਿਆਂ ਦੇ ਦੈਂਤ ਨੂੰ ਮਾਤ ਦੇਣੀ ਹੀ ਪਵੇਗੀ ਵਰਨਾ ਮਰਹੂਮ ਸੁਰਜੀਤ ਪਾਤਰ ਦੇ ਉਹ ਬੋਲ ਇਥੇ ਸੱਚ ਹੋ ਨਿੱਬੜਨਗੇ ਜਿਨ੍ਹਾ ਵਿਚ ਉਸਨੇ ਕਿਹਾ ਸੀ- ''ਜੇ ਹਵਾ ਇਹ ਰਹੀ ਤਾਂ ਤੇ ਕਬਰਾਂ 'ਤੇ ਕੀ, ਸਭ ਘਰਾਂ ਦੇ ਵੀ ਦੀਵੇ ਬੁਝੇ ਰਹਿਣਗੇ''। ਬੇਸ਼ੱਕ ਹੁਣ ਕਾਫੀ ਦੇਰ ਹੋ ਚੁੱਕੀ ਹੈ ਪਰ ਜੇਕਰ ਹੁਣ ਵੀ ਸੰਭਲ ਜਾਵਾਂਗੇ ਤਾਂ 'ਸਾਰਾ' ਗੁਆਉਣ ਦੀ ਥਾਂ 'ਥੋੜ੍ਹਾ' ਕੁਝ ਬਚਾਉਂਦਿਆਂ ਹੋਇਆਂ ਆਪਣੇ ਪਿਆਰੇ ਪੰਜਾਬ ਨੂੰ 'ਨਿਪੁੱਤਿਆਂ ਦੀ ਧਰਤੀ' ਬਣਨ ਤੋਂ ਅਸੀਂ ਰੋਕ ਸਕਦੇ ਹਾਂ। ਇਸ ਤਲਖ਼ ਹਕੀਕਤ ਨੂੰ ਫਿਰ ਵੀ ਕੋਈ ਨਹੀਂ ਝੁਠਲਾ ਸਕਦਾ ਹੈ ਕਿ ਸਾਡੀ ਖ਼ੁਦਗ਼ਰਜ਼ੀ,ਅਣਗਹਿਲੀ ਅਤੇ ਗ਼ੈਰ-ਜ਼ਿੰਮੇਵਾਰੀ ਕਰਕੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ।

# 'ਵਿਦੇਸ਼ੀ ਹੱਥ' ਦੀ ਤੂਤੀ ਬਣਿਆ ਭਾਰਤ

ਲੇਖਕ : ਜਯੋਤੀ ਮਲਹੋਤਰਾ

ਫ਼ੌਜੀ ਜਹਾਜ਼ਾਂ ਰਾਹੀਂ ਹੱਥਕੜੀਆਂ ਅਤੇ ਬੇੜੀਆਂ ਲਾ ਕੇ ਲਿਆਂਦੇ ਗਏ ਪਰਵਾਸੀ ਭਾਰਤੀਆਂ ਦੇ ਵਿਵਾਦ ਨੂੰ ਭੁਲਾ ਦਿੱਤਾ ਗਿਆ ਹੈ।



ਇੰਦਰਾ ਗਾਂਧੀ ਵੱਲੋਂ ਆਪਣੇ ਵਿਰੋਧੀਆਂ 'ਤੇ ਹਮਲਾ ਬੋਲਣ ਦਾ ਸਭ ਤੋਂ ਚਹੇਤਾ ਹਥਿਆਰ ਹੁੰਦਾ ਸੀ 'ਵਿਦੇਸ਼ੀ ਹੱਥ' ਅਤੇ ਅੱਜ ਕੱਲ੍ਹ ਇਸ ਬਦਨੁਮਾ 'ਵਿਦੇਸ਼ੀ ਹੱਥ' ਦੇ ਹਥਕੰਡੇ ਦੀ ਵਾਪਸੀ ਹੋ ਰਹੀ ਹੈ। ਪਿਆਰੇ ਪਾਠਕੋ, ਟ੍ਰਿਬਿਊਨ ਦੀਆਂ ਪੁਰਾਣੀਆਂ ਫਾਈਲਾਂ ਫਰੋਲ ਕੇ ਦੇਖੋ ਤਾਂ ਤੁਹਾਨੂੰ ਐਸੀਆਂ ਬਹੁਤ ਸਾਰੀਆਂ ਮਿਸਾਲਾਂ ਮਿਲਣਗੀਆਂ ਜਦੋਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਉਨ੍ਹਾਂ ਵਿਦੇਸ਼ੀ ਗੁੱਝੀਆਂ ਤਾਕਤਾਂ ਵੱਲ ਇਸ਼ਾਰਾ ਕਰਦੀ ਹੁੰਦੀ ਸੀ ਜੋ ਦੇਸ਼ ਨੂੰ ਅਸਥਿਰ ਕਰਨ 'ਤੇ ਤੁਲੇ ਹੋਏ ਸਨ। ਇਹ ਚਾਲੀ ਸਾਲ ਪਹਿਲਾਂ ਦੀਆਂ ਗੱਲਾਂ ਹਨ ਤੇ ਬਿਨਾਂ ਸ਼ੱਕ ਅਸੀਂ ਉਨ੍ਹਾਂ ਸਮਿਆਂ ਨੂੰ ਬਹੁਤ ਪਿੱਛੇ ਛੱਡ ਆਏ ਹਾਂ ਅਤੇ ਹੁਣ ਕਿਤੇ ਵੱਧ ਸੁਰੱਖਿਅਤ ਤੇ ਭਰੋਸੇਮੰਦ ਰਾਸ਼ਟਰ ਬਣ ਗਏ ਹਾਂ।

ਮਾਅਸੇਲ ਪਰੂਸਟ (ਅਤੀਤ ਅਤੇ ਯਾਦਾਂ ਦੇ ਮਸ਼ਹੂਰ ਫਰਾਂਸੀਸੀ ਨਾਵਲਕਾਰ) ਤੋਂ ਖਿਮਾ, ਇਵੇਂ ਲੱਗਦਾ ਹੈ ਜਿਵੇਂ ਇਹ ਹਫ਼ਤਾ ਥੋੜ੍ਹਾ-ਥੋੜ੍ਹਾ ਅਤੀਤ ਦੀਆਂ ਚੀਜ਼ਾਂ ਵਿੱਚ ਡੁਬਕੀ ਲਗਾ ਰਿਹਾ ਹੋਵੇ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਬੇਲੀ ਐਲਨ ਮਸਕ ਦੇ ਇਸ ਬਿਆਨ ਨੂੰ ਭਾਜਪਾ ਨੇ ਦੈਵੀ ਵਚਨ ਵਜੋਂ ਲਿਆ ਹੈ ਕਿ ਯੂਐੱਸਏਡ ਭਾਰਤ ਵਿੱਚ ਮਤਦਾਨ ਲਈ 2.1 ਕਰੋੜ ਡਾਲਰ ਖਰਚ ਕਰ ਰਹੀ ਹੈ। ਟਰੰਪ ਨੇ ਸ਼ੁਰਲੀ ਛੱਡ ਦਿੱਤੀ ਕਿ ਹੋ ਸਕਦਾ ਹੈ ਕਿ ਇਹ ਪੈਸਾ ਜੋਅ ਬਾਇਡਨ ਪ੍ਰਸ਼ਾਸਨ ਵੱਲੋਂ 'ਕਿਸੇ ਹੋਰ ਨੂੰ ਜਿਤਾਉਣ ਲਈ ਭੇਜਿਆ ਹੋਵੇ' ਤੇ ਸੱਤਾਧਾਰੀ ਪਾਰਟੀ ਹੁਣ ਕਾਂਗਰਸ ਪਾਰਟੀ ਪਿੱਛੇ ਪੈ ਨਿਕਲੀ ਹੈ ਕਿ ਉਸ ਨੇ ਇਹ ਪੈਸਾ ਵਸੂਲ ਕੀਤਾ ਸੀ ਜਿਸ ਦੀ ਇਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਬਿਨਾਂ ਸ਼ੱਕ, ਟਰੰਪ ਖੇਖਣ ਕਰ ਰਿਹਾ ਹੈ। ਇਵੇਂ ਦਾ ਹੀ ਕੁਝ ਭਾਜਪਾ ਕਰ ਰਹੀ ਹੈ ਤੇ ਨਾਲ ਹੀ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲਾ ਕਹਿ ਰਿਹਾ ਹੈ ਕਿ ਇਹ ਬਹੁਤ ਹੀ ਪ੍ਰੇਸ਼ਾਨਕੁਨ ਜਾਣਕਾਰੀ ਹੈ ਅਤੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਵਿਦੇਸ਼ੀ ਦਖ਼ਲ ਚਿੰਤਾ ਦੀ ਗੱਲ ਹੈ। ਤੁਸੀਂ ਇਹ ਦਲੀਲ ਦੇ ਸਕਦੇ ਹੋ ਕਿ ਇਹ ਸਭ ਸਿਆਸਤ ਹੈ ਜਿਸ ਦਾ ਮੂਲ ਮਤਲਬ ਹੈ ਕਿ ਇਹ ਰੌਲਾ-ਰੱਪਾ ਰਾਹੁਲ ਗਾਂਧੀ ਨੂੰ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਹੈ। ਇਹ ਤੂਫ਼ਾਨ ਭਾਵੇਂ ਦੋ-ਚਹੁੰ ਦਿਨਾਂ ਵਿੱਚ ਖ਼ਤਮ ਹੋ ਜਾਵੇਗਾ ਪਰ ਆਓ ਪੜਚੋਲ ਕਰਦੇ ਹਾਂ ਕਿ ਇਸ ਨੇ ਪਿਆਲੀ ਦੇ ਕੰਢਿਆਂ ਨੂੰ ਹੁਣ ਤੱਕ ਕਿੰਨਾ ਕੁ ਖ਼ੋਰਾ ਲਾਇਆ ਹੈ।

ਪਹਿਲੀ ਕਿਰਕਿਰੀ ਕਾਂਗਰਸ ਦੀ ਨਹੀਂ ਸਗੋਂ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੀ ਹੀ ਹੋਈ ਹੈ। ਦੁਨੀਆ ਦੇ ਬਿਹਤਰੀਨ ਸਫ਼ੀਰਾਂ ਦੀ ਬਣਤਰ ਵਾਲਾ ਇਹ ਮੰਤਰਾਲਾ ਅਕਸਰ ਅਤੇ ਬਹੁਤੀ ਵਾਰ ਸਿਆਸਤ ਦੇ ਗੰਦੇ ਤਲਾਅ ਤੋਂ ਉੱਪਰ ਹੀ ਰਿਹਾ ਹੈ। ਇਹ ਬਿਨਾਂ ਕਾਰਨ ਹੀ ਨਹੀਂ ਸੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਅਕਸਰ ਵਿਦੇਸ਼ ਮੰਤਰੀ ਵੀ ਰਹੇ ਸਨ ਅਤੇ ਜਦੋਂ ਉਹ ਨਹੀਂ ਹੁੰਦੇ ਸਨ ਤਾਂ ਵੀ ਉਹ ਇਸ ਮੰਤਰਾਲੇ ਦੇ ਮਾਮਲਿਆਂ ਵਿੱਚ ਗਹਿਰੀ ਰੁਚੀ ਲੈਂਦੇ ਸਨ। ਦਰਅਸਲ, ਭਾਰਤੀ ਗਣਰਾਜ ਦੇ ਦੂਤਾਵਾਸ ਦੀ ਹਰੇਕ ਨਿਯੁਕਤੀ ਉੱਪਰ ਪ੍ਰਧਾਨ ਮੰਤਰੀ ਵੱਲੋਂ ਸਹੀ ਪਾਈ ਜਾਂਦੀ ਹੈ।

ਜੇ ਰਾਸ਼ਟਰੀ ਹਿੱਤ ਦੀ ਪਹਿਰੇਦਾਰੀ ਵਿੱਚ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਦੀ ਇਹੋ ਜਿਹੀ ਭੂਮਿਕਾ ਹੈ ਤਾਂ ਇਹ ਇਸ ਗੱਲ ਦੀ ਪੈਰਵੀ ਕਰਦਾ ਹੈ ਕਿ ਇਹ ਕਿਸੇ ਵੀ ਪਾਰਟੀ ਦਾ ਹਥਿਆਰ ਨਹੀਂ ਬਣੇਗਾ। ਇਸੇ ਕਰ ਕੇ ਇਹ ਆਪਣੇ ਸ਼ਬਦਾਂ ਦੀ ਬਹੁਤ ਸੋਚ ਸਮਝ ਕੇ ਵਰਤੋਂ ਕਰਦਾ ਹੈ। ਆਖ਼ਿਰਕਾਰ ਸ਼ਬਦ ਹੀ ਕਿਸੇ ਸਫ਼ੀਰ ਦੇ ਭੱਥੇ ਦੇ ਇਕਮਾਤਰ ਤੀਰ ਹੁੰਦੇ ਹਨ ਅਤੇ ਹਰੇਕ ਸ਼ਬਦ ਦਾ ਕੋਈ ਨਾ ਕੋਈ ਮਤਲਬ ਅਤੇ ਕੋਈ ਨਾ ਕੋਈ ਇਸ਼ਾਰਾ ਹੁੰਦਾ ਹੈ।

ਦੂਜਾ ਇਹ ਕਿ ਇਸ ਤੂਫ਼ਾਨ ਦਾ ਮਤਲਬ ਹੈ ਕਿ ਭਾਜਪਾ ਅਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ ਪਿਛਲੇ ਪੰਦਰਾਂ ਕੁ ਦਿਨਾਂ ਵਿੱਚ ਤਿੰਨ ਅਮਰੀਕੀ ਫ਼ੌਜੀ ਜਹਾਜ਼ਾਂ ਰਾਹੀਂ ਹੱਥਕੜੀਆਂ ਅਤੇ ਬੇੜੀਆਂ ਲਾ ਕੇ ਲਿਆਂਦੇ ਗਏ ਪਰਵਾਸੀ ਭਾਰਤੀਆਂ ਦੇ ਵਿਵਾਦ ਨੂੰ ਭੁਲਾ ਦਿੱਤਾ ਗਿਆ ਹੈ। ਇਨ੍ਹਾਂ 'ਚੋਂ ਦੋ ਉਡਾਣਾਂ ਪ੍ਰਧਾਨ ਮੰਤਰੀ ਮੋਦੀ ਵੱਲੋਂ ਟਰੰਪ ਨੂੰ ਮਿਲ ਕੇ ਆਉਣ ਤੋਂ ਬਾਅਦ ਆਈਆਂ ਹਨ ਪਰ ਅਜੇ ਤੱਕ ਸਰਕਾਰ ਦੇ ਕਿਸੇ ਸ਼ਖ਼ਸ ਨੇ ਇਹ ਜਵਾਬ ਨਹੀਂ ਦਿੱਤਾ ਕਿ ਕੀ ਭਾਰਤ ਨੇ ਟਰੰਪ ਕੋਲ ਇਹ ਮਾਮਲਾ ਉਠਾਇਆ ਸੀ ਜਾਂ ਨਹੀਂ? ਇਹ ਕਹਾਣੀ ਖ਼ਤਮ ਹੋ ਗਈ ਹੈ। ਦਿੱਲੀ ਅਗਾਂਹ ਵਧ ਗਈ ਹੈ।

ਬਹਰਹਾਲ, ਇਹ ਤੱਥ ਜਿਉਂ ਦਾ ਤਿਉਂ ਕਾਇਮ ਹੈ ਕਿ ਬਹੁਤ ਸਾਰੇ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ ਜਿਨ੍ਹਾਂ 'ਚੋਂ ਇੱਕ ਇਹ ਵੀ ਸ਼ਾਮਿਲ ਹੈ ਕਿ ਸਿੱਖ ਡਿਪੋਰਟੀਆਂ ਦੀਆਂ ਪੱਗਾਂ ਕਿਉਂ ਉਤਰਵਾਈਆਂ ਗਈਆਂ ਸਨ। ਜਿੱਥੋਂ ਤੱਕ ਹਥਕੜੀਆਂ ਤੇ ਬੇੜੀਆਂ ਦਾ ਸਵਾਲ ਹੈ ਤਾਂ ਲੱਗਦਾ ਹੈ ਕਿ ਅਣਚਾਹੇ ਭਾਰਤੀਆਂ ਨੂੰ ਵਾਪਸ ਭੇਜਣ ਸਮੇਂ ਅਮਰੀਕੀ ਇਵੇਂ ਕਰਦੇ ਹਨ ਜਦੋਂਕਿ ਕਈ ਹੋਰਨਾਂ ਦੇਸ਼ਾਂ ਦੀ ਸੂਰਤ ਵਿੱਚ ਇਵੇਂ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਕੀਤਾ ਗਿਆ ਹੈ ਪਰ ਜਾਪਦਾ ਹੈ ਕਿ ਅਮਰੀਕੀ ਕੋਈ ਵੀ ਜੋਖ਼ਮ ਲੈਣਾ ਨਹੀਂ ਚਾਹ ਰਹੇ।

ਬੁਨਿਆਦੀ ਸਵਾਲ ਉਵੇਂ ਹੀ ਖੜ੍ਹਾ ਹੈ। ਕੀ ਅਮਰੀਕਾ ਵਿਚਲੇ ਭਾਰਤੀ ਦੂਤਾਵਾਸ ਜਾਂ ਦਿੱਲੀ ਵਿੱਚ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਨੇ ਅਮਰੀਕੀ ਰਾਜਦੂਤਾਂ ਨੂੰ ਤਲਬ ਕਰ ਕੇ ਉਨ੍ਹਾਂ ਨੂੰ ਤਾੜਨਾ ਕੀਤੀ ਸੀ ਕਿ ਉਨ੍ਹਾਂ ਉਡਾਣਾਂ ਦੌਰਾਨ ਭਾਰਤੀ ਨਾਗਰਿਕਾਂ ਨਾਲ ਇਹ ਬਦਸਲੂਕੀ ਕਿਉਂ ਕੀਤੀ ਗਈ ਹੈ? ਜ਼ਾਹਿਰ ਹੈ ਕਿ ਅਮਰੀਕੀਆਂ ਨੇ ਉਡਾਣਾਂ ਰਾਹੀਂ ਡਿਪੋਰਟ ਕਰਨ ਦਾ ਸਿਲਸਿਲਾ ਫਿਲਹਾਲ ਛੱਡ ਦਿੱਤਾ ਹੈ, ਉਨ੍ਹਾਂ ਨੂੰ ਇਹ ਪਰਵਾਸੀ ਪਨਾਮਾ ਅਤੇ ਕੋਸਟਾ ਰੀਕਾ ਵਿੱਚ ਧੱਕ ਦੇਣਾ ਕਿਤੇ ਸਸਤਾ ਪੈਂਦਾ ਹੈ। ਦਿੱਲੀ ਦਾ ਕਹਿਣਾ ਹੈ ਕਿ ਉਨ੍ਹਾਂ ਬੰਦਿਆਂ ਦੀ ਪਛਾਣ ਦੀ ਪੜਤਾਲ ਕੀਤੀ ਜਾ ਰਹੀ ਹੈ ਤੇ ਇਸ ਵਿੱਚ ਕਾਫ਼ੀ ਸਮਾਂ ਲੱਗ ਸਕਦਾ ਹੈ ਕਿਉਂਕਿ ਇਹ ਕਾਫ਼ੀ ਲੰਮੀ ਪ੍ਰਕਿਰਿਆ ਹੈ ਅਤੇ ਇਸ ਵਿੱਚ ਬਹੁਤ ਸਾਰੇ ਫ਼ੈਸਲੇ ਕਰਨੇ ਪੈਂਦੇ ਹਨ ਕਿ ਕੀ ਇਹ ਲੋਕ ਭਾਰਤੀ ਹਨ ਜਾਂ ਫਿਰ ਦੱਖਣੀ ਏਸ਼ੀਆ ਦੇ ਕਿਸੇ ਹੋਰ ਦੇਸ਼ ਤੋਂ ਹਨ।

ਜ਼ਰਾ ਸੋਚੋ ਕਿ ਜੇ ਤੁਹਾਡੇ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਏਜੰਟ ਨੇ ਜੰਗਲ ਵਿੱਚ ਤੁਹਾਡਾ ਪਾਸਪੋਰਟ ਲੈ ਕੇ ਰੱਖ ਲਿਆ ਹੋਵੇ ਜਾਂ ਇਸ ਨੂੰ ਪਾੜ ਕੇ ਸੁੱਟ ਦਿੱਤਾ ਹੋਵੇ ਤਾਂ ਤੁਹਾਡੇ ਕੋਲ ਕੋਈ ਕਾਗਜ਼ ਨਹੀਂ ਬਚੇਗਾ ਅਤੇ ਕੋਸਟਾ ਰੀਕਾ ਜਾਂ ਪਨਾਮਾ ਵਿਚਲੇ ਭਾਰਤੀ ਸਫ਼ੀਰ ਕਿਸ ਆਧਾਰ 'ਤੇ ਇਹ ਫ਼ੈਸਲਾ ਕਰਨਗੇ ਕਿ ਫਲਾਂ ਬੰਦਾ ਭਾਰਤੀ ਹੈ ਜਾਂ ਨਹੀਂ? ਕੀ ਇਸ ਆਧਾਰ 'ਤੇ ਕਿ ਉਹ ਕਿਹੋ ਜਿਹਾ ਦਿਸਦਾ ਹੈ ਜਾਂ ਉਹ ਕਿਹੜੀ ਭਾਸ਼ਾ ਬੋਲਦਾ ਹੈ?

ਤੀਜਾ ਇਹ ਤੱਥ ਬਰਕਰਾਰ ਹੈ ਕਿ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਇਹ ਲੋਕ ਟੋਭਾ ਟੇਕ ਸਿੰਘ ਵਰਗੀ ਲਾਚਾਰੀ ਦੇ ਆਲਮ ਵਿੱਚ ਫਸ ਗਏ ਹਨ- ਪਿੱਛੇ ਪੰਜਾਬ ਵਿੱਚ ਹਾਲਾਤ ਇਸ ਨਾਲੋਂ ਵੀ ਮਾੜੇ ਬਣੇ ਹੋਏ ਹਨ ਅਤੇ ਕੈਨੇਡਾ-ਅਮਰੀਕਾ ਦੀ ਚਮਕ ਅਜੇ ਵੀ ਧੂਹ ਪਾ ਰਹੀ ਹੈ। ਉਹ ਕਿਸੇ ਨਾ ਕਿਸੇ ਤਰ੍ਹਾਂ ਉੱਥੇ ਪਹੁੰਚ ਜਾਣਾ ਚਾਹੁੰਦੇ ਹਨ ਜਿਵੇਂ ਗੁਜਰਾਤੀ ਕਰਦੇ ਹਨ- ਅਮਰੀਕਾ ਤੋਂ ਡਿਪੋਰਟ ਕੀਤੇ ਜਾਣ ਵਾਲੇ ਲੋਕਾਂ ਵਿੱਚ ਦੂਜਾ ਨੰਬਰ ਗੁਜਰਾਤੀਆਂ ਦਾ ਹੀ ਹੈ ਅਤੇ ਉਹ ਵੀ ਉਵੇਂ ਹੀ ਕਰਦੇ ਹਨ ਜਿਵੇਂ ਸਾਡੇ 'ਚੋਂ ਬਹੁਤ ਸਾਰੇ ਲੋਕ ਅਮਰੀਕੀ ਵੀਜ਼ੇ ਲਈ ਕਰਦੇ ਹਨ।

ਚੌਥਾ ਸਵਾਲ ਇਹ ਹੈ ਕਿ ਸਮਾਂ ਆ ਗਿਆ ਹੈ ਕਿ ਇੱਧਰ ਉੱਧਰ ਦੀਆਂ ਗੱਲਾਂ ਛੱਡ ਕੇ ਮੂਲ ਮੁੱਦੇ ਦੀ ਗੱਲ ਕਰੀਏ। ਸਚਾਈ ਇਹ ਹੈ ਕਿ ਜੋ ਇਹ ਤੂਫ਼ਾਨ ਖੜ੍ਹਾ ਕੀਤਾ ਜਾ ਰਿਹਾ ਹੈ, ਉਹ ਤੁਹਾਡੇ ਆਸ-ਪਾਸ ਤੇਜ਼ੀ ਨਾਲ ਬਦਲ ਰਹੀ ਦੁਨੀਆ ਦੀ ਨਿਰਖ-ਪਰਖ ਤੋਂ ਧਿਆਨ ਭਟਕਾਉਣ ਲਈ ਕੀਤਾ ਗਿਆ ਹੈ। ਰਿਆਧ ਵਿੱਚ ਰੂਸ-ਅਮਰੀਕਾ ਵਾਰਤਾ ਤੋਂ ਬਾਅਦ ਟਰੰਪ ਦੀ ਮੰਡਲੀ ਰੂਸੀਆਂ ਨਾਲ ਚੰਗੀਆਂ-ਚੰਗੀਆਂ ਗੱਲਾਂ ਕਰਨ ਦੇ ਰੌਂਅ ਵਿੱਚ ਆ ਗਈ ਹੈ। ਹੋਰ ਪਤੇ ਦੀ ਗੱਲ ਇਹ ਹੈ ਕਿ ਟਰੰਪ ਨੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਵਾਸ਼ਿੰਗਟਨ ਡੀਸੀ ਆਉਣ ਦਾ ਸੱਦਾ ਦਿੱਤਾ ਹੈ।

ਕੀ ਇਸ ਦਾ ਮਤਲਬ ਇਹ ਹੈ ਕਿ ਕੋਈ ਯਾਲਟਾ ਵਰਗੀ ਦੂਜੀ ਕਾਨਫਰੰਸ (ਦੂਜੀ ਆਲਮੀ ਜੰਗ ਤੋਂ ਬਾਅਦ ਯੂਰੋਪ ਤੇ ਜਰਮਨੀ ਦਾ ਮੁੜਗਠਨ ਕਰਨ ਲਈ ਅਮਰੀਕਾ, ਇੰਗਲੈਂਡ ਤੇ ਸੋਵੀਅਤ ਸੰਘ ਵਿਚਕਾਰ ਹੋਈ ਵਾਰਤਾ) ਹੋ ਰਹੀ ਹੈ? ਕੀ ਇਸ ਦਾ ਮਤਲਬ ਹੈ ਕਿ ਟਰੰਪ, ਪੂਤਿਨ ਅਤੇ ਜਿਨਪਿੰਗ ਛੇਤੀ ਹੀ ਆਪੋ-ਆਪਣੇ ਮਹਾਦੀਪਾਂ ਦੇ ਸਵਾਮੀ ਬਣ ਜਾਣਗੇ- ਮਸਲਨ ਕੀ ਯੂਰੋਪ ਰੂਸ ਨੂੰ ਅਤੇ ਏਸ਼ੀਆ ਚੀਨ ਨੂੰ ਸੌਂਪ ਦਿੱਤਾ ਜਾਵੇਗਾ? ਇੱਕ ਪਲ ਲਈ ਇਸ ਨੂੰ ਅਤਿਕਥਨੀ ਵੀ ਮੰਨ ਲਿਆ ਜਾਵੇ ਤਾਂ ਵੀ ਪਿਆਰੇ ਪਾਠਕੋ, ਨੁਕਤਾ ਸਮਝ ਗਏ ਹੋਵੋਗੇ। ਪੂਰੇ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਇਨ੍ਹੀਂ ਦਿਨੀਂ ਮਾਸਕੋ ਅਤੇ ਪੇਈਚਿੰਗ ਦੀਆਂ ਵਾਛਾਂ ਖਿੜੀਆਂ ਹੋਈਆਂ ਹਨ।

ਤੇ ਇਸ ਲੇਖ ਦਾ ਅੰਤਿਮ ਸਵਾਲ ਹੈ: ਜੇ ਟਰੰਪ ਸ਼ੀ ਜਿਨਪਿੰਗ ਨੂੰ ਜੱਫੀ ਪਾ ਲੈਂਦੇ ਹਨ ਜੋ ਤੇਜ਼ੀ ਨਾਲ ਬਦਲ ਰਹੀ ਦੁਨੀਆ ਵਿੱਚ ਕੋਈ ਅਲੋਕਾਰੀ ਗੱਲ ਨਹੀਂ ਹੈ ਤਾਂ ਭਾਰਤ ਲਈ ਕਿਹੜੀ ਥਾਂ ਬਚੇਗੀ, ਖ਼ਾਸਕਰ ਉਦੋਂ ਜਦੋਂ ਭਾਰਤ ਤੇ ਮੋਦੀ ਚੀਨ ਦੇ ਦਬਦਬੇ ਖ਼ਿਲਾਫ਼ ਟਰੰਪ ਅਤੇ ਅਮਰੀਕੀ ਸਹਾਰੇ ਦੀ ਤਲਾਸ਼ ਵਿੱਚ ਜੁਟੇ ਹੋਏ ਹਨ? ਸ਼ਾਇਦ ਇਹ ਭਾਰਤ ਲਈ ਅੱਖਾਂ ਖੋਲ੍ਹਣ ਵਰਗੀ ਕੋਈ ਗੱਲ ਹੈ। ਸ਼ਾਇਦ ਇਹ ਅੰਤਰ-ਝਾਤ ਮਾਰਨ ਅਤੇ ਆਪਣੀ ਅੰਦਰੂਨੀ ਸ਼ਕਤੀ ਵਿਕਸਤ ਕਰਨ ਦਾ ਸਮਾਂ ਹੈ। ਜਿੱਥੋਂ ਤੱਕ 'ਵਿਦੇਸ਼ੀ ਹੱਥ' ਦਾ ਤਾਅਲੁਕ ਹੈ ਤਾਂ ਇਸ ਨੂੰ ਉਵੇਂ ਦੇਖਿਆ ਪਛਾਣਿਆ ਜਾਣਾ ਚਾਹੀਦਾ ਹੈ ਜਿਵੇਂ ਹਮੇਸ਼ਾ ਤੋਂ ਹੀ ਰਿਹਾ ਹੈ, ਭਾਵ, ਧਿਆਨ ਭਟਕਾਉਣ ਦਾ ਹਥਕੰਡਾ।

# ਮਾਂ ਬੋਲੀ ਪੰਜਾਬੀ

## ਮਹੱਤਵ ਤੇ ਵਿਕਾਸ

ਲੇਖਕ : ਡਾ. ਇਕਬਾਲ ਸੋਮੀਆਂ
ਸੰਪਰਕ: 95012-05169

ਇਹ ਤੱਥ ਸਾਰੇ ਜਾਣਦੇ ਹਨ ਕਿ ਕਿਸੇ ਰੁੱਖ ਦੀਆਂ ਜੜ੍ਹਾਂ ਜਿੰਨੀਆਂ ਡੂੰਘੀਆਂ ਹੋਣਗੀਆਂ ਓਨੀ ਹੀ ਝੱਖੜਾਂ-ਤੂਫ਼ਾਨਾਂ ਦਾ ਸਾਹਮਣਾ ਕਰਨ ਦੀ ਉਸ ਰੁੱਖ ਵਿੱਚ ਸ਼ਕਤੀ ਹੋਵੇਗੀ। ਮਾਂ ਬੋਲੀ ਦੇ ਸਬੰਧ ਵਿੱਚ ਵੀ ਇਹ ਤੱਥ ਸੋਲ੍ਹਾਂ ਆਨੇ ਸੱਚ ਹੈ। ਦੁਨੀਆ ਭਰ ਦੇ ਮਹਾਨ ਲੇਖਕਾਂ, ਸਿੱਖਿਆ-ਸ਼ਾਸਤਰੀਆਂ, ਵਿਦਵਾਨਾਂ ਤੇ ਵਿਗਿਆਨੀਆਂ ਨੇ ਇਸ ਤੱਥ ਨੂੰ ਆਪਣੇ ਤਜਰਬਿਆਂ ਰਾਹੀਂ ਬੋਲਾਂ ਤੇ ਲਿਖਤਾਂ ਵਿੱਚ ਪ੍ਰਗਟਾਇਆ ਹੈ। ਰਸੂਲ ਹਮਜ਼ਾਤੋਵ ਨੂੰ ਚਾਹੇ ਦੁਨੀਆ ਦੀਆਂ ਹੋਰ ਭਾਸ਼ਾਵਾਂ ਵੀ ਆਉਂਦੀਆਂ ਸਨ ਪਰ ਉਸ ਨੂੰ ਆਪਣੀ ਮਾਂ ਬੋਲੀ 'ਅਵਾਰ' ਵਿੱਚ ਗੱਲ ਕਰਨਾ ਹੀ ਪਿਆਰਾ ਲੱਗਦਾ ਸੀ। ਉਹ ਤਾਂ ਆਪਣੀ ਰਚਨਾ 'ਮੇਰਾ ਦਾਗਿਸਤਾਨ' ਵਿੱਚ ਇਹ ਵੀ ਦੱਸਦਾ ਹੈ ਕਿ ਉੱਥੇ ਜੇ ਕਿਸੇ ਨੂੰ ਗਾਲ੍ਹ ਦੇਣੀ ਹੋਵੇ ਤਾਂ ਇਹ ਕਿਹਾ ਜਾਂਦਾ ਹੈ ਕਿ "ਜਾਹ ਤੈਨੂੰ ਆਪਣੀ ਮਾਂ ਬੋਲੀ ਭੁੱਲ ਜਾਏ।"

ਯੂਨੈਸਕੋ ਨੇ 1968 ਵਿੱਚ ਇੱਕ ਰਿਪੋਰਟ 'ਚ ਇਹ ਅਧਿਐਨ ਪੇਸ਼ ਕੀਤਾ ਕਿ "ਮਾਤ-ਭਾਸ਼ਾ ਦੀ ਸਿੱਖਿਆ ਲਈ ਵਰਤੋਂ ਜਿੰਨੀ ਦੂਰ ਤੱਕ ਸੰਭਵ ਹੋ ਸਕੇ ਓਨੀ ਦੂਰ ਤੱਕ ਕੀਤੀ ਜਾਵੇ।" ਅਫ਼ਰੀਕੀ ਲੇਖਕ ਨਗੂਗੀ ਵਾ ਥਿਓਂਗੋ ਦਾ ਕਥਨ ਹੈ ਕਿ "ਜੇਕਰ ਤੁਹਾਨੂੰ ਸੰਸਾਰ ਦੀਆਂ ਸਾਰੀਆਂ ਭਾਸ਼ਾਵਾਂ ਆਉਂਦੀਆਂ ਹਨ ਪਰ ਤੁਹਾਨੂੰ ਆਪਣੀ ਮਾਂ-ਬੋਲੀ ਜਾਂ ਆਪਣੇ ਸੱਭਿਆਚਾਰ ਦੀ ਭਾਸ਼ਾ ਨਹੀਂ ਆਉਂਦੀ ਤਾਂ ਇਸ ਨੂੰ ਗ਼ੁਲਾਮੀ ਕਹਿੰਦੇ ਹਨ।"

ਬਾਬਾ ਫ਼ਰੀਦ ਵਰਗੇ ਮਹਾਂਪੁਰਖਾਂ ਦੁਆਰਾ ਆਪਣੀ ਬੋਲੀ ਵਿੱਚ ਰਚਨਾ ਕਰਨਾ ਉਨ੍ਹਾਂ ਦੁਆਰਾ ਮਾਂ-ਬੋਲੀ ਨਾਲ ਪ੍ਰਗਟਾਇਆ ਪਿਆਰ ਹੀ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਸਮਿਆਂ ਦੀ ਸਰਕਾਰੀ ਭਾਸ਼ਾ ਫ਼ਾਰਸੀ ਦੀ ਬਜਾਏ ਲੋਕਾਂ ਦੀ ਆਮ ਬੋਲਚਾਲ ਦੀ ਬੋਲੀ ਪੰਜਾਬੀ ਵਿੱਚ ਬਾਣੀ ਰਚੀ। ਉਨ੍ਹਾਂ ਨੇ ਲੋਕਾਂ ਨੂੰ ਫ਼ਾਰਸੀ ਨੂੰ ਬਾਹਰਲੀ ਬੋਲੀ ਆਖਦਿਆਂ ਲਿਖਿਆ:

**ਘਰਿ ਘਰਿ ਮੀਆ ਸਭਨਾ ਜੀਆ**
**ਬੋਲੀ ਅਵਰ ਤੁਮਾਰੀ॥**

ਅਜੋਕੇ ਸਮਿਆਂ ਵਿੱਚ ਵੀ ਭਾਸ਼ਾ ਖੋਜ ਨਾਲ ਸਬੰਧਿਤ ਸੰਸਥਾਵਾਂ ਦੀਆਂ ਮਾਂ ਬੋਲੀ ਨਾਲ ਸਬੰਧਿਤ ਸੰਸਥਾਵਾਂ ਦੀਆਂ ਖੋਜਾਂ ਤੇ ਸਰਵੇਖਣਾਂ ਦੀਆਂ ਰਿਪੋਰਟਾਂ ਨੇ ਵੀ ਮਾਂ ਬੋਲੀ ਦੀ ਮਹੱਤਤਾ ਨੂੰ ਸਿੱਧ ਕੀਤਾ ਹੈ। ਮਾਂ ਬੋਲੀ ਵਿੱਚ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਹੀ ਹੋਰ ਭਾਸ਼ਾਵਾਂ ਦਾ ਗਿਆਨ- ਉਸ ਦੀ ਸ਼ਬਦਾਵਲੀ, ਵਿਆਕਰਨ ਆਦਿ ਚੰਗੀ ਤਰ੍ਹਾਂ ਸਮਝ ਸਕਣ ਦੇ ਕਾਬਲ ਬਣਦਾ ਹੈ। ਮਾਂ ਬੋਲੀ ਵਿੱਚ ਪ੍ਰਾਪਤ ਗਿਆਨ ਨਾਲ ਬੱਚਾ ਸ਼ਸ਼ੋਪੰਜ ਵਿੱਚ ਨਹੀਂ ਰਹਿੰਦਾ ਕਿ ਕਿਹੜੀ ਵਸਤ ਜਾਂ ਸੰਕਲਪ ਲਈ ਕੀ ਸ਼ਬਦ ਵਰਤਣਾ ਹੈ। ਇਸ ਤਰ੍ਹਾਂ ਉਸ ਦਾ ਆਤਮ-ਵਿਸ਼ਵਾਸ ਵੀ ਵਧੀਆ ਬਣਿਆ ਰਹਿੰਦਾ ਹੈ ਤੇ ਉਸ ਦੀ ਵਿਸ਼ੇ 'ਤੇ ਪਕੜ ਵੀ ਪੀਡੀ ਹੁੰਦੀ ਹੈ।

ਦੁਨੀਆ ਭਰ ਵਿੱਚ ਅੰਗਰੇਜ਼ੀ ਭਾਸ਼ਾ ਸਿਖਾਉਣ ਤੇ ਆਈਲਜ਼ ਦਾ ਸੰਚਾਲਨ ਕਰਨ ਵਾਲੀ ਇੰਗਲੈਂਡ ਦੀ ਸੰਸਥਾ 'ਬ੍ਰਿਟਿਸ਼ ਕੌਂਸਲ' ਦੀ ਪ੍ਰਕਾਸ਼ਿਤ ਕਿਤਾਬ ਰੂਪੀ ਰਿਪੋਰਟ 'ਇੰਗਲਿਸ਼ ਲੈਂਗੁਏਜ ਐਂਡ ਮੀਡੀਅਮ ਆਫ ਇੰਸਟਰਕਸ਼ਨ ਇਨ ਬੇਸਿਕ ਐਜੂਕੇਸ਼ਨ' ਵਿਸ਼ੇਸ਼ ਅਹਿਮੀਅਤ ਰੱਖਦੀ ਹੈ ਜਿਸ ਵਿੱਚ ਖੋਜਕਰਤਾ ਜੌਹਨ ਸਿੰਪਸਨ ਨੇ ਇਹ ਸਾਫ਼ ਲਿਖਿਆ ਹੈ ਕਿ "ਜੇਕਰ ਵਿਕਾਸਸ਼ੀਲ ਮੁਲਕ ਦਾ ਬੱਚਾ ਅੰਗਰੇਜ਼ੀ ਦੀ ਬਜਾਏ ਆਪਣੀ ਮਾਂ ਬੋਲੀ ਵਿੱਚ ਪੜ੍ਹਦਾ ਹੈ ਤਾਂ ਉਹ ਵਧੇਰੇ ਵਧੀਆ ਤਰੀਕੇ ਨਾਲ ਗਿਆਨ ਹਾਸਲ ਕਰਦਾ ਹੈ ਤੇ ਉਹ ਅਕਾਦਮਿਕ ਤੌਰ 'ਤੇ ਸਫਲਤਾ ਪ੍ਰਾਪਤ ਕਰਨ ਦੇ ਨਾਲ-ਨਾਲ ਆਰਥਿਕ ਤੇ ਸਮਾਜਿਕ ਤੌਰ 'ਤੇ ਵੀ ਫ਼ਾਇਦੇ ਵਿੱਚ ਰਹਿੰਦਾ ਹੈ।"

ਅਸੀਂ ਸਭ ਥਾਂ ਆਪਣੇ ਘਰ, ਆਪਣੇ ਕੱਪੜਿਆਂ, ਆਪਣੇ ਸਰੀਰ, ਆਪਣੇ ਵਿਹਾਰ, ਆਪਣੇ ਘਰ ਦੇ ਜੀਆਂ ਨੂੰ, ਧਰਮ ਤੇ ਸੱਭਿਆਚਾਰ ਨੂੰ ਹੋਰਾਂ ਨਾਲੋਂ ਉੱਤਮ ਦੱਸਦੇ ਹਾਂ, ਫਿਰ ਇਹ ਕਿਉਂ ਕਿ ਅਸੀਂ ਦੂਜੀ, ਤੀਜੀ ਬੋਲੀ ਨੂੰ ਪਹਿਲ ਦਿੰਦੇ ਹਾਂ ਤੇ ਆਪਣੀ ਮਾਂ ਬੋਲੀ ਵਿੱਚ ਬੋਲਦੇ, ਲਿਖਦੇ ਸ਼ਰਮ ਮਹਿਸੂਸ ਕਰਦੇ ਹਾਂ? ਇਹ ਹੀਣ ਭਾਵਨਾ ਸਾਡੇ ਵਿੱਚ ਕਿਉਂ ਹੈ?

ਬਾਬਾ ਫ਼ਰੀਦ ਜੀ ਦਾ ਸਲੋਕ ਹੈ:

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥**

ਉਨ੍ਹਾਂ ਨੇ ਕਿਸੇ ਪਰਾਏ ਦੇ ਆਸਰੇ ਰਹਿਣ ਨਾਲੋਂ ਮੌਤ ਨੂੰ ਚੰਗਾ ਦੱਸਿਆ



ਹੈ। ਪਰ ਕੀ ਪੰਜਾਬੀ ਹੁਣ ਆਪਣੇ ਪੈਰਾਂ 'ਤੇ ਖਲੋਣ ਜੋਗੇ ਨਹੀਂ ਰਹੇ ਜੋ ਆਪਣੇ ਆਪ ਨੂੰ ਹੀਣਾ ਸਮਝ ਰਹੇ ਹਨ?

ਜੇ ਅਸੀਂ ਇਹ ਸੋਚਦੇ ਹਾਂ ਕਿ ਅੰਗਰੇਜ਼ੀ ਵਿੱਚ ਪੜ੍ਹ ਕੇ ਸਭ ਨੂੰ ਰੁਜ਼ਗਾਰ ਮਿਲ ਜਾਵੇਗਾ ਤਾਂ ਉਹ ਕਿਵੇਂ? ਮੰਨ ਲਵੋ ਜੇਕਰ ਕੋਈ ਅੰਗਰੇਜ਼ੀ ਮਾਧਿਅਮ ਪੜ੍ਹਿਆ ਵਿਅਕਤੀ ਬੈਂਕ ਵਿੱਚ ਨੌਕਰੀ ਕਰਦਾ ਹੈ ਤਾਂ ਕੀ ਉਸ ਦਾ ਸਿਰਫ਼ ਅੰਗਰੇਜ਼ੀ ਬੋਲਣ ਵਾਲੇ ਲੋਕਾਂ ਨਾਲ ਹੀ ਵਾਹ ਪਵੇਗਾ? ਕੀ ਅਸੀਂ ਅੰਗਰੇਜ਼ੀ ਵਿਦੇਸ਼ ਜਾ ਕੇ ਪੜ੍ਹਨ ਜਾਂ ਨੌਕਰੀ ਕਰਨ ਲਈ ਪੜ੍ਹ ਰਹੇ ਹਾਂ? ਜੇ ਇਹ ਸਵਾਲ ਹੈ ਤਾਂ ਫਿਰ ਕੀ ਸਾਰੇ ਅੰਗਰੇਜ਼ੀ ਪੜ੍ਹ ਕੇ ਵਿਦੇਸ਼ ਚਲੇ ਜਾਂਦੇ ਹਨ? ਜਾਂ ਫਿਰ ਕੀ ਜਾਣ ਜੋਗੇ ਹਨ? ਇਹ ਵੀ ਤੱਥ ਹੈ ਕਿ ਦੁਨੀਆ ਦੇ ਵਿਕਸਿਤ ਮੁਲਕਾਂ ਨੇ ਆਪਣੇ ਕਾਰੋਬਾਰ, ਸਿੱਖਿਆ, ਵਪਾਰ ਆਦਿ ਖੇਤਰਾਂ ਵਿੱਚ ਆਪਣੀ ਮਾਂ ਬੋਲੀ ਦੀ ਵਰਤੋਂ ਨੂੰ ਪਹਿਲ ਦਿੱਤੀ ਹੈ।

ਇਹ ਨਹੀਂ ਕਿ ਦੂਜੀ, ਤੀਜੀ, ਚੌਥੀ ਭਾਸ਼ਾ ਸਿੱਖਣੀ ਨਹੀਂ ਚਾਹੀਦੀ ਸਗੋਂ ਵਿਅਕਤੀ ਨੂੰ ਸੰਸਾਰਕ ਪੱਧਰ ਦਾ ਗਿਆਨ ਹਾਸਲ ਕਰਨ ਲਈ ਹੋਰ ਭਾਸ਼ਾਵਾਂ ਦਾ ਗਿਆਨ ਹੋਣਾ ਲਾਜ਼ਮੀ ਹੈ, ਪਰ ਪਹਿਲਾਂ ਆਪਣੀ ਮਾਂ ਬੋਲੀ ਉੱਪਰ ਪਕੜ ਬਣਾਉਣੀ ਲਾਜ਼ਮੀ ਹੈ। ਇਸੇ ਲਈ ਵਧੇਰੇ ਮਨੋਵਿਗਿਆਨੀ ਤੇ ਸਿੱਖਿਆ ਸ਼ਾਸਤਰੀ ਬੱਚੇ ਨੂੰ ਪ੍ਰਾਇਮਰੀ ਪੱਧਰ ਤੱਕ ਮਾਂ ਬੋਲੀ ਵਿੱਚ ਪੜ੍ਹਾਉਣ ਦੀ ਸਿਫ਼ਾਰਿਸ਼ ਕਰਦੇ ਹਨ। ਉਸ ਤੋਂ ਬਾਅਦ ਦੂਜੀ ਤੇ ਫਿਰ ਤੀਜੀ ਭਾਸ਼ਾ ਸਿੱਖਣੀ ਚਾਹੀਦੀ ਹੈ।

ਇਹ ਸਵਾਲ ਕੁਝ ਵਿਚਾਰਨ ਦੀ ਮੰਗ ਕਰਦੇ ਹਨ ਕਿ ਕੀ ਹੋਰਾਂ ਭਾਸ਼ਾਵਾਂ ਨੂੰ ਵਧੇਰੇ ਤਰਜੀਹ ਦੇ ਕੇ ਤੇ ਆਪਣੀ ਮਾਂ ਬੋਲੀ ਦਾ ਗ਼ਲਾ ਘੁੱਟ ਕੇ ਅਸੀਂ ਗਲੋਬਲੀ ਪਿੰਡ ਵਿੱਚ ਆਪਣੇ ਪਿੰਡ ਦੀ ਵਿਲੱਖਣ ਹੋਂਦ ਨੂੰ ਤਾਂ ਨਹੀਂ ਮਿਟਾ ਰਹੇ? ਕੀ ਅਸੀਂ ਆਪਣੇ ਸੱਭਿਆਚਾਰ ਨੂੰ ਹੀਣਾ ਸਮਝਦੇ ਹਾਂ ਜਾਂ ਫਿਰ ਕਦੇ-ਕਦਾਈਂ ਸੱਭਿਆਚਾਰ ਦੀ ਗੱਲ ਕਰਕੇ ਹੇਰਵਾ ਮਹਿਸੂਸ ਕਰਦੇ ਹਾਂ? ਕੀ ਅਸੀਂ ਦੋਗ਼ਲੇ ਕਿਰਦਾਰਾਂ ਵਾਲੇ ਹਾਂ?

ਬੇਸ਼ੱਕ, ਸਰਕਾਰਾਂ ਦਾ ਇਹ ਫ਼ਰਜ਼ ਹੁੰਦਾ ਹੈ ਕਿ ਉਹ ਅਜਿਹੀਆਂ ਨੀਤੀਆਂ ਤੇ ਕਾਨੂੰਨ ਘੜਨ ਤਾਂ ਜੋ ਲੋਕਾਂ ਦਾ ਵਿਲੱਖਣ ਸੱਭਿਆਚਾਰ ਉਸਾਰੂ ਰੂਪ ਵਿੱਚ ਸੁਰੱਖਿਅਤ ਬਣਿਆ ਰਹੇ। ਇਹ ਨਹੀਂ ਕਿ ਘੱਟਗਿਣਤੀਆਂ ਦਾ ਸੱਭਿਆਚਾਰ ਹੀਣਾ ਕਹਿ ਕੇ ਨਿੰਦਿਆ ਜਾਵੇ ਜਾਂ ਫਿਰ ਉਨ੍ਹਾਂ ਦੇ ਸਾਹਿਤ ਤੇ ਸੱਭਿਆਚਾਰ ਨੂੰ ਅੱਖੋਂ ਪਰੋਖੇ ਕਰ ਕੇ ਕੋਝੀਆਂ ਨੀਤੀਆਂ ਦਾ ਸ਼ਿਕਾਰ ਬਣਾਇਆ ਜਾਏ।

ਪੰਜਾਬ ਸਰਕਾਰ ਦੁਆਰਾ ਮਾਂ ਬੋਲੀ ਵਿੱਚ ਕੰਮਕਾਜ ਕਰਨ ਅਤੇ ਬੋਰਡਾਂ ਉੱਪਰ ਪੰਜਾਬੀ ਵਿੱਚ ਲਿਖਵਾਉਣ ਲਈ ਨੌਕਰਸ਼ਾਹੀ ਤੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ। ਇਹ ਵਧੀਆ ਉਪਰਾਲਾ ਹੈ, ਪਰ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ। ਨਿੱਜੀ ਤੇ ਕੇਂਦਰੀ ਬੋਰਡ ਵਾਲੇ ਸਕੂਲਾਂ ਵਿੱਚ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਲਈ ਸਖ਼ਤੀ ਨਾਲ ਕਾਰਵਾਈ ਕਰਨ ਦੀ ਲੋੜ ਹੈ। ਇਹ ਬੜੀ ਸ਼ਰਮਨਾਕ ਗੱਲ ਹੈ ਕਿ ਆਪਣੇ ਅਖੌਤੀ ਮਿਆਰਾਂ ਨੂੰ ਉੱਚਾ ਦੱਸਦੇ ਨਿੱਜੀ ਸਕੂਲ ਬੱਚਿਆਂ ਨੂੰ ਪੰਜਾਬੀ ਬੋਲਣ 'ਤੇ ਜੁਰਮਾਨਾ ਜਾਂ ਸਜ਼ਾ ਦਿੰਦੇ ਹਨ। ਇਸੇ ਕਰਕੇ ਪਦਮ ਸ੍ਰੀ ਕਵੀ ਸੁਰਜੀਤ ਪਾਤਰ ਨੂੰ ਇਹ ਦੁਖਾਂਤ ਆਪਣੀ ਕਵਿਤਾ ਵਿੱਚ ਇਹ ਲਿਖ ਕੇ ਪੇਸ਼ ਕਰਨਾ ਪਿਆ ਸੀ:

**ਚੀਂ ਚੀਂ ਕਰਦੀਆਂ ਚਿੜੀਆਂ ਦਾ**
**ਕਲ ਕਲ ਕਰਦੀਆਂ ਨਦੀਆਂ ਦਾ,**
**ਸ਼ਾਂ ਸ਼ਾਂ ਕਰਦੇ ਬਿਰਖਾਂ ਦਾ,**
**ਆਪਣਾ ਹੀ ਇੱਕ ਤਰਾਨਾ ਹੁੰਦਾ ਹੈ।**
**ਮੈਂ ਸੁਣਿਆ ਹੈ ਇਸ ਧਰਤੀ 'ਤੇ**
**ਇੱਕ ਅਜਿਹਾ ਦੇਸ਼ ਵੀ ਹੈ**
**ਜਿੱਥੇ ਬੱਚਿਆਂ ਨੂੰ ਆਪਣੀ ਹੀ**
**ਮਾਂ ਬੋਲੀ ਬੋਲਣ 'ਤੇ ਜੁਰਮਾਨਾ ਹੁੰਦਾ ਹੈ।**

ਚੰਡੀਗੜ੍ਹ, ਹਿਮਾਚਲ ਪ੍ਰਦੇਸ਼, ਰਾਜਸਥਾਨ, ਦਿੱਲੀ ਵਰਗੇ ਪੰਜਾਬੀ ਬੋਲਦੇ ਖਿੱਤਿਆਂ ਵਿੱਚ ਪੰਜਾਬੀ ਨੂੰ ਬਣਦਾ ਸਥਾਨ ਮਿਲਣਾ ਚਾਹੀਦਾ ਹੈ। ਮਾਂ ਬੋਲੀ ਨੂੰ ਰੁਜ਼ਗਾਰ, ਵਪਾਰ ਤੇ ਸਰਕਾਰੀ ਕੰਮਕਾਜ ਦੀ ਭਾਸ਼ਾ ਬਣਾਇਆ ਜਾਵੇ ਤੇ ਕੰਮਕਾਜ ਪੰਜਾਬੀ ਵਿੱਚ ਨਾ ਕਰਨ ਵਾਲਿਆਂ ਉੱਪਰ ਸਖ਼ਤ ਕਾਰਵਾਈ ਹੋਵੇ। ਸਕੂਲ ਅਤੇ ਉਚੇਰੀ ਸਿੱਖਿਆ ਵਿੱਚ ਖਾਲੀ ਪਈਆਂ ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਰੈਗੂਲਰ ਤੌਰ 'ਤੇ ਭਰੀਆਂ ਜਾਣ; ਹੋਰਾਂ ਰਾਜਾਂ ਦੀ ਤਰ੍ਹਾਂ ਲਾਇਬ੍ਰੇਰੀ ਐਕਟ ਬਣਾਇਆ ਜਾਵੇ ਜਿਸ ਤਹਿਤ ਪੰਜਾਬ ਦੇ ਹਰ ਪਿੰਡ ਵਿੱਚ ਲਾਇਬ੍ਰੇਰੀ ਬਣਾਈ ਜਾਵੇ ਤਾਂ ਜੋ ਲੋਕਾਂ ਦੀ ਪੜ੍ਹਨ ਰੁਚੀ ਵਿੱਚ ਵਾਧਾ ਹੋ ਸਕੇ।

ਮੀਡੀਆ ਦੇ ਪੱਖ ਤੋਂ ਇਹ ਗੱਲ ਅਹਿਮ ਹੈ ਕਿ ਅੱਜਕੱਲ੍ਹ ਬੱਚੇ ਟੀ.ਵੀ. ਜਾਂ ਮੋਬਾਈਲ ਫੋਨ ਉੱਪਰ ਕਾਰਟੂਨ ਵੇਖਦੇ ਹਨ ਜੋ ਵਧੇਰੇ ਹਿੰਦੀ ਜਾਂ ਅੰਗਰੇਜ਼ੀ ਵਿੱਚ ਹੀ ਹਨ, ਇਸ ਲਈ ਬੱਚਿਆਂ ਵਿੱਚ ਮਾਂ ਬੋਲੀ ਦੀ ਵਰਤੋਂ ਦਾ ਰੁਝਾਨ ਘਟਦਾ ਹੈ; ਸੋ ਪੰਜਾਬੀ ਬੋਲੀ ਵਿੱਚ ਵਧੀਆ ਕਾਰਟੂਨ ਪ੍ਰੋਗਰਾਮਾਂ ਤੇ ਫਿਲਮਾਂ ਦਾ ਨਿਰਮਾਣ ਹੋਣਾ ਬੇਹੱਦ ਜ਼ਰੂਰੀ ਹੈ।

ਅਦਾਲਤਾਂ ਦਾ ਕੰਮਕਾਜ ਪੰਜਾਬੀ ਵਿੱਚ ਹੋਣਾ ਚਾਹੀਦਾ ਹੈ ਜਿਸ ਲਈ ਸੰਵਿਧਾਨ ਦੀ ਧਾਰਾ 348 ਏ ਵਿੱਚ ਸੋਧ ਕਰਕੇ ਇਹ ਕੰਮਕਾਜ ਪੰਜਾਬੀ ਵਿੱਚ ਕਰਵਾਇਆ ਜਾ ਸਕਦਾ ਹੈ। ਇਸ ਨਾਲ ਆਮ ਵਿਅਕਤੀ ਨੂੰ ਆਪਣੇ ਕੇਸ ਦਾ ਸਾਫ਼ ਸਪੱਸ਼ਟ ਪਤਾ ਲੱਗਿਆ ਕਰੇਗਾ। ਮਾਲ ਮਹਿਕਮੇ ਦਾ ਰਿਕਾਰਡ ਉਰਦੂ-ਫ਼ਾਰਸੀ ਦੀ ਬਜਾਏ ਪੰਜਾਬੀ ਵਿੱਚ ਅਨੁਵਾਦ ਕਰਵਾਉਣਾ ਚਾਹੀਦਾ ਹੈ। ਇਸ ਤਰ੍ਹਾਂ ਪੰਜਾਬੀ ਸਾਹਿਤਕਾਰਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ, ਬਜ਼ੁਰਗ ਸਾਹਿਤਕਾਰਾਂ ਨੂੰ ਮਹਿੰਗਾਈ ਅਨੁਸਾਰ ਗੁਜ਼ਾਰਾ ਕਰਨ ਜੋਗੀ ਪੈਨਸ਼ਨ ਜ਼ਰੂਰ ਮਿਲੇ।

ਇਹ ਬ੍ਰਹਿਮੰਡ, ਇਹ ਕੁਦਰਤ ਸਾਨੂੰ ਸੁੰਦਰ ਤਾਂ ਹੀ ਲੱਗਦੀ ਹੈ ਕਿ ਇਸ ਵਿੱਚ ਵੰਨ-ਸੁਵੰਨਤਾ ਹੈ। ਬਾਗਾਂ ਵਿੱਚ ਲੱਗੇ ਇੱਕੋ ਜਿਹੇ ਫੁੱਲ ਮਨ ਨੂੰ ਓਨਾ ਨਹੀਂ ਮੋਂਹਦੇ ਜਿੰਨਾ ਰੰਗ ਬਰੰਗੇ, ਭਿੰਨ-ਭਿੰਨ ਤਰ੍ਹਾਂ ਦੀਆਂ ਫੁਲਵਾੜੀਆਂ ਮੋਂਹਦੀਆਂ ਹਨ।

ਇਹ ਕੁਦਰਤ ਭਿੰਨਤਾਵਾਂ ਦਾ ਨਾਮ ਹੈ। ਕਿਸੇ ਹੋਰ ਦੇ ਸੱਭਿਆਚਾਰ 'ਤੇ ਡਾਕੇ ਨਾ ਮਾਰੋ ਤੇ ਨਾ ਮਾਰਨ ਦਿਓ। ਇਹੀ ਬੋਲੀ ਦਾ ਵਰਤਾਰਾ ਹੈ, ਪੰਜਾਬ ਦਾ ਖਿੱਤਾ ਪੰਜਾਬੀਆਂ ਦਾ ਹੈ, ਇੱਥੇ ਵੱਸਣ ਵਾਲਾ ਪੰਜਾਬੀ ਹੈ। ਭਾਸ਼ਾ ਧਰਮਾਂ ਵਿੱਚ ਵੰਡੀ ਨਹੀਂ ਹੁੰਦੀ, ਇਹ ਸਭਨਾਂ ਦੀ ਸਾਂਝੀ ਸਾਡੇ ਪੁਰਖਿਆਂ ਤੋਂ ਵਿਰਸੇ ਵਿੱਚ ਮਿਲੀ ਇੱਕ ਦਾਤ ਹੈ। ਪੰਜਾਬ ਦਾ ਹਿੰਦੂ, ਸਿੱਖ, ਮੁਸਲਿਮ, ਇਸਾਈ- ਹਰ ਧਰਮ ਦਾ ਵਿਅਕਤੀ ਪੰਜਾਬੀ ਹੈ ਤੇ ਇਨ੍ਹਾਂ ਦੀ ਮਾਂ ਬੋਲੀ ਪੰਜਾਬੀ ਹੈ। ਆਓ, ਪੰਜਾਬੀਓ ਆਪਣਾ

ਬੌਧਿਕ ਪੱਧਰ ਉੱਚਾ ਚੁੱਕੀਏ ਤੇ ਮਾਣ ਨਾਲ ਆਖੀਏ ਕਿ ਅਸੀਂ ਪੰਜਾਬੀ ਹਾਂ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey

## ਸਿੱਖ ਪੰਥ ਦੇ ਮਾਰਗ ਦਰਸ਼ਕ

# ਸਿਰਦਾਰ ਕਪੂਰ ਸਿੰਘ

ਲੇਖਕ : ਉਜਾਗਰ ਸਿੰਘ



“ਸਿਰਦਾਰ ਕਪੂਰ ਸਿੰਘ ਨੂੰ ਅਕਾਲੀ ਦਲ ਨੇ 1962 ਵਿਚ ਲੋਕ ਸਭਾ ਦਾ ਲੁਧਿਆਣਾ ਤੋਂ ਟਿਕਟ ਦਿੱਤਾ ਅਤੇ ਉਹ ਚੋਣ ਜਿੱਤ ਗਏ। ਲੋਕ ਸਭਾ ਵਿਚ ਉਨ੍ਹਾਂ ਦੀ 6 ਸਤੰਬਰ 1966 ਨੂੰ ਦਿੱਤੀ ਤਕਰੀਰ ਮੀਲ ਪੱਥਰ ਸਾਬਤ ਹੋਈ, ਜਿਸ ਵਿਚ ਸਿੱਖਾਂ ਨਾਲ ਕੀਤੇ ਜਾ ਰਹੇ ਅਨਿਆਏ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕੀਤੀ ਗਈ ਸੀ। ਫਿਰ ਅਕਾਲੀ ਦਲ ਨੇ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਦੇ ਲੁਧਿਆਣਾ ਜਿਲ੍ਹੇ ਦੇ ਸਮਰਾਲਾ ਹਲਕੇ ਤੋਂ ਟਿਕਟ ਦਿੱਤੀ ਅਤੇ ਉਹ ਵਿਧਾਨਕਾਰ ਚੁਣੇ ਗਏ। ਹੈਰਾਨੀ ਦੀ ਗੱਲ ਇਹ ਹੈ ਕਿ ਅਕਾਲੀ ਦਲ ਉਨ੍ਹਾਂ ਦੀ ਵਿਦਵਤਾ ਦੀ ਕਦਰ ਤਾਂ ਕਰਦਾ ਰਿਹਾ ਪ੍ਰੰਤੂ ਅਕਾਲੀ ਲੀਡਰਸ਼ਿਪ ਉਨ੍ਹਾਂ ਤੋਂ ਖ਼ਾਰ ਖਾਂਦੀ ਰਹੀ ਤਾਂ ਜੋ ਉਹ ਸਥਾਪਤ ਅਕਾਲੀ ਨੇਤਾਵਾਂ ਤੋਂ ਅੱਗੇ ਨਾ ਨਿਕਲ ਜਾਣ। ਇਸ ਲਈ ਉਨ੍ਹਾਂ ਨੂੰ ਕਦੀਂ ਮੰਤਰੀ ਨਾ ਬਣਾਇਆ। ਸਿਰਦਾਰ ਕਪੂਰ ਸਿੰਘ ਰਾਜਨੀਤੀ ਕੁਰਸੀ ਲਈ ਨਹੀਂ ਸਗੋਂ ਸਿੱਖ ਧਰਮ ਦੀ ਪ੍ਰਫੁਲਤਾ ਲਈ ਕਰਦੇ ਸਨ। ਜਦੋਂ ਉਨ੍ਹਾਂ ਚੋਣਾਂ ਲੜੀਆਂ ਤਾਂ ਉਹ ਚੋਣਾਂ ਦੀ ਹਰ ਮੀਟਿੰਗ ਅਤੇ ਜਲਸੇ ਵਿਚ ਸਾਫ ਕਹਿ ਦਿੰਦੇ ਸਨ ਕਿ ‘ਹੁੱਕੀ ਤੇ ਸਿਗਰਟ ਬੀੜੀ ਪੀਣ ਵਾਲਾ, ਜ਼ਰਦਾ ਪਾਨ ਖਾਣ ਵਾਲਾ, ਸਿਰ ਉਤੋਂ ਕੇਸ ਕਟਵਾਉਣ ਵਾਲਾ ਸਿੱਖ ਮੈਨੂੰ ਵੋਟ ਨਾ ਪਾਵੇ। ਮੈਨੂੰ ਅਜਿਹੇ ਪਤਿਤ ਸਿੱਖ ਦੀ ਵੋਟ ਨਹੀਂ ਚਾਹੀਦੀ’। ਉਨ੍ਹਾਂ ਦੀ ਸਾਫਗੋਈ ਸਿੱਖੀ ਦਾ ਅਨਿਖੜਵਾਂ ਅੰਗ ਸੀ। ਕੋਈ ਗੱਲ ਲੁਕੋਂਦੇ ਨਹੀਂ ਸਨ। ਉਨ੍ਹਾਂ ਦਾ ਹਰ ਵਰਤਾਰਾ ਗੁਰਵਾਕ ਦੀ ਕਸਵੱਟੀ ਤੇ ਪਰਖਕੇ ਹੁੰਦਾ ਸੀ।”

ਸਿੱਖ ਧਰਮ ਦੇ ਵਿਦਵਾਨਾ ਅਤੇ ਬੁੱਧੀਜੀਵੀਆਂ ਵਿੱਚ ਸਿਰਦਾਰ ਕਪੂਰ ਸਿੰਘ ਦਾ ਨਾਮ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਹੋਇਆ, ਸਿੱਖ ਧਰਮ ਦੇ ਅਨੁਆਈਆਂ ਨੂੰ ਰੌਸ਼ਨੀ ਪ੍ਰਦਾਨ ਕਰ ਰਿਹਾ ਹੈ। ਉਨ੍ਹਾਂ ਦੀ ਵਿਦਵਤਾ ਅਤੇ ਸਿੱਖ ਧਰਮ ਦੀ ਵਿਚਾਰਧਾਰਾ ਦੀ ਵਿਆਖਿਆ ਕਰਨ ਦੀ ਪ੍ਰਵਿਰਤੀ ਦਾ ਸੰਸਾਰ ਵਿੱਚ ਕੋਈ ਵੀ ਸਾਨੀ ਨਹੀਂ ਪੈਦਾ ਹੋ ਸਕਿਆ। ਵਿਦਵਾਨਾ ਅਤੇ ਸਿਆਸਤਦਾਨਾ ਦੇ ਉਹ ਮਾਰਗ ਦਰਸ਼ਕ ਹਨ ਕਿਉਂਕਿ ਉਹ ਹਵਾਈ ਗੱਲਾਂ ਦੀ ਥਾਂ ਜ਼ਮੀਨੀ ਹਕੀਕਤਾਂ ਨੂੰ ਸਮਝਣ ਦੇ ਮੁੱਦਈ ਸਨ।ਸਿੱਖ ਧਰਮ ਸੰਸਾਰ ਦਾ ਸਭ ਤੋਂ ਆਧੁਨਿਕ ਅਤੇ ਵਿਲੱਖਣ ਧਰਮ ਹੈ। ਇਹ ਸੰਸਾਰ ਦਾ ਇਕੋ ਇਕ ਅਜਿਹਾ ਧਰਮ ਹੈ, ਜਿਹੜਾ ਸਰਬਤ ਦੇ ਭਲੇ ਦੀ ਗੱਲ ਕਰਦਾ ਹੈ। ਭਾਵੇਂ ਹੋਰ ਵੀ ਧਰਮ ਇਨਸਾਨੀਅਤ ਦੀ ਗੱਲ ਕਰਦੇ ਹਨ ਪ੍ਰੰਤੂ ਸਿੱਖ ਧਰਮ ਦੀ ਵਿਲੱਖਣਤਾ ਇਹ ਹੈ ਕਿ ਇਹ ਧਰਮ ਮਾਨਵਤਾ ਦੇ ਹਿੱਤਾਂ ਤੇ ਪਹਿਰਾ ਦੇਣ, ਸਰਬਸਾਂਝੀਵਾਲਤਾ, ਬਰਾਬਰੀ, ਨਿਆਏ, ਜਾਤ ਪਾਤ ਦਾ ਖੰਡਨ ਅਤੇ ਇਸਤਰੀ ਜਾਤੀ ਨੂੰ ਬਰਾਬਰ ਦੇ ਅਧਿਕਾਰ ਅਤੇ ਗਊ ਗ਼ਰੀਬ ਦੀ ਰੱਖਿਆ ਦਾ ਸੰਦੇਸ਼ ਦਿੰਦਾ ਹੈ।

ਸਿੱਖ ਧਰਮ ਦੇ ਪਵਿਤਰ ਗ੍ਰੰਥ ‘ਸ੍ਰੀ ਗੁਰੂ ਗ੍ਰੰਥ ਸਾਹਿਬ’ ਵਿਚ ਹਰ ਜਾਤੀ, ਵਰਗ, ਭਗਤਾਂ ਅਤੇ ਮਹਾਤਮਾਵਾਂ ਦੀ ਬਾਣੀ ਦਰਜ ਹੈ। ਸਿੱਖ ਧਰਮ ਦੀ ਵਿਚਾਰਧਾਰਾ ਇਨਸਾਨੀਅਤ ਦੀ ਵਿਚਾਰਧਾਰਾ ਹੈ। ਇਸ ਬਾਣੀ ਨੂੰ ਸਮਝਣਾ ਅਤੇ ਇਸ ਦੀ ਵਿਆਖਿਆ ਕਰਨੀ ਹਰ ਵਿਅਕਤੀ ਦੇ ਵਸ ਦੀ ਗੱਲ ਨਹੀਂ। ਜਿਸ ਪੱਧਰ ਤੇ ਪਹੁੰਚਕੇ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਇਸ ਪਵਿਤਰ ਬਾਣੀ ਦੀ ਰਚਨਾ ਕੀਤੀ ਹੈ, ਇਸ ਦੀ ਵਿਆਖਿਆ ਕਰਨ ਵਾਲੇ ਵਿਅਕਤੀ ਨੂੰ ਉਸ ਪੱਧਰ ਤੇ ਪਹੁੰਚਣਾ ਪੈਂਦਾ ਹੈ। ਉਸ ਪੱਧਰ ਤੱਕ ਪਹੁੰਚਣਾ ਹਰ ਵਿਅਕਤੀ ਦੇ ਵਸ ਦੀ ਗੱਲ ਨਹੀਂ ਹੁੰਦੀ।

ਪੰਜਾਬ ਵਿਚ ਸਿੱਖ ਧਰਮ ਦੇ ਬਹੁਤ ਸਾਰੇ ਵਿਦਵਾਨ ਅਨੁਆਈ ਹੋਏ ਹਨ। ਉਨ੍ਹਾਂ ਸਾਰਿਆਂ ਵਿਚੋਂ ਸਰਵੋਤਮ ਪ੍ਰਬੀਨ ਵਿਦਵਾਨ ਜਿਸਨੇ ਦ੍ਰਿੜ੍ਹਤਾ, ਲਗਨ, ਦਲੇਰੀ ਅਤੇ ਸੁਜੱਗਤਾ ਨਾਲ ਗੁਰਬਾਣੀ ਦੀ ਵਿਆਖਿਆ ਕੀਤੀ ਅਤੇ ਉਸਦੀ ਸੋਚ ਨੂੰ ਪਹਿਚਾਣਿਆਂ ਹੈ, ਉਹ ਸਨ ਸਿਰਦਾਰ ਕਪੂਰ ਸਿੰਘ।

ਸਿਰਦਾਰ ਕਪੂਰ ਸਿੰਘ ਵਿਦਵਤਾ ਅਤੇ ਮੌਲਿਕ ਬੌਧਿਕਤਾ ਦਾ ਮੁਜੱਸਮਾ ਸਨ। ਉਨ੍ਹਾਂ ਦੇ ਵਿਅਕਤਿਵ ਨਾਲ ਜਿਤਨੇ ਵੀ ਵਿਸ਼ੇਸ਼ਣ ਲਗਾਏ ਜਾਣ ਉਤਨੇ ਹੀ ਥੋੜ੍ਹੇ ਹਨ। ਉਹ ਸਿੱਖ ਜਗਤ ਵਿਚੋਂ ਇਕੋ ਇਕ ਅਜਿਹੇ ਵਿਦਵਾਨ ਸਨ, ਜਿਨ੍ਹਾਂ ਨੂੰ 13 ਅਕਤੂਬਰ 1973 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ “ ਨੈਸ਼ਨਲ ਪ੍ਰੋਫੈਸਰ ਆਫ਼ ਸਿੱਖਿਜ਼ਮ” ਦਾ ਖ਼ਿਤਾਬ ਦੇ ਕੇ ਸਨਮਾਨਤ ਕੀਤਾ ਸੀ। ਜੇ ਉਨ੍ਹਾਂ ਨੂੰ ਵੀਹਵੀਂ ਸਦੀ ਦਾ ਸਰਵੋਤਮ ਚਿੰਤਕ ਕਹਿ ਲਿਆ ਜਾਵੇ ਤਾਂ ਵੀ ਕੋਈ ਅਤਕਥਨੀ ਨਹੀਂ। ਉਹ ਦੂਰ ਦ੍ਰਿਸ਼ਟੀ ਵਾਲੇ ਪੰਥ ਦੇ ਰੌਸ਼ਨ ਦਿਮਾਗ ਅਜ਼ੀਮ ਸ਼ਖ਼ਸ਼ੀਅਤ ਵਾਲੇ ਵਿਦਵਾਨ ਸਨ, ਜਿਹੜੇ ਜ਼ਬਰ ਜ਼ੁਲਮ, ਲੁੱਟ ਖਸੁੱਟ, ਸਮਾਜਿਕ ਕੁਰੀਤੀਆਂ, ਅਣਮਨੁੱਖੀ ਵਿਵਹਾਰ ਅਤੇ ਤਲਖ਼ ਹਕੀਕਤਾਂ ਬਾਰੇ ਬੇਬਾਕ ਹੋ ਕੇ ਦਲੇਰੀ ਨਾਲ ਲਿਖਦੇ ਸਨ। ਉਨ੍ਹਾਂ ਹਮੇਸ਼ਾ ਹੱਕ ਅਤੇ ਸੱਚ ਦੇ ਅਸੂਲਾਂ ਤੇ ਪਹਿਰਾ ਦਿੱਤਾ ਭਾਵੇਂ ਉਨ੍ਹਾਂ ਨੂੰ ਇਸ ਬਦਲੇ ਕਿਤਨੀ ਵੀ ਕੁਰਬਾਨੀ ਦੇਣੀ ਪਈ। ਉਹ ਹਮੇਸ਼ਾ ਨਿੱਜੀਅਤ ਤੋਂ ਉਪਰ ਉਠਕੇ ਸਿਰਫ ਤੇ ਸਿਰਫ ਸਿੱਖੀ ਅਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਪਹਿਰਾ ਦਿੰਦੇ ਸਨ। ਸਿੱਖੀ ਅਤੇ ਸਿੱਖੀ ਸੋਚ ਨੂੰ ਪ੍ਰਣਾਏ ਹੋਏ ਸਨ। ਉਹ ਨਿੱਡਰ, ਨਿਰਭੈ, ਬੇਬਾਕ, ਨਿਝੱਕ ਅਤੇ ਦਲੇਰ ਵਿਦਵਾਨ ਸਨ, ਜਿਹੜੇ ਸੱਚੀ ਗੱਲ ਕਿਸੇ ਦੇ ਵੀ ਮੂੰਹ ਤੇ ਕਹਿਣ ਦੀ ਸਮਰੱਥਾ ਰੱਖਦੇ ਸਨ। ਉਨ੍ਹਾਂ ਦੀ ਵਿਦਵਤਾ ਸਾਹਮਣੇ ਕੋਈ ਵੀ ਵਿਦਵਾਨ ਕੁਸਕਦਾ ਨਹੀਂ ਸੀ। ਉਨ੍ਹਾਂ ਦੀ ਲਿਖਤ ਅਤੇ ਭਾਸ਼ਣ ਵਿਚ ਵਿਵੇਕੀ, ਪ੍ਰਤਿਭਾਵਾਨ ਤੇ ਪ੍ਰਭਾਵਸ਼ਾਲੀ ਪਹੁੰਚ ਹੁੰਦੀ ਸੀ। ਹਰ ਗੱਲ ਦਲੀਲ ਅਤੇ ਸਿੱਖੀ ਸੰਕਲਪ ਦੇ ਸੰਦਰਭ ਨਾਲ ਕਰਦੇ ਸਨ। ਸਿਦਕ ਅਤੇ ਸਿਰੜ੍ਹ ਦੀ ਮੂਰਤ, ਸਮਰਪਤ ਭਾਵਨਾ ਵਾਲੇ, ਸਿੱਖੀ ਵਿਚ ਪਰਪੱਕ, ਸੂਖ਼ਮ ਜਜ਼ਬੇ ਵਾਲੇ ਫ਼ਖ਼ਰੇ ਕੌਮ ਸਨ।

ਪ੍ਰਬੁੱਧ ਸਕਾਲਰ, ਨਿਆਰੀ ਵਿਚਾਰਧਾਰਾ ਦੇ ਮਾਲਕ, ਸਾਰੇ ਧਰਮਾ ਦੇ ਵਿਦਵਾਨ, ਅੱਧੀ ਦਰਜਨ ਭਾਸ਼ਾਵਾਂ ਦੇ ਗਿਆਤਾ, ਮਹਾਨ ਤਿਆਗੀ, ਸਿੱਖੀ ਦੀ ਚਾਸ਼ਣੀ ਵਿਚ ਰਸਾਏ ਹੋਏ ਅਤੇ ਸਿੱਖੀ ਦੇ ਸੰਦਰਵ ਵਿਚ ਹਰ ਪੜ੍ਹਾਈ ਅਤੇ ਲਿਖਾਈ ਕਰਨ ਵਾਲੇ ਗਿਆਨ ਦਾ ਵਗਦਾ ਦਰਿਆ ਸਨ। ਉਨ੍ਹਾਂ ਦੀ ਕਾਬਲੀਅਤ ਇਤਨੀ ਸੀ ਕਿ ਵਿਰੋਧੀ ਵਿਚਾਰਧਾਰਾ ਵਾਲੇ ਵਿਅਕਤੀਆਂ ਨੂੰ ਆਪਣੀ ਵਿਦਵਤਾ ਨਾਲ ਉਹ ਸਿੱਖ ਧਰਮ ਨਾਲ ਜੋੜ ਲੈਂਦੇ ਸਨ। ਇਸਦੀ ਮਿਸਾਲ ਇਤਿਹਾਸ ਦਾ ਹਿੱਸਾ ਬਣ ਚੁੱਕੀ ਹੈ ਕਿ ਉਨ੍ਹਾਂ ਦੇ ਦੋਸਤ ਆਰਟ ਕਾਲਜ ਦੇ ਪ੍ਰਿੰਸੀਪਲ ਸਰਦਾਰੀ ਲਾਲ ਪ੍ਰਾਸ਼ਰ ਨਾਲ ਸੰਬਾਦ ਕਰਕੇ ਉਸਨੂੰ ਆਪਣੀ ਈਨ ਮੰਨਵਾ ਲਈ। ਦੋਹਾਂ ਵਿਦਵਾਨਾ ਦੇ ਸੰਬਾਦ ਨੂੰ ਸਿਰਦਾਰ ਕਪੂਰ ਸਿੰਘ ਨੇ ਅੰਗਰੇਜ਼ੀ ਭਾਸ਼ਾ ਦੀ “ ਪ੍ਰਾਸ਼ਰ ਪ੍ਰਸ਼ਨ” ਦੇ ਨਾਂ ਹੇਠ ਪੁਸਤਕ ਪ੍ਰਕਾਸ਼ਤ ਕਰਵਾ ਦਿੱਤੀ, ਜਿਹੜੀ ਉਨ੍ਹਾਂ ਦੀ ਸੁਜੱਗ ਵਿਦਵਤਾ ਦਾ ਵਿਲੱਖਣ ਨਮੂਨਾ ਹੈ।

ਉਨ੍ਹਾਂ ਦੀ ਸੰਸਾਰ ਦੇ ਪ੍ਰਮੁੱਖ ਧਰਮਾਂ ਬਾਰੇ ਜਾਣਕਾਰੀ ਇਤਨੀ ਸੀ ਕਿ ਉਹ ਜਦੋਂ ਤੁਲਨਾਤਮਕ ਅਧਿਐਨ ਵਾਲੇ ਵਿਚਾਰ ਪ੍ਰਗਟ ਕਰਦੇ ਸਨ ਤਾਂ ਪਾਠਕ ਦੰਗ ਰਹਿ ਜਾਂਦੇ ਸਨ। ਉਹ ਕੌਮਾਂਤਰੀ ਪ੍ਰਤਿਭਾ ਅਤੇ ਵਿਸ਼ਾਲ ਅਨੁਭਵ ਵਾਲੇ ਕਰਮਯੋਗੀ, ਯੁਗ ਪੁਰਸ਼ ਸਨ। ਉਨ੍ਹਾਂ ਲਗਪਗ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਅਤੇ ਅਨੇਕਾਂ ਖੋਜੀ ਲੇਖ ਲਿਖੇ, ਪੁਸਤਕਾਂ ਜਿਨ੍ਹਾਂ ਵਿਚ ਮੁੱਖ ਤੌਰ ਤੇ ਪੁੰਦ੍ਰੀਕ, ਸਾਚੀ ਸਾਖੀ, ਬਹੁ-ਵਿਸਤਾਰ, ਸਪਤ ਸ੍ਰਿੰਗ, ਪ੍ਰਾਸ਼ਰ-ਪ੍ਰਸ਼ਨ, (ਵੈਸਾਖੀ ਆਫ਼ ਗੁਰੂ ਗੋਬਿੰਦ ਸਿੰਘ, ਦੀ ਪੋਲੀਟੀਕਲ ਸਟੱਡੀ ਆਫ਼ ਗੋਲਡਨ ਟੈਂਪਲ) ਪੰਚਨਦ, ਹਸ਼ੀਸ਼ ਅਤੇ ਕਿਸਾ ਬੀਬੀ ਰੂਪ ਕੌਰ ਹਨ।

ਸਿਰਦਾਰ ਕਪੂਰ ਸਿੰਘ ਨੇ ਦਸਵੀਂ ਤੱਕ ਖਾਲਸਾ ਹਾਈ ਸਕੂਲ ਲਾਇਲਪੁਰ ਤੋਂ ਪਾਸ ਕੀਤੀ ਜਿਥੇ ਮਾਸਟਰ ਤਾਰਾ ਸਿੰਘ ਹੈਡਮਾਸਟਰ ਸਨ। ਦਸਵੀਂ ਵਿਚੋਂ ਪੰਜਾਬ ਵਿਚੋਂ ਪਹਿਲੇ ਨੰਬਰ ਤੇ ਆਏ। ਫਿਰ ਉਨ੍ਹਾਂ ਨੂੰ ਸਰਕਾਰੀ ਕਾਲਜ ਲਾਹੌਰ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਪਹਿਲਾਂ ਐਫ.ਏ.ਤੇ ਫਿਰ ਗ੍ਰੈਜੂਏਸ਼ਨ ਤੋਂ ਬਾਅਦ ਉਨ੍ਹਾਂ ਨੂੰ ਉਚ ਪੜ੍ਹਾਈ ਲਈ ਇੰਗਲੈਂਡ ਕੈਂਬਰਿਜ ਯੂਨੀਵਰਸਿਟੀ ਵਿਚ ਦਾਖ਼ਲ ਕਰਵਾ ਦਿੱਤਾ ਗਿਆ ਜਿਥੋਂ ਉਨ੍ਹਾਂ ਨੇ ਦੋਹਰੀ ਐਮ.ਏ.1933 ਵਿਚ ਫਿਲਾਸਫੀ ਅਤੇ ਮਾਰਲ ਸਾਇੰਸਜ਼ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਇਸੇ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਲੈਕਚਰਾਰ ਦੀ ਆਫਰ ਕੀਤੀ ਸੀ ਪ੍ਰੰਤੂ ਉਨ੍ਹਾਂ ਨੇ ਵਾਪਸ ਭਾਰਤ ਆ ਕੇ ਸੇਵਾ ਕਰਨ ਨੂੰ ਪਹਿਲ ਦਿੱਤੀ। ਉਥੇ ਰਹਿੰਦਿਆਂ ਹੀ ਉਹ 1933 ਵਿਚ ਆਈ.ਸੀ.ਐਸ.ਲਈ ਚੁਣੇ ਗਏ। ਵਾਪਸ ਆ ਕੇ ਕਈ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਰਹੇ। ਜਦੋਂ ਉਹ ਡਿਪਟੀ ਕਮਿਸ਼ਨਰ ਸਨ ਤਾਂ ਇਕ ਸਰਕਾਰੀ ਗੁਪਤ ਪੱਤਰ ਉਦੋਂ ਦੇ ਪੰਜਾਬ ਦੇ ਰਾਜਪਾਲ ਚੰਦੂ ਲਾਲ ਤ੍ਰਿਵੇਦੀ ਵੱਲੋਂ ਆ ਗਿਆ, ਜਿਸ ਵਿਚ ਲਿਖਿਆ ਗਿਆ ਸੀ ਕਿ ਸਿੱਖਾਂ ਤੇ ਨਜ਼ਰ ਰੱਖੀ ਜਾਵੇ ਕਿਉਂਕਿ ਉਹ ਜ਼ਰਾਇਮ ਪੇਸ਼ਾ ਕੌਮ ਹਨ। ਇਸ ਪੱਤਰ ਨੇ ਉਨ੍ਹਾਂ ਦੀਆਂ ਸਿੱਖੀ ਭਾਵਨਾਵਾਂ ਨੂੰ ਠੇਸ ਪਹੁੰਚਾਈ ਤੇ ਤੁਰੰਤ ਉਨ੍ਹਾਂ ਨੇ ਰਾਜਪਾਲ ਨੂੰ ਚਿੱਠੀ ਲਿਖ ਦਿੱਤੀ ਕਿ ਜ਼ਰਾਇਮ ਪੇਸ਼ਾ ਸ਼ਬਦ ਗੁਪਤ ਪੱਤਰ ਵਿਚੋਂ ਕੱਢਿਆ ਜਾਵੇ। ਸਰਕਾਰ ਨੇ ਉਨ੍ਹਾਂ ਦੇ ਇਸ ਪੱਤਰ ਨੂੰ ਸਰਕਾਰ ਦੇ ਭੇਦ ਗੁਪਤ ਨਾ ਰੱਖਣ ਦਾ ਬਹਾਨਾ ਬਣਾਕੇ ਉਨ੍ਹਾਂ ਨੂੰ ਆਈ.ਸੀ.ਐਸ.ਦੀ ਨੌਕਰੀ ਵਿਚੋਂ 2 ਸਤੰਬਰ 1950 ਨੂੰ ਬਰਖ਼ਾਸਤ ਕਰ ਦਿੱਤਾ।

ਸਿਰਦਾਰ ਕਪੂਰ ਸਿੰਘ ਨੂੰ ਅਕਾਲੀ ਦਲ ਨੇ 1962 ਵਿਚ ਲੋਕ ਸਭਾ ਦਾ ਲੁਧਿਆਣਾ ਤੋਂ ਟਿਕਟ ਦਿੱਤਾ ਅਤੇ ਉਹ ਚੋਣ ਜਿੱਤ ਗਏ। ਲੋਕ ਸਭਾ ਵਿਚ ਉਨ੍ਹਾਂ ਦੀ 6 ਸਤੰਬਰ 1966 ਨੂੰ ਦਿੱਤੀ ਤਕਰੀਰ ਮੀਲ ਪੱਥਰ ਸਾਬਤ ਹੋਈ, ਜਿਸ ਵਿਚ ਸਿੱਖਾਂ ਨਾਲ ਕੀਤੇ ਜਾ ਰਹੇ ਅਨਿਆਏ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕੀਤੀ ਗਈ ਸੀ। ਫਿਰ ਅਕਾਲੀ ਦਲ ਨੇ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਦੇ ਲੁਧਿਆਣਾ ਜਿਲ੍ਹੇ ਦੇ ਸਮਰਾਲਾ ਹਲਕੇ ਤੋਂ ਟਿਕਟ ਦਿੱਤੀ ਅਤੇ ਉਹ ਵਿਧਾਨਕਾਰ ਚੁਣੇ ਗਏ। ਹੈਰਾਨੀ ਦੀ ਗੱਲ ਇਹ ਹੈ ਕਿ ਅਕਾਲੀ ਦਲ ਉਨ੍ਹਾਂ ਦੀ ਵਿਦਵਤਾ ਦੀ ਕਦਰ ਤਾਂ ਕਰਦਾ ਰਿਹਾ ਪ੍ਰੰਤੂ ਅਕਾਲੀ ਲੀਡਰਸ਼ਿਪ ਉਨ੍ਹਾਂ ਤੋਂ ਖ਼ਾਰ ਖਾਂਦੀ ਰਹੀ ਤਾਂ ਜੋ ਉਹ ਸਥਾਪਤ ਅਕਾਲੀ ਨੇਤਾਵਾਂ ਤੋਂ ਅੱਗੇ ਨਾ ਨਿਕਲ ਜਾਣ। ਇਸ ਲਈ ਉਨ੍ਹਾਂ ਨੂੰ ਕਦੀਂ ਮੰਤਰੀ ਨਾ ਬਣਾਇਆ।


ਸਿਰਦਾਰ ਕਪੂਰ ਸਿੰਘ ਰਾਜਨੀਤੀ ਕੁਰਸੀ ਲਈ ਨਹੀਂ ਸਗੋਂ ਸਿੱਖ ਧਰਮ ਦੀ ਪ੍ਰਫੁਲਤਾ ਲਈ ਕਰਦੇ ਸਨ। ਜਦੋਂ ਉਨ੍ਹਾਂ ਚੋਣਾਂ ਲੜੀਆਂ ਤਾਂ ਉਹ ਚੋਣਾਂ ਦੀ ਹਰ ਮੀਟਿੰਗ ਅਤੇ ਜਲਸੇ ਵਿਚ ਸਾਫ ਕਹਿ ਦਿੰਦੇ ਸਨ ਕਿ ‘ਹੁੱਕੀ ਤੇ ਸਿਗਰਟ ਬੀੜੀ ਪੀਣ ਵਾਲਾ, ਜ਼ਰਦਾ ਪਾਨ ਖਾਣ ਵਾਲਾ, ਸਿਰ ਉਤੋਂ ਕੇਸ ਕਟਵਾਉਣ ਵਾਲਾ ਸਿੱਖ ਮੈਨੂੰ ਵੋਟ ਨਾ ਪਾਵੇ। ਮੈਨੂੰ ਅਜਿਹੇ ਪਤਿਤ ਸਿੱਖ ਦੀ ਵੋਟ ਨਹੀਂ ਚਾਹੀਦੀ’। ਉਨ੍ਹਾਂ ਦੀ ਸਾਫਗੋਈ ਸਿੱਖੀ ਦਾ ਅਨਿਖੜਵਾਂ ਅੰਗ ਸੀ। ਕੋਈ ਗੱਲ ਲੁਕੋਂਦੇ ਨਹੀਂ ਸਨ। ਉਨ੍ਹਾਂ ਦਾ ਹਰ ਵਰਤਾਰਾ ਗੁਰਵਾਕ ਦੀ ਕਸਵੱਟੀ ਤੇ ਪਰਖਕੇ ਹੁੰਦਾ ਸੀ। ‘ ਉਹ ਅਕਾਲੀਆਂ ਬਾਰੇ ਕਹਿੰਦੇ ਸਨ ਕਿ ਉਨ੍ਹਾਂ ਦੀ ਧੜੇਬੰਦੀ ਅਕਾਲੀ ਦਲ ਨੂੰ ਲੈ ਡੁਬੇਗੀ। ਜੋ ਅਕਾਲੀ ਸਿਆਸਤਦਾਨ ਦੀਨ ਧਰਮ, ਸਿਧਾਂਤ ਦੀ ਪਾਲਣਾ ਨਹੀਂ ਕਰਦੇ ਅਤੇ ਥਾਲੀ ਦੇ ਬੇਰ ਵਾਂਗ ਇੱਧਰ ਉਧਰ ਯਾਰੀਆਂ ਪਾਲਦੇ ਹਨ, ਮੇਰੀ ਉਨ੍ਹਾਂ ਨਾਲ ਸਾਂਝ ਨਹੀਂ ਹੋ ਸਕਦੀ।’

ਅਕਾਲੀ ਦਲ ਦੀ ਧੜੇਬੰਦੀ ਤੋਂ ਵੀ ਸਿਰਦਾਰ ਕਪੂਰ ਸਿੰਘ ਦੁੱਖੀ ਸੀ। ਉਹ ਕਹਿੰਦੇ ਸਨ ਜਦੋਂ ਸਿੱਖ ਰਾਜਨੀਤੀ ਸਿਧਾਂਤਹੀਣ ਹੋ ਜਾਵੇ ਤਾਂ ਭਰਾ ਮਾਰੂ ਜ਼ੰਗ ਸ਼ੁਰੂ ਹੋ ਜਾਂਦੀ ਹੈ। ਅਕਾਲੀ ਦਲ ਦੇ ਉਹ ਸੀਨੀਅਰ ਵਾਈਸ ਪ੍ਰੈਜੀਡੈਂਟ ਰਹੇ। ਅਕਾਲੀਆਂ ਨੇ ਉਨ੍ਹਾਂ ਤੋਂ ਪੜ੍ਹਨ ਲਿਖਣ ਵਾਲਾ ਕੰਮ ਤਾਂ ਕਰਵਾਇਆ ਪ੍ਰੰਤੂ ਸਿਆਸੀ ਕੱਦ ਬੁੱਤ ਵੱਧਣ ਨਹੀਂ ਦਿੱਤਾ। ਭਾਵੇਂ ਸਿਰਦਾਰ ਕਪੂਰ ਸਿੰਘ ਨੂੰ ਨੌਕਰੀ ਤੋਂ ਬਰਖ਼ਾਸਤ ਕੀਤਾ ਗਿਆ ਪ੍ਰੰਤੂ ਫਿਰ ਵੀ ਉਹ ਦੇਸ਼ ਦੇ ਵਿਰੁਧ ਬਗ਼ਾਬਤ ਕਰਨ ਦੇ ਹਮਾਇਤੀ ਨਹੀਂ ਸਨ। ਉਨ੍ਹਾਂ ਸਿੱਖ ਹੋਮ ਲੈਂਡ ਦਾ ਸਿਧਾਂਤ ਦਿੱਤਾ ਪ੍ਰੰਤੂ ਵਰਤਮਾਨ ਸੰਵਿਧਾਨ ਦੇ ਅੰਦਰ ਹੀ।

ਆਨੰਦਪੁਰ ਸਾਹਿਬ ਦਾ ਮਤਾ ਵੀ ਵਰਤਮਾਨ ਸੰਵਿਧਾਨ ਅਧੀਨ ਹੀ ਅਜ਼ਾਦੀ ਦੀ ਮੰਗ ਸੀ। ਨੌਜਵਾਨਾ ਨੂੰ ਹਮੇਸ਼ਾ ਉਹ ਉਤਸ਼ਾਹਤ ਕਰਦਾ ਰਿਹਾ। ਅਕਾਲੀ ਦਲ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿਰਦਾਰ ਕਪੂਰ ਸਿੰਘ ਦੀ ਕੁਰਬਾਨੀ ਅਤੇ ਲਿਆਕਤ ਦਾ ਮੁੱਲ ਨਹੀਂ ਪਾਇਆ। ਜੇ ਇਹ ਕਿਹਾ ਜਾਵੇ ਕਿ ਸਿੱਖ ਜਗਤ ਅਤੇ ਅਕਾਲੀ ਲੀਡਰਸ਼ਿਪ ਸਿਰਦਾਰ ਕਪੂਰ ਸਿੰਘ ਦੀ ਵਿਦਵਤਾ ਦਾ ਲਾਭ ਨਹੀਂ ਉਠਾ ਸਕੀ ਕੋਈ ਅਤਕਥਨੀ ਨਹੀਂ।

ਸਿੱਖ ਜਗਤ ਵਿਚ ਸਿਰਦਾਰ ਕਪੂਰ ਸਿੰਘ ਜਿਤਨਾ ਪ੍ਰਬੀਨ ਤੀਖਣ ਬੁੱਧੀ ਵਾਲਾ ਵਿਦਵਾਨ ਅਜੇ ਤੱਕ ਵੀ ਮੌਜੂਦ ਨਹੀਂ। ਨੌਕਰੀ ਵਿੱਚੋਂ ਬਰਖ਼ਾਸਤਗੀ ਤੋਂ ਬਾਅਦ ਉਨ੍ਹਾਂ ਨੂੰ ਆਰਥਿਕ ਅਤੇ ਮਾਨਸਿਕ ਤੰਗੀਆਂ ਤਰੁਸ਼ੀਆਂ ਦਾ ਸਾਹਮਣਾ ਕਰਨਾ ਪਿਆ। ਸਿਰਦਾਰ ਕਪੂਰ ਸਿੰਘ ਕਿਸੇ ਅੱਗ ਹੱਥ ਨਹੀਂ ਅੱਡਦੇ ਸੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਤੋਂ ਬਿਨਾ ਕਿਸੇ ਅਕਾਲੀ ਲੀਡਰ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਬਿਮਾਰੀ ਦੇ ਸਮੇਂ ਵੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੀ ਪਿੰਡ ਵਿਚ ਕਦੇ ਕਦਾਈਂ ਮਿਲਣ ਆਉਂਦੇ ਸਨ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਸੀ ਕਿ ਉਹ ਸਿਰਦਾਰ ਕਪੂਰ ਸਿੰਘ ਨੂੰ ਸਿੱਖ ਇਤਿਹਾਸ ਲਿਖਣ ਲਈ ਪ੍ਰਾਜੈਕਟ ਦਿੰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਵਾ ਲੈਂਦੇ ਤਾਂ ਜੋ ਸੰਸਾਰ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਮਿਲ ਸਕਦੀ ਅਤੇ ਸਿੱਖ ਧਰਮ ਦਾ ਪ੍ਰਚਾਰ ਹੁੰਦਾ। ਇਸ ਨਾਲ ਦੋ ਕੰਮ ਹੋਣੇ ਸੀ, ਇਕ ਸਿਰਦਾਰ ਕਪੂਰ ਸਿੰਘ ਨੂੰ ਆਰਥਿਕ ਸਹਾਇਤਾ ਮਿਲ ਜਾਣੀ ਸੀ, ਜਿਸ ਨਾਲ ਉਸ ਦੀ ਜ਼ਿੰਦਗੀ ਸੌਖੀ ਨਿਕਲ ਜਾਂਦੀ। ਦੂਜੇ ਸਿੱਖ ਇਤਿਹਾਸ ਨੂੰ ਸਾਂਭਿਆ ਜਾ ਸਕਦਾ। ਅਕਾਲੀ ਦਲ ਅਤੇ ਸ਼ਰੋਮਣੀ ਗੁਰਦੁਆਰਾ ਪ੍ਰੰਬੰਧਕ ਕਮੇਟੀ ਨੇ ਜਾਣ ਬੁਝਕੇ ਸਿਰਦਾਰ ਕਪੂਰ ਸਿੰਘ ਨੂੰ ਅਣਗੌਲਿਆਂ ਕੀਤਾ ਸੀ। ਇਹ ਪ੍ਰਵਿਰਤੀ ਸਿੱਖਾਂ ਦੀ ਸੌੜੀ ਸੋਚ ਦਾ ਪ੍ਰਗਟਾਵਾ ਕਰਦੀ ਹੈ। ਅੱਜ ਦੀ ਅਕਾਲੀ ਲੀਡਰਸ਼ਿਪ ਵਿੱਚ ਆਈ ਗਿਰਾਵਟ ਸਿਰਦਾਰ ਕਪੂਰ ਸਿੰਘ ਦੀਆਂ ਸੱਚੀਆਂ ਗੱਲਾਂ ਨੂੰ ਯਾਦ ਕਰਵਾ ਰਹੀ ਹੈ। ਸਿਰਦਾਰ ਕਪੂਰ ਸਿੰਘ ਦਾ ਜਨਮ 2 ਮਾਰਚ 1909 ਨੂੰ ਹੋਇਆ ਸੀ। ਉਹ 77 ਸਾਲ ਦੀ ਉਮਰ ਵਿੱਚ 13 ਅਗਸਤ 1986 ਨੂੰ ਸਵਰਗਵਾਸ ਹੋ ਗਏ ਸਨ।




# ਸਿੱਖ ਰਾਜ ਕਿਵੇਂ ਬਣਿਆ?

ਕਿਸ਼ਤ - 55

**ਲੇਖਕ : ਗਿ: ਸੋਹਨ ਸਿੰਘ 'ਸੀਤਲ'**

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਸਆਦਤਯਾਰ ਖ਼ਾਂ ਸੂਬੇਦਾਰ ਲਾਹੌਰ

ਏਸ ਸਮੇਂ ਸਿੰਘਾਂ ਨੇ ਆਪੋ ਆਪਣੇ ਇਲਾਕੇ ਫੇਰ ਮੱਲ ਲਏ ਤੇ ਇਲਾਕਿਆਂ ਵਿਚ ਥਾਂ ਥਾਂ ਕਿਲੇ ਬਣਾ ਲਏ। ਸ: ਚੜ੍ਹਤ ਸਿੰਘ ਨੇ ਗੁਜਰਾਂਵਾਲੇ ਵਿੱਚ ਕਿਲਾ ਬਣਾ ਲਿਆ ਤੇ ਟਾਕਰੇ ਲਈ ਉਸਨੂੰ ਚੰਗੀ ਤਰਾਂ ਪੱਕਾ ਕਰ ਲਿਆ ਫ਼ ਇਲਾਕਿਆਂ ਇਲਾਕੇ ਸਿੱਖਾਂ ਦੇ ਕਬਜ਼ੇ ਵਿਚ ਚਲੇ ਗਏ। ਪਿੰਡਾਂ ਦੇ ਜ਼ਿਮੀਂਦਾਰ ਬਹੁਤੇ ਆਪ ਸਿੱਖ ਬਣ ਗਏ ਤੇ ਰਹਿੰਦਿਆਂ ਨੇ ਸਿੱਖਾਂ ਦੀ ਈਨ ਮੰਨ ਲਈ। ਪਠਾਣਾਂ ਦਾ ਰਾਜ ਕੇਵਲ ਸ਼ਹਿਰਾਂ ਦੀਆਂ ਕੰਧਾਂ ਦੇ ਅੰਦਰ-ਅੰਦਰ ਹੀ ਰਹਿ ਗਿਆ ਸੀ। ਬਾਹਰ ਪਿੰਡਾਂ ਵਿਚ ਸਾਰੇ ਸਿੱਖਾਂ ਦਾ ਰਾਜ ਕਾਇਮ ਹੋ ਗਿਆ ਸੀ।

### ਰੁਸਤਮ ਖਾਂ ਸਿੱਖਾਂ ਦੇ ਕਾਬੂ

ਕੋਈ ਹਾਕਮ ਦਲੇਰੀ ਕਰਕੇ ਸ਼ਹਿਰੋਂ ਬਾਹਰ ਨਿਕਲਦਾ ਵੀ, ਤਾਂ ਉਸ ਨੂੰ ਆਪਣੀ ਭੁੱਲ ਉਤੇ ਜ਼ਰੂਰ ਪਛਤਾਉਣਾ ਪੈਂਦਾ। ਸਿਆਲਕੋਟ ਦੇ ਫ਼ੌਜਦਾਰ ਰੁਸਤਮ ਖ਼ਾਂ ਨੇ ਅਜੇਹੀ ਭੁੱਲ ਕੀਤੀ। ਅਕਤੂਬਰ, 1760 ਈ: ਵਿਚ ਉਹ ਫ਼ੌਜ ਲੈ ਕੇ ਸਿੱਖਾਂ ਦੇ ਮਗਰ ਪਿਆ। ਲੜਾਈ ਵਿਚ ਉਹਦੀ ਫ਼ੌਜ ਹਾਰ ਗਈ ਤੇ ਉਹ ਸਿੱਖਾਂ ਦੇ ਕਾਬੂ ਆ ਗਿਆ। ਅੰਤ ਉਹਨੇ ਨਜ਼ਰਾਨਾ ਦੇ ਕੇ ਸਿੱਖਾਂ ਤੋਂ ਰਿਹਾਈ ਪਾਈ।

### ਰੁਸਤਮ ਖਾਂ ਸਿੱਖਾਂ ਦੇ ਕਾਬੂ

ਸਾਰਾ ਉਦਾਲਾ ਮੱਲ ਕੇ ਸਿੱਖ ਲਾਹੌਰ ਦੇ ਨੇੜੇ ਆ ਢੁਕੇ। ਉਹਨਾਂ ਸ਼ਹਿਰ ਦੀਆਂ ਕੰਧਾਂ ਤਕ ਛਾਪੇ ਮਾਰ-ਮਾਰ ਕੇ ਸੂਬੇਦਾਰ ਦਾ ਨੱਕ ਦਮ ਕਰ ਦਿੱਤਾ। ਬਾਹਰ ਨਿਕਲ ਕੇ ਸਿੱਖਾਂ ਦਾ ਟਾਕਰਾ ਕਰਨ ਦੀ ਆਦਤਯਾਰਖ਼ਾਂ ਵਿਚ ਹਿੰਮਤ ਨਹੀਂ ਸੀ। ਸੋ, ਉਹਨੇ ਤੰਗ ਆ ਕੇ ਲਾਹੌਰ ਦੀ ਹਕੂਮਤ ਵੱਲੋਂ ਆਪਣਾ ਤਿਆਗ-ਪੱਤਰ (ਇਸਤੀਫ਼ਾ) ਸਰ ਬੁਲੰਦ ਖ਼ਾਂ ਦੀ ਸੇਵਾ ਵਿਚ ਭੇਜ ਦਿੱਤਾ।

### ਦੀਵਾਨ ਸੂਰਤ ਸਿੰਘ ਸੂਬੇਦਾਰ ਲਾਹੌਰ

ਪਰ ਸਦਕੇ ਆਖੋ ਸਰਬੁਲੰਦਖ਼ਾਂ ਦੇ, ਉਹ ਫੇਰਵੀ ਜਲੰਧਰੋਂ ਬਾਹਰ ਨਾ ਨਿਕਲਿਆ। ਉਹਨੇ ਓਥੇ ਬੈਠੇ ਹੀ ਲਾਹੌਰ ਦੀ ਹਕੂਮਤ ਦੀਵਾਨ ਸੂਰਤ ਸਿੰਘ (ਹਿੰਦੂ) ਦੇ ਨਾਮ ਲਿਖ ਭੇਜੀ।

### ਮੀਰ ਮੁਹੰਮਦ ਖਾਂ ਸੂਬੇਦਾਰ ਲਾਹੌਰ

ਦੀਵਾਨ ਇਹ ਕੰਮ ਸੰਭਾਲਣ ਵਾਸਤੇ ਤਿਆਰ ਨਹੀਂ ਸੀ, ਪਰ ਕੁਛ ਚਿਰ ਵਾਸਤੇ ਬਦੋਬਦੀ ਇਹ ਅਹੁਦਾ ਉਹਦੇ ਮੱਥੇ ਮੱੜਿਆ ਗਿਆ। ਅੰਤ ਮੀਰ ਮੁਹੰਮਦ ਖ਼ਾਂ ਨੂੰ ਲਾਹੌਰ ਦਾ ਹਾਕਮ ਬਣਾ ਕੇ ਭੇਜਿਆ ਗਿਆ।

### ਸਰਹਿੰਦ ਲੁੱਟੀ

ਸਿੰਘਾਂ ਨੂੰ ਪਤਾ ਲੱਗਾ, ਕਿ ਜ਼ੈਨਖ਼ਾਂ ਸਰਹਿੰਦ ਵਿਚੋਂ ਬਾਹਰ ਗਿਆ ਹੋਇਆ ਹੈ। ਸ: ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਵਿਚ ਸਿੰਘ ਰਾਤੋ ਰਾਤ ਧਾਈਕੋਂ ਸਰਹਿੰਦ ਜਾਂ ਵੜੇ। ਉਸ ਵੇਲੇ ਮਲੇਰਕੋਟਲੇ ਵਾਲਾ ਭੀਖਣਖ਼ਾਂ ਸਰਹਿੰਦ ਵਿਚ ਸੀ। ਉਹਨੇ ਕਿਲਾ ਤਾਂ ਲੁੱਟੇ ਜਾਣ ਤੋਂ ਬਚਾ ਲਿਆ, ਪਰ ਬਾਕੀ ਦਾ ਸ਼ਹਿਰ ਸਿੰਘਾਂ ਨੇ ਲੁੱਟ ਲਿਆ।

ਖ਼ਬਰ ਸੁਣ ਕੇ ਜ਼ੈਨਖ਼ਾਂ ਵਾਪਸ ਸਰਹਿੰਦ ਨੂੰ ਮੁੜਿਆ। ਪਰ ਉਹਦੇ ਆਉਣ ਤੋਂ ਪਹਿਲਾਂ ਹੀ ਸਿੰਘ ਦੂਰ ਨਿਕਲ ਗਏ। ਜੱਥੇ ਨਾਲੋਂ ਵਿਛੜੇ ਹੋਏ ਚਾਰ-ਪੰਜ ਸਿੰਘ ਵੈਰੀ ਦੇ ਕਾਬੂ ਆ ਗਏ, ਜੋ ਸਰਹਿੰਦ ਵਿਚ ਕੈਦ ਕਰ ਦਿੱਤੇ ਗਏ। ਜ਼ੈਨਖ਼ਾਂ ਦੀ ਬੇਗ਼ਮ ਨੇ ਉਸਨੂੰ ਕਿਹਾ, ਕਿ ਮੈਂ ਸਿੰਘ ਕਦੇ ਨਹੀਂ ਵੇਖੇ।

### ਜ਼ੈਨਖ਼ਾਂ ਦੀ ਬੇਗਮ ਤੇ ਸਿੰਘ

ਉਸਦਾ ਚਾ ਪੂਰਾਕਰਨ ਬਦਲੇ ਕੈਦੀ ਸਿੰਘਾਂ ਨੂੰ ਸ਼ਸਤਰ ਸਜਾ ਕੇ (ਪੈਰੀਂ ਬੇੜੀਆਂ ਪਾ ਕੇ) ਉਸ ਦੇ ਸਾਮਣੇ ਕੀਤਾ ਗਿਆ। ਸਿੰਘਾਂ ਦੇ ਦਰਸ਼ਨ ਕਰਦਿਆਂ ' ਬੇਗਮ ਡਰ ਨਾਲ ਬੇਹੋਸ਼ ਹੋ ਕੇ ਡਿਗ ਪਈ। ਸਰਹਿੰਦੋਂ ਨਿਕਲ ਕੇ ਸਿੰਘਾਂ ਨੇ ਮਲੇਰ ਕੋਟਲਾ ਆ ਲੁੱਟਿਆ। ਏਥੋਂ ਵਿਹਲੇ ਹੋ ਕੇ ਸਿੰਘ ਪੱਟੀ ਵੱਲ ਵਧੇ। ਜਦ ਅਬਦਾਲੀ ਲਾਹੌਰ ਵਿਚ ਸੀ, ਪੱਟੀ ਦੇ ਮੀਰ ਮੁਹੰਮਦ ਨੇ ਪਿੰਡਾਂ'ਵਿਚੋਂ ਕੁਛ ਸਿੰਘਣੀਆਂ ਬੰਨ ਲਿਆਂਦੀਆਂ ਸਨ ।

### ਪੱਟੀ ਵਿਚੋਂ ਕੈਦ ਸਿੰਘਣੀਆਂ ਛੁਡਾਈਆਂ

ਜੇਲ ਵਿਚ ਉਹਨਾਂ ਨੂੰ ਬੜੇ ਕਸ਼ਟ ਦਿੱਤੇ ਗਏ। ਉਹਨਾਂ ਦੀਆਂ ਗੋਦੀਆਂ ਵਿਚੋਂ ਦੁੱਧ ਚੁੰਘਦੇ ਬਾਲ ਕਤਲ ਕੀਤੇ ਗਏ ਤੇ ਬੇਟੀਆਂ ਦੇ ਹਾਰ ਪਰੋ ਕੇ ਮਾਂਵਾਂ ਦੇ ਗਲਾਂ ਵਿਚ ਪਾਏ ਗਏ।ਇਹ ਖ਼ਬਰ ਦਲ ਖ਼ਾਲਸੇ ਵਿਚ ਪੁੱਜੀ, ਤਾਂ ਉਹ ਦਰਿਆ ਟੱਪ ਕੇ ਪੱਟੀ ਉੱਤੇ ਆ ਪਏ। ਮੀਰ ਮੁਹੰਮਦ ਕਤਲ ਕਰ ਕੇ ਸਾੜ ਦਿੱਤਾ ਗਿਆ ਤੇ ਸਿੰਘਣੀਆਂ ਜੇਲ ਵਿਚੋਂ ਕਢ ਕੇ ਘਰੋਘਰੀ ਪੁਚਾਈਆਂ ਗਈਆਂ ।

### ਨੂਰੁੱਦੀਨ ਨੂੰ ਸ਼ਕਸਤ ਦਿੱਤੀ

ਸਿੰਘਾਂ ਨੂੰ ਖ਼ਬਰ ਮਿਲੀ, ਕਿ ਅਬਦਾਲੀ ਦਾ ਭੇਜਿਆ ਹੋਇਆ ਜਰਨੈਲ ਨੂਰੁੱਦੀਨਫ਼ੌਜ ਲੈ ਕੇ ਪੰਜਾਬ ਵਿਚ ਆ ਵੜਿਆ ਹੈ। ਸ: ਚੜ੍ਹਤ ਸਿੰਘ ਸੁਕਰਚੱਕੀਏ ਨੇ ਕੁਛ ਹੋਰ ਮਿਸਲਾਂ ਦੇ ਸਰਦਾਰਾਂ ਨੂੰ ਨਾਲ ਲੈ ਕੇ ਨੂਰੁੱਦੀਨ ਨੂੰ ਝਨਾਂ ਕੰਢੇ ਜਾ ਰੋਕਿਆ। ਬੜੀ ਲਹੂ ਡੋਲਵੀਂ ਲੜਾਈ ਹੋਈ। ਨੂਰੁੱਦੀਨ ਹਾਰ ਕੇ ਸਿਆਲਕੋਟ ਜਾ ਵੜਿਆ। ਸ: ਚੜ੍ਹਤ ਸਿੰਘ ਨੇ ਉਸ ਨੂੰ ਓਥੇ ਜਾ ਘੇਰਿਆ। ਨੂਰੁੱਦੀਨ ਇਕ ਰਾਤ ਫ਼ਕੀਰੀ ਭੇਸ ਵਿਚ ਨੱਸ ਗਿਆ ਤੇ ਉਸਦੀ ੧੨ ਹਜ਼ਾਰ ਦੁਰਾਨੀਫ਼ੌਜ ਨੇ ਹਥਿਆਰ ਸੁੱਟ ਦਿੱਤੇ। ਇਹ ਘਟਨਾ ਅਗਸਤ 1761 ਈ। ਦੀ ਹੈ। ਸ: ਚੜ੍ਹਤ ਸਿੰਘ ਨੇ ਸਿਆਲਕੋਟ ਲੁੱਟ ਲਿਆ। ਦੁਰਾਨੀਫ਼ੌਜ ਦਾ ਜੰਗੀ ਸਾਮਾਨ ਉਸਦੇ ਕਾਬੂ ਆ ਗਿਆ, ਜੋ ਉਹ ਗੁੱਜਰਾਂਵਾਲੇ ਆਪਣੇ ਕਿਲੇ ਵਿਚ ਲੈ ਆਇਆ। ਇਸ ਵੇਲੇ ਸ: ਚੜ੍ਹਤ ਸਿੰਘ ਸੁਕਰਚੱਕੀਏ ਦੀ ਤਾਕਤ ਚੰਗੀ ਵਧ ਗਈ ਸੀ। ਉਹਨੇ ਗੁਜਰਾਂਵਾਲੇ ਦੇ ਕਿਲੇ ਨੂੰ ਤਕੜਾ ਕਰ ਲਿਆ। ਲਾਹੌਰ ਦੇ ਏਨੇ ਨੇੜੇ ਸਿੱਖਾਂ ਦੀ ਵਧਦੀ ਤਾਕਤ ਵੇਖ ਕੇ ਸੂਬੇਦਾਰ ਉਬੇਦਖ਼ਾਂ ਸੜ ਬਲ ਗਿਆ।


### ਉਬੇਦਖ਼ਾਂ ਨੇ ਗੁਜਰਾਂ-ਵਾਲਾ ਘੇਰ ਲਿਆ

ਉਹਨੇ ਵੀਹ ਹਜ਼ਾਰ ਫ਼ੌਜ ਤੇ ਤੋਪਖ਼ਾਨਾ ਲੈ ਕੇ ਗੁਜਰਾਂਵਾਲੇ ਵਿਚ ਸ: ਚੜ੍ਹਤ ਸਿੰਘ ਨੂੰ ਜਾ ਘੇਰਿਆ। ੧੩ ਦਿਨ ਘੇਰਾ, ਰਿਹਾ। ਬਾਕੀ ਸਿੰਘਾਂ ਨੂੰ ਪਤਾ ਲੱਗਾ, ਤਾਂ ਸ: ਜੱਸਾ ਸਿੰਘ ਆਹਲੂ ਵਾਲੀਐ, ਸ: ਹਰੀ ਸਿੰਘ ਭੰਗੀ, ਸ: ਗੁੱਜਰ ਸਿੰਘ, ਸ: ਜੈ ਸਿੰਘ ਕਨ੍ਹਈਆ, ਸ: ਲਹਿਣਾ ਸਿੰਘ, ਸ: ਸੋਭਾ ਸਿੰਘ, ਆਦਿ ਫ਼ੌਜ ਲੈ ਕੇ ਗੁਜਰਾਂਵਾਲੇ ਆ ਗਏ। ਉਹਨਾਂ ਉਬੇਦਖ਼ਾਂ ਨੂੰ ਘੇਰੇ ਵਿਚ ਲੈ ਲਿਆ ਤੇ ਅਗਲੇ ਦਿਨ ਧਾਵਾ ਬੋਲਣ ਦਾ ਮਤਾ ਪਕਾਇਆ। - ਚਲਦਾ

---

## ਅਕਾਲੀ ਲਹਿਰ ਦਾ ਸਿਰਮੌਰ ਆਗੂ

# ਤੇਜਾ ਸਿੰਘ ਸਮੁੰਦਰੀ



ਤੇਜਾ ਸਿੰਘ ਸਮੁੰਦਰੀ ਗੁਰਦੁਆਰਾ ਸੁਧਾਰ ਲਹਿਰ (1920-1925) ਨੂੰ ਸਫ਼ਲ ਬਣਾਉਣ ਵਾਲੇ ਉੱਘੇ ਆਗੂਆਂ 'ਚੋਂ ਇਕ ਸਨ। ਉਹ ਸਿੰਘ ਸਭਾ ਲਹਿਰ (1873) ਦੀ ਉਪਜ; ਗੁਰਸਿੱਖੀ 'ਤੇ ਅਤੁੱਟ ਸ਼ਰਧਾ, ਦ੍ਰਿੜ੍ਹਤਾ ਤੇ ਵਿਸ਼ਵਾਸ ਰੱਖਣ; ਨਿੱਗਰ ਅਤੇ ਉਸਾਰੂ ਕੰਮ ਕਰਨ ਵਾਲੇ, ਕੁਰਬਾਨੀ ਦੇ ਪੁੰਜ ਤੇ ਸਿਰੜੀ ਦੇਸ਼ ਭਗਤ ਸਨ। ਉਨ੍ਹਾਂ ਦਾ ਜਨਮ 20 ਫਰਵਰੀ 1881 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਰਾਏ ਦਾ ਬੁਰਜ ਵਿਚ ਮਾਤਾ ਨੰਦ ਕੌਰ ਤੇ ਪਿਤਾ ਦੇਵਾ ਸਿੰਘ ਦੇ ਘਰ ਹੋਇਆ। ਉਨ੍ਹਾਂ ਦੇ ਪਿਤਾ ਸ. ਦੇਵਾ ਸਿੰਘ 22 ਨੰਬਰ ਰਸਾਲੇ ਵਿਚ ਰਸਾਲਦਾਰ ਮੇਜਰ ਸਨ ਜਿਨ੍ਹਾਂ ਨੂੰ ਤਹਿਸੀਲ ਸਮੁੰਦਰੀ ਜ਼ਿਲ੍ਹਾ ਲਾਇਲਪੁਰ ਦੇ ਚੱਕ 140 ਵਿਚ 6 ਮੁਰੱਬੇ ਜ਼ਮੀਨ ਮਿਲੀ ਹੋਈ ਸੀ। ਇਸ ਲਈ ਉਹ ਤੇਜਾ ਸਿੰਘ ਸਮੁੰਦਰੀ ਕਰਕੇ ਪ੍ਰਸਿੱਧ ਹੋਏ। ਤੇਜਾ ਸਿੰਘ 'ਤੇ ਆਪਣੇ ਪਿਤਾ ਦੇ ਧਾਰਮਿਕ ਸੰਸਕਾਰਾਂ ਦਾ ਡੂੰਘਾ ਪ੍ਰਭਾਵ ਪਿਆ। ਇਸ ਦੇ ਨਤੀਜੇ ਵਜੋਂ ਬਚਪਨ ਵਿਚ ਗੁਰਮੁਖੀ ਪੜ੍ਹੀ ਤੇ ਬਾਣੀ ਦਾ ਪਾਠ ਗ੍ਰਹਿਣ ਕੀਤਾ। ਉਪਰੰਤ ਸਕੂਲ ਵਿਚ ਵੀ ਕੁਝ ਤਾਲੀਮ ਹਾਸਲ ਕੀਤੀ। 18 ਵਰ੍ਹੇ ਦੀ ਉਮਰ 'ਚ ਫ਼ੌਜ ਵਿਚ ਭਰਤੀ ਹੋ ਕੇ 10 ਸਾਲ ਰਸਾਲੇ ਵਿਚ ਨੌਕਰੀ ਕੀਤੀ ਤੇ 1911 ਵਿਚ ਆਪਣੇ ਤੀਜੇ ਪੁੱਤਰ ਬਿਸ਼ਨ ਸਿੰਘ ਸਮੁੰਦਰੀ (1969 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪਹਿਲੇ ਉਪ-ਕੁਲਪਤੀ) ਦੇ ਜਨਮ ਮਗਰੋਂ ਫ਼ੌਜੀ ਰਸਾਲੇ ਦੀ ਨੌਕਰੀ ਛੱਡ ਦਿੱਤੀ।

ਤੇਜਾ ਸਿੰਘ ਸਮੁੰਦਰੀ ਬਹੁਤ ਜ਼ਿਆਦਾ ਦੂਰ-ਅੰਦੇਸ਼, ਦ੍ਰਿੜ੍ਹ ਤੇ ਦੇਸ਼-ਭਗਤ ਵਿਚਾਰਾਂ ਦੇ ਧਾਰਨੀ ਸਨ। ਉਨ੍ਹਾਂ ਬਾਰੇ ਪ੍ਰਸਿੱਧ ਦੇਸ਼ ਭਗਤ ਤੇਜਾ ਸਿੰਘ ਚੂੜਕਾਣਾ ਦੱਸਦੇ ਹਨ ਕਿ ਸ਼ੁਰੂ ਵਿਚ ਹੀ ਤੇਜਾ ਸਿੰਘ ਸਮੁੰਦਰੀ ਅਮਰੀਕਾ ਅਤੇ ਕੈਨੇਡਾ ਵਿਚ ਦੇਸ਼ ਦੀ ਆਜ਼ਾਦੀ ਦਾ ਪ੍ਰਚਾਰ ਕਰ ਰਹੇ ਗ਼ਦਰੀ ਬਾਬਿਆਂ ਦੇ ਕਾਰਨਾਮਿਆਂ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਾਉਂਦੇ ਸਨ। ਅਨੇਕਾਂ ਸਕੂਲਾਂ ਨੂੰ ਸ਼ੁਰੂ ਕਰਨ ਵਾਲੇ ਮੋਢੀਆਂ ਵਿਚ ਵੀ ਉਨ੍ਹਾਂ ਦਾ ਨਾਂ ਹੈ ਜਿਵੇਂ: ਮਿਡਲ ਸਕੂਲ ਸਮੁੰਦਰੀ, ਖ਼ਾਲਸਾ ਹਾਈ ਸਕੂਲ ਸਰਹਾਲੀ, ਖ਼ਾਲਸਾ ਹਾਈ ਸਕੂਲ ਲਾਇਲਪੁਰ। ਜਦੋਂ 4 ਜਨਵਰੀ 1914 ਨੂੰ ਸਰਦੂਲ ਸਿੰਘ ਕਵੀਸ਼ਰ ਅਤੇ ਹਰਚੰਦ ਸਿੰਘ ਲਾਇਲਪੁਰੀ ਆਦਿ ਅਕਾਲੀ ਆਗੂਆਂ ਨੇ ਗੁਰਦੁਆਰਾ ਰਕਾਬਗੰਜ ਦਿੱਲੀ ਵਿਚ (ਵਾਇਸਰੌਏ ਚਾਰਲਸ ਹਾਰਡਿੰਗ 1910-1916 ਦੀ) ਕੋਠੀ ਲਈ ਸੜਕ ਸਿੱਧੀ ਕਰਨ ਖ਼ਾਤਰ ਕੰਧ ਗਿਰਾਏ ਜਾਣ ਵਿਰੁੱਧ ਪੁਰਜ਼ੋਰ ਅੰਦੋਲਨ ਸ਼ੁਰੂ ਕੀਤਾ ਤਾਂ ਤੇਜਾ ਸਿੰਘ ਸਮੁੰਦਰੀ ਨੇ ਇਸ ਵਿਚ ਵਧ-ਚੜ੍ਹ ਕੇ ਹਿੱਸਾ ਲਿਆ।

1920 ਵਿਚ ਅਕਾਲੀ ਲਹਿਰ ਸ਼ੁਰੂ ਹੋਈ ਤਾਂ ਸਮੁੰਦਰੀ ਹੋਰਾਂ ਨੇ ਅਹਿਮ ਭੂਮਿਕਾ ਨਿਭਾਈ। ਪੰਜਾਬੀ ਦੇ ਰੋਜ਼ਾਨਾ 'ਅਕਾਲੀ' ਅਖ਼ਬਾਰ ਨੇ ਅਕਾਲੀ ਅੰਦੋਲਨ ਵਿਚ ਅਹਿਮ ਭੂਮਿਕਾ ਪਾਈ ਅਤੇ ਆਪਣੇ ਲੇਖਾਂ ਨਾ ਬ੍ਰਿਟਿਸ਼ ਹਕੂਮਤ ਵਿਰੁੱਧ ਲੋਕਾਂ ਨੂੰ ਲਾਮਬੰਦ ਕੀਤਾ। ਸਮੁੰਦਰੀ ਨੇ ਇਸ ਅਖ਼ਬਾਰ ਦੀ ਮਦਦ ਲਈ ਦੋ ਮੁਰੱਬੇ ਜ਼ਮੀਨ ਗਹਿਣੇ ਦਿੱਤੀ। ਉਹ 'ਅਕਾਲੀ' ਅਖ਼ਬਾਰ ਦੀ ਪ੍ਰਬੰਧਕ ਕਮੇਟੀ ਦੇ ਮੁੱਢਲੇ 14 ਮੈਂਬਰਾਂ 'ਚੋਂ ਇਕ ਸਨ। ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਦੁਖਾਂਤ (ਫਰਵਰੀ 1921), ਗੁਰੂ ਕੇ ਬਾਗ਼ ਦਾ ਮੋਰਚਾ (ਅਗਸਤ 1922), ਗੁਰਦੁਆਰਾ ਖਡੂਰ ਸਾਹਿਬ ਅਤੇ ਗੁਰਦੁਆਰਾ ਮੁਕਤਸਰ ਸੁਧਾਰ ਲਈ ਉਨ੍ਹਾਂ ਨੇ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਯੋਗ ਅਗਵਾਈ ਕੀਤੀ।

ਨੌਂ ਜੁਲਾਈ 1923 ਨੂੰ ਮਹਾਰਾਜਾ ਨਾਭਾ ਨੂੰ ਗੱਦੀਓਂ ਉਤਾਰਿਆ ਗਿਆ। ਅਕਤੂਬਰ ਵਿਚ ਪੰਜਾਬ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਤੇਜਾ ਸਿੰਘ ਸਮੁੰਦਰੀ ਸਮੇਤ 56 ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ। ਤੇਜਾ ਸਿੰਘ ਵਿਰੁੱਧ ਪਹਿਲਾਂ ਲਾਹੌਰ ਕਿਲ੍ਹੇ ਵਿਚ ਅਤੇ ਮਗਰੋਂ ਕੇਂਦਰੀ ਜੇਲ੍ਹ ਵਿਚ ਤਿੰਨ ਸਾਲ ਮੁਕੱਦਮਾ ਚਲਾਇਆ ਗਿਆ। ਇਸ ਸਮੇਂ ਦੌਰਾਨ ਹੀ ਸਾਮਰਾਜੀ ਸਰਕਾਰ ਮਹਿਤਾਬ ਸਿੰਘ ਵਰਗੇ ਆਗੂਆਂ ਦੀ ਸਲਾਹ ਨਾਲ ਗੁਰਦੁਆਰਾ ਐਕਟ ਬਣਾਉਣ ਲਈ ਮਜਬੂਰ ਹੋ ਗਈ, ਪਰ ਤੇਜਾ ਸਿੰਘ ਸਮੁੰਦਰੀ ਸਮੇਤ ਅਕਾਲੀ ਆਗੂਆਂ ਸੋਹਣ ਸਿੰਘ ਜੋਸ਼, ਸੇਵਾ ਸਿੰਘ ਠੀਕਰੀਵਾਲਾ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਹਰੀ ਸਿੰਘ ਜਲੰਧਰੀ, ਮਾਸਟਰ ਤਾਰਾ ਸਿੰਘ, ਗੋਪਾਲ ਸਿੰਘ ਕੌਮੀ, ਬਾਬੂ ਸੰਤਾ ਸਿੰਘ ਸੁਲਤਾਨਵਿੰਡ, ਰਾਇ ਸਿੰਘ ਕਉਣੀ (ਸਕੱਤਰ ਕੌਮਾ ਗਾਟਾਮਾਰੂ ਜਹਾਜ਼), ਸੁਰਮੁਖ ਸਿੰਘ ਝਬਾਲ, ਬਾਬੂ ਤ੍ਰਿਪਲ ਸਿੰਘ ਲਾਇਲਪੁਰ, ਗੁਰਬਚਨ ਸਿੰਘ, ਭਾਗ ਸਿੰਘ ਐਡਵੋਕੇਟ, ਤੇਜਾ ਸਿੰਘ ਘਵਿੰਡ ਅਤੇ ਹਰੀ ਸਿੰਘ ਚੱਕਵਾਲੀਆ ਨੇ ਪੰਜਾਬ ਦੇ ਗਵਰਨਰ ਸਰ ਮੈਲਕਮ ਹੇਲੀ ਦੀ ਸ਼ਰਤ ਪ੍ਰਵਾਨ ਨਹੀਂ ਕੀਤੀ।

ਗਿਆਰਾਂ ਫਰਵਰੀ 1926 ਨੂੰ ਉਨ੍ਹਾਂ ਨੂੰ ਲਾਹੌਰ ਦੀ ਕੇਂਦਰੀ ਜੇਲ੍ਹ ਵਿਚ ਤਬਦੀਲ ਕਰ ਕੇ ਮੁਕੱਦਮੇ ਦੀ ਕਾਰਵਾਈ ਜਾਰੀ ਰੱਖੀ ਗਈ। ਇਸ ਦੌਰਾਨ ਤੇਜਾ ਸਿੰਘ ਸਮੁੰਦਰੀ 17 ਜੁਲਾਈ 1926 ਨੂੰ 45 ਸਾਲ ਦੀ ਉਮਰ ਵਿਚ ਦਿਲ ਦੀ ਬਿਮਾਰੀ ਨਾਲ ਜੇਲ੍ਹ ਦੇ ਅੰਦਰ ਹੀ ਸ਼ਹੀਦੀ ਪ੍ਰਾਪਤ ਕਰ ਗਏ। ਸੋਹਣ ਸਿੰਘ ਜੋਸ਼ ਆਪਣੀ ਪੁਸਤਕ 'ਅਕਾਲੀ ਮੋਰਚਿਆਂ ਦਾ ਇਤਿਹਾਸ' ਵਿਚ ਤੇਜਾ ਸਿੰਘ ਸਮੁੰਦਰੀ ਦੇ ਅਖੀਰਲੇ ਸਮੇਂ ਬਾਰੇ ਲਿਖਦੇ ਹਨ ਕਿ ''ਪੰਥ ਦੀਆਂ ਖ਼ੁਸ਼ੀਆਂ ਰਹਿ ਗਈਆਂ- ਏਕਾ ਏਕੀ ਸੁੱਕੇ ਅਸਮਾਨੋਂ ਬਿੱਜ ਡਿੱਗ ਪਈ। ਉਹ ਅਦਾਲਤ ਵਿੱਚੋਂ ਗਵਾਹ ਭੁਗਤਾਉਂਦੇ, ਹੱਸਦੇ-ਖੇਡਦੇ, ਆਪਣੇ ਸਾਥੀਆਂ ਨਾਲ ਮੁਲਾਕਾਤ ਕਰਕੇ ਕੇਂਦਰੀ ਜੇਲ੍ਹ ਅੰਦਰ ਗਏ, ਕੱਪੜੇ ਉਤਾਰ ਕੇ ਰੱਖੇ, ਨਵੇਂ ਪਾਏ ਅਤੇ ਦੋਸਤਾਂ ਨੂੰ ਕਹਿਣ ਲੱਗੇ ਕਿ ਖੱਬੀ ਬਾਂਹ 'ਚੋਂ ਦਰਦ ਚੱਲ ਕੇ ਕਲੇਜੇ ਨੂੰ ਜਾ ਰਿਹਾ ਹੈ ਅਤੇ 5 ਮਿੰਟਾਂ ਵਿਚ ਹੀ ਸਭ ਨੂੰ ਅਲਵਿਦਾ ਕਹਿ ਗਏ।'' ਉਨ੍ਹਾਂ ਦੀ ਮ੍ਰਿਤਕ ਦੇਹ ਲਾਹੌਰ ਜੇਲ੍ਹ ਤੋਂ ਲਿਆ ਕੇ 18 ਜੁਲਾਈ ਨੂੰ ਅੰਮ੍ਰਿਤਸਰ ਵਿਚ ਸਤਿਕਾਰ ਨਾਲ ਸਸਕਾਰ ਕੀਤਾ ਗਿਆ। ਅੰਮ੍ਰਿਤਸਰ ਵਿਚ 1937 'ਚ ਇਕ ਲੱਖ ਰੁਪਏ ਦੀ ਲਾਗਤ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤੇਜਾ ਸਿੰਘ ਸਮੁੰਦਰੀ ਹਾਲ ਨੂੰ ਯਾਦਗਾਰ ਦੇ ਤੌਰ 'ਤੇ ਉਨ੍ਹਾਂ ਦੇ ਨਾਂ ਨਾਲ ਜੋੜਿਆ। ਗੁਰਦੁਆਰਾ ਸੁਧਾਰ ਲਹਿਰ ਦੇ ਇਤਿਹਾਸ ਵਿਚ ਤੇਜਾ ਸਿੰਘ ਸਮੁੰਦਰੀ ਦਾ ਨਾਂ ਹਮੇਸ਼ਾ ਯਾਦ ਰਹੇਗਾ।

**ਲੇਖਕ : ਹਰਦੀਪ ਸਿੰਘ ਝੱਜ, ਸੰਪਰਕ: 94633-64992**



ਇਹ ਸਭ ਪੁਰਾਣੀਆਂ ਯਾਦਾਂ ਦਾ ਖ਼ਜ਼ਾਨਾ ਸਾਡੇ ਨਾਲ ਹੀ ਸਿਮਟ ਜਾਵੇਗਾ, ਜੋ ਆਖ਼ਰੀ ਵੇਲੇ ਵੀ ਸਾਨੂੰ ਸਕੂਨ ਦੇ ਪਲ ਦੇਵੇਗਾ। ਅਸੀਂ ਵੱਡੇ ਤੇ ਸਾਂਝੇ ਪਰਿਵਾਰਾਂ 'ਚ ਭੈਣ-ਭਰਾਵਾਂ ਨਾਲ ਰਹਿੰਦੇ ਅਤੇ ਹੁਣ ਇੱਕ ਜਾਂ ਦੋ ਬੱਚਿਆਂ ਦੇ ਪਰਿਵਾਰ ਨਾਲ ਵੀ ਸਹਿਜ ਹਾਂ। ਅਸੀਂ ਆਖ਼ਰੀ ਪੀੜ੍ਹੀ ਹੋਵਾਂਗੇ ਜੋ ਆਪਣੇ ਬਜ਼ੁਰਗਾਂ, ਮਾਂ-ਬਾਪ ਤੇ ਖ਼ਾਸਕਰ ਪਿਤਾ ਤੋਂ ਬਹੁਤ ਡਰਦੇ ਸਾਂ।

# ਸੁੱਚੇ ਜਲ ਵਾਲੀ ਪੀੜ੍ਹੀ

ਲੇਖਕ : ਕੁਲਮਿੰਦਰ ਕੌਰ
ਸੰਪਰਕ: 98156-52272

ਦੇਸ਼ ਦੀ ਅਜ਼ਾਦੀ ਤੋਂ ਬਾਅਦ ਦਸ-ਪੰਦਰਾਂ ਸਾਲ ਦੇ ਅੰਦਰ ਜਨਮੇ ਅਸੀਂ ਸਾਰੇ ਬਾਸ਼ਿੰਦੇ ਇਸ ਵਿਲੱਖਣ ਪੀੜ੍ਹੀ 'ਚ ਸ਼ਾਮਿਲ ਹਾਂ। ਬਰਤਾਨਵੀ ਹਕੂਮਤ ਤੋਂ ਆਜ਼ਾਦ ਹੋਣ ਦੀ ਖ਼ੁਸ਼ੀ ਦੇ ਨਾਲ ਹੀ ਦੇਸ਼ ਦੀ ਵੰਡ ਦਾ ਸੰਤਾਪ ਖੜ੍ਹਾ ਸੀ। ਲੱਖਾਂ ਬੇਦੋਸ਼ੇ ਲੋਕ ਨਿਹੱਥੇ ਮਾਰੇ ਗਏ ਤੇ ਕਰੋੜਾਂ ਦੇ ਕਰੀਬ ਪੰਜਾਬੀਆਂ ਨੇ ਉਜਾੜਾ ਹੱਡੀਂ ਹੰਢਾਇਆ। ਅੰਮ੍ਰਿਤਾ ਪ੍ਰੀਤਮ ਨੇ ਵੀ ਕੰਬਦੀ ਕਲਮ ਨਾਲ ਨਜ਼ਮ ਦੇ ਰੂਪ 'ਚ ਪੰਜਾਬੀਆਂ ਦੇ ਕਤਲੇਆਮ ਤੇ ਧੀਆਂ ਨਾਲ ਜਬਰ ਜਨਾਹ ਦੀ ਕਹਾਣੀ ਨੂੰ ਉਭਾਰਿਆ, ਜਿਸ ਦੇ ਬੋਲ 'ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ' ਹਰ ਪੰਜਾਬੀ ਦੇ ਮਨ ਨੂੰ ਧੂਹ ਪਾਉਂਦੇ ਹਨ। ਅਸੀਂ ਉੱਚੀ ਸੁਰ 'ਚ ਅਜਿਹੀਆਂ ਨਜ਼ਮਾਂ, ਦੇਸ਼ਭਗਤੀ ਦੇ ਗੀਤ ਤੇ ਕਵਿਤਾਵਾਂ ਅਕਸਰ ਹੀ ਗਾਉਂਦੇ ਅਤੇ ਇਨਾਮ ਹਾਸਲ ਕਰਕੇ ਉਤਸ਼ਾਹਿਤ ਹੁੰਦੇ। ਵੱਡੇ ਹੋਏ ਤਾਂ ਸਮਾਜ ਨੂੰ ਬਦਲਣ ਦਾ ਜਜ਼ਬਾ ਬਹੁਤ ਨੌਜਵਾਨਾਂ ਵਿੱਚ ਵਿਖਾਈ ਦਿੰਦਾ। ਪੰਜਾਬ ਵਿੱਚ ਆਈ ਖੜੋਤ ਦੌਰਾਨ ਅਸੀਂ ਫਿਰ ਪੈਰਾਂ ਸਿਰ ਖੜ੍ਹੇ ਹੋਣਾ ਸ਼ੁਰੂ ਕੀਤਾ। ਅੱਜ ਦੇ ਵਿਗਿਆਨਕ ਤੇ ਤਕਨੀਕੀ ਯੁੱਗ ਤੱਕ ਅੱਪੜਦਿਆਂ ਲੰਮਾ ਪੈਂਡਾ ਤੈਅ ਕਰਨਾ ਪਿਆ ਹੈ।

ਅਸੀਂ ਵੀ ਕਦਮ-ਦਰ-ਕਦਮ ਅੱਗੇ ਵਧਦੇ ਰਹੇ ਹਾਂ। ਉਹ ਤਾਂ ਜਦੋਂ ਯਾਦਾਂ ਦੇ ਚਿਤਰਪਟ ਨੂੰ ਉਧੇੜਦੇ ਹਾਂ ਤਾਂ ਲੰਘਿਆ ਸਮਾਂ ਸਾਹਮਣੇ ਆਣ ਖਲੋਂਦਾ ਹੈ। ਸਾਡੀ ਜੀਵਨ ਸ਼ੈਲੀ ਬੜੀ ਸਾਦਗੀ ਭਰਪੂਰ ਸੀ। ਅਸੀਂ ਬਿਨਾਂ ਕਿਸੇ ਤੌਖਲੇ ਦੇ ਪ੍ਰਦੂਸ਼ਣ ਰਹਿਤ ਪਾਣੀ ਖੂਹਾਂ, ਖਾਲਾਂ, ਨਲਕਿਆਂ ਤੇ ਟੂਟੀਆਂ ਤੋਂ ਬੁੱਕਾਂ ਭਰ-ਭਰ ਪੀਂਦੇ ਤੇ ਉਚਾਰਣ ਕਰਦੇ, "ਰੱਬ ਨਾਲੋਂ ਕੋਈ ਉੱਚਾ ਨਹੀਂ ਤੇ ਜਲ ਨਾਲੋਂ ਕੁਝ ਸੁੱਚਾ ਨਹੀਂ।" ਮਿਲਾਵਟੀ ਭੋਜਨ, ਫਲ, ਸਬਜ਼ੀਆਂ ਦੀ ਬਜਾਏ ਅਸੀਂ ਸ਼ੁੱਧ ਦੁੱਧ, ਦਹੀਂ, ਲੱਸੀ ਤੇ ਖੁਰਾਕੀ ਤੱਤਾਂ ਨਾਲ ਭਰਪੂਰ ਭੋਜਨ ਹੀ ਖਾਂਦੇ ਰਹੇ ਹਾਂ। ਅਸੀਂ ਆਖ਼ਰੀ ਪੀੜ੍ਹੀ ਹਾਂ ਜਿਨ੍ਹਾਂ ਨੇ ਧੇਲਾ, ਟਕਾ, ਆਨਾ, ਦੁਆਨੀ, ਛਟਾਂਕ, ਸੇਰ, ਮਣ ਆਦਿ ਦੀ ਵਰਤੋਂ ਕੀਤੀ। ਸੁੱਖ-ਸੁਨੇਹੇ ਜਾਂ ਸੁੱਖ-ਸਾਂਦ ਪੁੱਛਣ ਲਈ ਸਾਡਾ ਵਾਹ ਪੋਸਟਕਾਰਡ, ਟੈਲੀਗ੍ਰਾਮ, ਇਨਲੈਂਡ ਤੇ ਐਨਵੈਲਪ ਪੱਤਰਾਂ ਨਾਲ ਪਿਆ। ਮੇਰੇ ਪਿਤਾ ਜੀ ਹਮੇਸ਼ਾ ਕਹਿੰਦੇ, ਜੇਕਰ ਪੋਸਟ ਕਾਰਡ ਨਾਲ ਕੰਮ ਸਰਦਾ ਹੈ ਤਾਂ ਮਹਿੰਗੇ ਪੱਤਰ ਕਿਉਂ। ਸੰਜਮੀ ਤੇ ਕਿਰਸੀ ਸੁਭਾਅ ਹਰ ਕਿਸੇ ਕੋਲ ਸੀ। ਸ਼ਾਇਦ ਇਹ ਇੱਕ ਵਜ੍ਹਾ ਰਹੀ ਜਸ ਨੇ ਸੀਮਤ ਸਾਧਨ ਹੁੰਦੇ ਹੋਏ ਵੀ ਸਾਨੂੰ ਆਧੁਨਿਕ ਯੁੱਗ ਵਿੱਚ ਵਿਚਰਨ ਦੇ ਯੋਗ ਬਣਾ ਹੀ ਦਿੱਤਾ। ਅੱਜ ਅਸੀਂ ਵੀ ਇੰਟਰਨੈੱਟ ਤੇ ਸ਼ੋਸਲ ਮੀਡੀਆ 'ਤੇ ਕਾਬਜ਼ ਹੋ ਗਏ ਹਾਂ।

ਪਿੰਡ ਤੋਂ ਤਿੰਨ ਮੀਲ ਦੂਰ ਸ਼ਹਿਰ 'ਚ ਮੈਂ ਅੱਠਵੀਂ ਕੀਤੀ। ਰੇਤ ਤੇ ਧੱਦਲ ਭਰੇ ਰਾਹ 'ਤੇ ਤੁਰਨਾ ਪੈਂਦਾ। ਰਸਤੇ 'ਚ ਇੱਕ ਰੋਹੀ ਪਾਰ ਕਰਨੀ ਪੈਂਦੀ। ਬਰਸਾਤੀ ਦਿਨਾਂ 'ਚ ਹੜ੍ਹ ਵਰਗੀ ਸਥਿਤੀ ਹੁੰਦੀ ਤਾਂ ਅਸੀਂ ਸਿਰ 'ਤੇ ਬਸਤਾ ਰੱਖ ਕੇ 'ਪੇਮੀ ਦੇ ਨਿਆਣੇ' ਕਹਾਣੀ ਦੇ ਪਾਤਰਾਂ ਵਾਂਗ ਰੱਬ ਨੂੰ ਯਾਦ ਕਰਦੇ ਹੋਏ ਪਾਰ ਲੰਘਦੇ। ਹੁਣ ਅਸੀਂ ਖ਼ੁਸ਼ ਹਾਂ ਕਿ ਸਾਡੇ ਪੋਤੇ-ਪੋਤੀਆਂ ਏ.ਸੀ. ਬੱਸਾਂ ਰਾਹੀਂ ਸਕੂਲ ਜਾਂਦੇ ਤੇ ਉੱਥੇ ਏ.ਸੀ. ਕਮਰਿਆਂ 'ਚ ਮੇਜ਼-ਕੁਰਸੀਆਂ 'ਤੇ ਬੈਠ ਕੇ ਪੜ੍ਹਦੇ ਹਨ। ਅਸੀਂ ਉਹ ਆਖ਼ਰੀ ਪੀੜ੍ਹੀ ਹਾਂ ਜਿਨ੍ਹਾਂ ਫੱਟੀਆਂ ਤੇ ਸਲੇਟ ਦੀ ਵਰਤੋਂ ਕੀਤੀ। ਬਜ਼ੁਰਗਾਂ ਤੋਂ ਬਾਤਾਂ, ਚੁਟਕਲੇ ਸੁਣਨਾ ਤੇ ਖੇਡਣਾ ਹੀ ਸਾਡੇ ਮਨੋਰੰਜਨ ਦੇ ਸਾਧਨ ਸਨ। ਹੁਣ ਤਾਂ ਬੱਸ ਮੋਬਾਈਲ ਜਾਂ ਟੀਵੀ ਹੀ ਰਹਿ ਗਏ ਹਨ। ਕਈ ਸ਼ਹਿਰਾਂ 'ਚ ਚੋਰ ਬਾਜ਼ਾਰ ਦੇ ਨਾਂ 'ਤੇ ਵਿਦੇਸ਼ੀ ਵਸਤਾਂ ਦੀ ਮਾਰਕੀਟ ਲੱਗਦੀ ਤੇ ਅਸੀਂ ਉਚੇਚੇ ਤੌਰ 'ਤੇ ਪਹੁੰਚਦੇ। ਅੱਜਕੱਲ੍ਹ ਹਰ ਸਟੋਰ 'ਤੇ ਬਰੈਂਡਡ ਵਸਤਾਂ ਮਿਲਦੀਆਂ ਹਨ, ਪਰ ਹੁਣ ਕੋਈ ਖ਼ਾਹਿਸ਼ ਹੀ ਨਹੀਂ ਰਹੀ।

ਇਹ ਸਭ ਪੁਰਾਣੀਆਂ ਯਾਦਾਂ ਦਾ ਖ਼ਜ਼ਾਨਾ ਸਾਡੇ ਨਾਲ ਹੀ ਸਿਮਟ ਜਾਵੇਗਾ, ਜੋ ਆਖ਼ਰੀ ਵੇਲੇ ਵੀ ਸਾਨੂੰ ਸਕੂਨ ਦੇ ਪਲ ਦੇਵੇਗਾ। ਅਸੀਂ ਵੱਡੇ ਤੇ ਸਾਂਝੇ ਪਰਿਵਾਰਾਂ 'ਚ ਭੈਣ-ਭਰਾਵਾਂ ਨਾਲ ਰਹਿੰਦੇ ਅਤੇ ਹੁਣ ਇੱਕ ਜਾਂ ਦੋ ਬੱਚਿਆਂ ਦੇ ਪਰਿਵਾਰ ਨਾਲ ਵੀ ਸਹਿਜ ਹਾਂ। ਅਸੀਂ ਆਖ਼ਰੀ ਪੀੜ੍ਹੀ ਹੋਵਾਂਗੇ ਜੋ ਆਪਣੇ ਬਜ਼ੁਰਗਾਂ, ਮਾਂ-ਬਾਪ ਤੇ ਖ਼ਾਸਕਰ ਪਿਤਾ ਤੋਂ ਬਹੁਤ ਡਰਦੇ ਸਾਂ। ਪਰ ਅੱਜ ਬੱਚਿਆਂ ਦਾ ਵਰਤਾਰਾ ਵੇਖ ਕੇ ਬੇਚੈਨ ਤੇ ਫ਼ਿਕਰਮੰਦ ਜ਼ਰੂਰ ਹੋ ਜਾਈਦਾ ਹੈ। ਹੁਣ ਬੱਚੇ ਪਦਾਰਥਵਾਦੀ ਹਨ ਤੇ ਸਾਨੂੰ ਬਦਲਦੇ ਹਾਲਾਤ ਅਨੁਸਾਰ ਬਦਲਣ ਲਈ ਨਸੀਹਤਾਂ ਦਿੰਦੇ ਹਨ। ਟੀ.ਵੀ. 'ਤੇ ਚੱਲ ਰਹੇ ਸੰਗੀਤ ਮੁਕਾਬਲੇ ਪ੍ਰੋਗਰਾਮ 'ਚ ਇੱਕ ਫਿਲਮੀ ਕਲਾਕਾਰ ਦੀ ਜ਼ੁਬਾਨੀ ਸੁਣੇ ਬੋਲ ਹਨ ਜੋ ਮੈਂ ਸਾਂਝੇ ਕਰਨਾ ਚਾਹੁੰਦੀ ਹਾਂ: ਬਚਪਨ 'ਚ ਗ਼ਰੀਬ ਸਾਂ ਤਾਂ ਇੱਕ ਕਮਰੇ 'ਚ ਸਾਰਾ ਪਰਿਵਾਰ ਰਹਿੰਦੇ। ਰਾਤ ਨੂੰ ਮੈਨੂੰ ਖੰਘ ਆਉਂਦੀ ਤਾਂ ਮਾਂ ਉੱਠ ਕੇ ਮੇਰੇ ਮੂੰਹ ਵਿੱਚ ਸ਼ਹਿਦ ਪਾ ਦਿੰਦੀ। ਹੁਣ ਸਭ ਦੇ ਵੱਖਰੇ ਕਮਰੇ ਹੋ ਗਏ ਹਨ। ਇੱਕ ਰਾਤ ਨਾਲ ਦੇ ਕਮਰੇ 'ਚ ਪਈ ਮਾਂ ਨੂੰ ਦਿਲ ਦਾ ਦੌਰਾ ਪੈ ਗਿਆ। ਮੈਨੂੰ ਦੁੱਖ ਹੈ ਕਿ ਉਸ ਨੇ ਆਵਾਜ਼ ਤਾਂ ਦਿੱਤੀ ਹੋਵੇਗੀ, ਪਰ ਮੈਨੂੰ ਸੁਣੀ ਨਹੀਂ।

ਇਹ ਵਾਰਤਾ ਅੱਜ ਦੇ ਪਦਾਰਥਵਾਦੀ ਤੇ ਆਧੁਨਿਕ ਯੁੱਗ ਵਿੱਚ ਸਾਡੀ ਪੀੜ੍ਹੀ ਦੇ ਹਾਲਾਤ ਦੀ ਹਕੀਕਤ ਬਿਆਨ ਕਰਦੀ ਹੈ। ਅਸੀਂ ਵੀ ਖ਼ਾਹਿਸ਼ਾਂ ਤੇ ਸੁਫ਼ਨੇ ਲੈਣੇ ਤਿਆਗ ਕੇ ਹਕੀਕਤ ਨੂੰ ਅਪਨਾਉਣ ਦੀ ਕੋਸ਼ਿਸ਼ 'ਚ ਹਾਂ। ਇਹ ਵੀ ਸੱਚ ਹੈ ਕਿ ਸਾਡੀ ਪੀੜ੍ਹੀ ਹੁਣ ਬਹੁਤ ਵੱਡੇ ਸੁਫ਼ਨੇ ਲੈਣ ਦੇ ਸਮਰੱਥ ਨਹੀਂ ਰਹੀ। ਬਦਲੇ ਹੋਏ ਨਵੇਂ ਜ਼ਮਾਨੇ ਤੋਂ ਬੇਜ਼ਾਰ ਹੋਣ ਦੀ ਬਜਾਏ ਅਸੀਂ ਇਸ ਦੇ ਨਾਲ ਚੱਲਣ ਦੀ ਕੋਸ਼ਿਸ਼ ਕਰਦੇ ਰਹਾਂਗੇ। ਸਮਾਂ ਪਲ ਪਲ ਅੱਗੇ ਜਾ ਰਿਹਾ ਹੈ ਤੇ ਇਸ ਨੂੰ ਸਹਿਜ, ਸਰਲ ਤੇ ਆਸਾਨ ਤਰੀਕੇ ਨਾਲ ਪਾਰ ਕਰ ਜਾਣ ਦੀ ਕੋਸ਼ਿਸ਼ 'ਚ ਹਨ ਮੇਰੀ ਇਸ ਪੀੜ੍ਹੀ ਦੇ ਬਾਸ਼ਿੰਦੇ। ਇਹ ਪੀੜ੍ਹੀ ਆਖ਼ਰੀ ਬੇਜੋੜ ਅਨੋਖੀ ਦੁਵੱਲੀ ਤੇ ਵੱਖਰੀ ਪਛਾਣ ਵਾਲੀ ਵਿਲੱਖਣ ਹੋ ਨਿਬੜੀ ਹੈ।

# ਖਲਨਾਇਕ ਤੋਂ ਨਾਇਕ...

ਲੇਖਕ : ਮੋਹਨ ਸ਼ਰਮਾ
ਸੰਪਰਕ: 94171-48866

ਸੱਤਾਧਾਰੀ ਸਿਆਸੀ ਆਗੂ ਅਤੇ ਪੁਲੀਸ ਤੇ ਸਿਹਤ ਵਿਭਾਗ ਦੇ ਅਧਿਕਾਰੀ ਜਿਸ ਤਰੀਕੇ ਨਾਲ ਪੰਜਾਬ ਦੇ ਨਸ਼ਿਆਂ ਦਾ ਲੱਕ ਤੋੜਨ, ਨਸ਼ੱਈਆਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਅਤੇ ਨਸ਼ੇ ਦੀ ਬਰਾਮਦਗੀ ਦਾ ਦਾਅਵਾ ਕਰਦੇ ਹਨ, ਦਰਅਸਲ ਜ਼ਮੀਨੀ ਪੱਧਰ ਦੀ ਹਾਲਤ ਇਸ ਤੋਂ ਬਿਲਕੁਲ ਵੱਖਰੀ ਹੈ। ਨਸ਼ਿਆਂ ਕਾਰਨ ਮੌਤਾਂ ਦੇ ਅੰਕੜਿਆਂ ਨੂੰ ਠੱਲ੍ਹ ਨਹੀਂ ਪਈ ਹੈ, ਲੁੱਟਾਂ-ਖੋਹਾਂ ਸ਼ਰੇਆਮ ਹੋ ਰਹੀਆਂ ਹਨ। ਹੁਣ ਤਾਂ ਇਹ ਨੌਬਤ ਆ ਗਈ ਹੈ ਕਿ ਕਈ ਥਾਈਂ ਜਦੋਂ ਨਸ਼ਾ ਤਸਕਰਾਂ ਦੇ ਘਰ ਪੁਲੀਸ ਰੇਡ ਕਰਦੀ ਹੈ ਤਾਂ ਇਸ ਦੀ ਸੂਚਨਾ ਉਨ੍ਹਾਂ ਕੋਲ ਪਹਿਲਾਂ ਹੀ ਪੁੱਜ ਜਾਂਦੀ ਹੈ ਅਤੇ ਉਹ ਡਾਂਗਾਂ, ਤਲਵਾਰਾਂ, ਰੋੜੇ, ਵੱਟੇ ਅਤੇ ਹੋਰ ਸਮਾਨ ਇਕੱਠਾ ਕਰ ਕੇ ਪੁਲੀਸ ਪਾਰਟੀ ਦਾ 'ਸਵਾਗਤ' ਕਰਨ ਲਈ ਤਿਆਰ ਹੋ ਜਾਂਦੇ ਹਨ। ਇਸ ਮੁਕਾਬਲੇ ਲਈ ਘਰ ਦੀਆਂ ਔਰਤਾਂ ਵੀ ਪਿੱਛੇ ਨਹੀਂ ਰਹਿੰਦੀਆਂ। ਕਈ ਥਾਈਂ ਨਸ਼ਾ ਵਿਰੋਧੀ ਫਰੰਟ ਬਣੇ ਹੋਏ ਹਨ। ਉਨ੍ਹਾਂ ਆਗੂਆਂ 'ਤੇ ਵੀ ਕਈ ਨਸ਼ਾ ਤਸਕਰਾਂ ਨੇ ਮਾਰੂ ਹਮਲੇ ਕੀਤੇ ਹਨ।

ਨਸ਼ਾ ਛੁਡਾਊ ਕੇਂਦਰ ਦੇ ਦਫ਼ਤਰ ਬੈਠਾ ਸਾਂ। ਦੋ ਪੁਲੀਸ ਕਰਮਚਾਰੀ ਇੱਕ ਨੌਜਵਾਨ ਨੂੰ ਲੈ ਕੇ ਆ ਗਏ। ਨੌਜਵਾਨ ਹੱਥਕੜੀਆਂ ਵਿੱਚ ਜਕੜਿਆ ਹੋਇਆ ਸੀ। ਉਸ ਦੇ ਮਾਂ-ਬਾਪ ਪਿੱਛੇ ਖੜੋਤੇ ਸਨ। ਉਨ੍ਹਾਂ ਦੇ ਚਿਹਰਿਆਂ 'ਤੇ ਘੋਰ ਚਿੰਤਾ ਦੇ ਚਿੰਨ੍ਹ ਸਨ। ਅੱਕੇ ਹੋਏ ਹੌਲਦਾਰ ਨੇ ਉਸ ਮੁੰਡੇ ਵੱਲ ਘੂਰਕੇ ਵਿੰਹਦਿਆਂ ਕਿਹਾ, "ਇਸ ਕੁੱਤੇ ਨੇ ਅੱਤ ਚੁੱਕ ਰੱਖੀ ਹੈ। ਨਸ਼ਿਆਂ ਕਾਰਨ ਚੋਰੀਆਂ, ਠੱਗੀਆਂ, ਲੁੱਟਾਂ-ਖੋਹਾਂ... ਬੱਸ ਜੀ, ਇਹਨੇ ਕੋਈ ਕਸਰ ਨਹੀਂ ਛੱਡੀ। ਬਾਰਵੀਂ ਵਿੱਚ ਪੜ੍ਹਦਿਆਂ ਇਹ ਪੁੱਠੇ ਕੰਮ ਵਿੱਚ ਪੈ ਗਿਆ। ਦੋ ਦਿਨ ਅਸੀਂ ਇਹਨੂੰ ਥਾਣੇ 'ਚ ਰੱਖਿਐ। ਥਾਣੇਦਾਰ ਭਲਾ ਮਾਣਸ ਐ, ਕਹਿੰਦਾ, "ਕੇਸ ਕਾਹਨੂੰ ਪਾਉਣੈ। ਇਹਦੀ ਜ਼ਿੰਦਗੀ ਰੁਲ ਜਾਵੇਗੀ। ਥੋਡੇ ਕੋਲ ਭੇਜਿਐ ਇਹਦਾ ਨਸ਼ਾ ਛੁਡਵਾਉਣ ਲਈ।" ਉਨ੍ਹਾਂ ਦੀ ਗੱਲ ਸੁਣਦਿਆਂ ਮੁੰਡੇ ਦੇ ਮਾਪਿਆਂ ਵੱਲ ਨਜ਼ਰ ਮਾਰੀ। ਉਨ੍ਹਾਂ ਦੀਆਂ ਅੱਖਾਂ 'ਚੋਂ ਪਰਲ-ਪਰਲ ਵਹਿੰਦੇ ਹੰਝੂ ਆਪਣੇ ਦਰਦ ਦਾ ਖਾਮੋਸ਼ੀ ਨਾਲ ਪ੍ਰਗਟਾਵਾ ਕਰ ਰਹੇ ਸਨ। ਮੁੰਡੇ ਤੋਂ ਇਲਾਜ ਕਰਵਾਉਣ ਲਈ ਸਹਿਮਤੀ ਪੁੱਛੀ। ਉਸ ਦੇ ਹਾਂ ਵਿੱਚ ਸਿਰ ਹਿਲਾਉਣ ਤੋਂ ਬਾਅਦ ਪੁਲੀਸ ਕਰਮਚਾਰੀਆਂ ਨੂੰ ਉਸ ਦੀ ਹੱਥਕੜੀ ਖੋਲ੍ਹਣ ਲਈ ਕਿਹਾ ਗਿਆ। ਸਬੰਧਿਤ ਪੇਪਰਾਂ 'ਤੇ ਦਸਤਖ਼ਤ ਕਰਵਾਉਣ ਤੋਂ ਬਾਅਦ ਮਾਪਿਆਂ ਨੂੰ ਹੌਸਲਾ ਦਿੰਦਿਆਂ ਕਿਹਾ, "ਫਿਕਰ ਨਾ ਕਰੋ, ਇਹਨੂੰ ਠੀਕ ਕਰਨ ਲਈ ਪੂਰੀ ਕੋਸ਼ਿਸ਼ ਕਰਾਂਗੇ। ਬੱਸ, ਤੁਸੀਂ ਵਾਰ-ਵਾਰ ਇੱਥੇ ਗੇੜਾ ਨਾ ਮਾਰਿਉ। ਟੈਲੀਫੋਨ 'ਤੇ ਹੀ ਇਸ ਸਬੰਧੀ ਪੁੱਛਦੇ ਰਹਿਣਾ। ਜਦੋਂ ਅਸੀਂ ਬੁਲਾਇਆ, ਉਸ ਸਮੇਂ ਜ਼ਰੂਰ ਆ ਜਾਣਾ।" ਇਹੋ ਸੁਨੇਹਾ ਮੈਂ ਪੁਲੀਸ ਕਰਮਚਾਰੀਆਂ ਨੂੰ ਦਿੱਤਾ।



ਨਿੱਜੀ ਅਨੁਭਵ ਦੇ ਆਧਾਰ 'ਤੇ ਲਿਖ ਰਿਹਾ ਹਾਂ ਕਿ ਅੰਦਾਜ਼ਨ ਦਸ ਕੁ ਦਿਨ ਨਸ਼ਈ ਮਰੀਜ਼ ਨਸ਼ਾ ਛੱਡਣ ਵੇਲੇ ਤੋੜ ਦਾ ਸ਼ਿਕਾਰ ਹੁੰਦਾ ਹੈ। ਉਸ ਵੇਲੇ ਉਸ ਦੀ ਖਾਸ ਦੇਖ-ਭਾਲ ਦੇ ਨਾਲ-ਨਾਲ ਦਵਾਈ ਦੇਣ ਦੀ ਲੋੜ ਹੁੰਦੀ ਹੈ। ਉਹ ਨੌਜਵਾਨ ਵੀ ਕੁਝ ਪੁਲੀਸ ਦੀ ਕੁੱਟਮਾਰ ਅਤੇ ਨਸ਼ਿਆਂ ਦੀ ਤੋੜ ਕਾਰਨ ਲਿਆਂਦਾ ਹੀ ਤੰਗ ਹੋਇਆ। ਡੇਢ ਕੁ ਹਫਤੇ ਬਾਅਦ ਨਸ਼ਾ ਰਹਿਤ ਹੋਣ ਦੇ ਚਿੰਨ੍ਹ ਸ਼ੁਰੂ ਹੋ ਗਏ। ਅਜਿਹੀ ਹਾਲਤ ਵਿੱਚ ਹੀ ਉਸ ਨਾਲ ਚੰਗੀ ਤਰ੍ਹਾਂ ਗੱਲਬਾਤ ਕੀਤੀ ਜਾ ਸਕਦੀ ਹੈ। ਇਸ ਤੋਂ ਪਹਿਲਾਂ ਤਾਂ ਉਸ ਦੇ ਹਿੱਸੇ ਹੌਸਲਾ, ਪਿਆਰ ਅਤੇ ਦਵਾਈ ਆਉਣੀ ਚਾਹੀਦੀ ਹੈ। ਹੋਰਾਂ ਸਾਥੀਆਂ ਨਾਲ ਉਸ ਨੇ ਘੁਲਣਾ-ਮਿਲਣਾ ਵੀ ਸ਼ੁਰੂ ਕਰ ਦਿੱਤਾ। ਪਿਛਲੇ ਕੀਤੇ ਗੁਨਾਹਾਂ ਤੇ ਉਹ ਪਛਤਾਵਾ ਵੀ ਕਰਨ ਲੱਗ ਪਿਆ ਸੀ। ਇਹ ਦਿਨ ਭਰੇ ਮਨ ਨਾਲ ਉਹਨੇ ਦੱਸਿਆ, "ਜਦੋਂ ਜੀ ਨਸ਼ੇ ਦੀ ਤੋੜ ਲੱਗੀ ਹੋਵੇ, ਉਦੋਂ ਕੋਈ ਚੰਗਾ ਮਾੜਾ ਨਹੀਂ ਸੁੱਝਦਾ। ਨਸ਼ੇ ਦੀ ਤੋੜ ਵਿੱਚ ਮਾਂ-ਬਾਪ ਤੋਂ ਪੈਸੇ ਮੰਗਣ 'ਤੇ ਜਦੋਂ ਇਨ੍ਹਾਂ ਨੇ ਪੈਸੇ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ, ਫਿਰ ਮੈਂ ਮਾਪਿਆਂ ਨੂੰ ਕਈ ਵਾਰ ਬੁਰੀ ਤਰ੍ਹਾਂ ਕੁੱਟਿਆ ਵੀ। ਫਿਰ ਮੈਂ ਆਪਣਾ ਗੈਂਗ ਬਣਾ ਲਿਆ। ਲੁੱਟਾਂ-ਖੋਹਾਂ, ਬਦਮਾਸ਼ੀਆਂ, ਚੋਰੀਆਂ, ਨਸ਼ੇ ਵੇਚਣੇ ਸਾਡਾ ਰੋਜ਼ ਦਾ ਕੰਮ ਸੀ। ਕਈ ਪੁਲੀਸ ਵਾਲੇ ਵੀ ਅੜੇ-ਥੁੜੇ ਵੇਲੇ ਸਾਡੇ ਕੋਲੋਂ ਨਸ਼ੇ ਦੀ ਮੰਗ ਕਰਦੇ ਸਨ। ਛਾਪਾ ਮਾਰਨ ਵੇਲੇ ਸਾਨੂੰ ਪਹਿਲਾਂ ਇਤਲਾਹ ਵੀ ਦੇ ਦਿੰਦੇ। ਸੱਚ ਮੰਨਿਓ ਸਰ, ਰੋਜ਼ ਤਲੀ 'ਤੇ ਜਾਨ ਰੱਖ ਕੇ ਤੁਰੇ ਫਿਰਦੇ ਸੀ। ਕੋਈ ਰਿਸ਼ਤੇਦਾਰ ਮੂੰਹ ਨਹੀਂ ਸੀ ਲਾਉਂਦਾ। ਵਿਆਹੀ ਵਰੀ ਭੈਣ ਨੇ ਵੀ ਕਹਿ ਦਿੱਤਾ ਸੀ ਕਿ ਇਨ੍ਹਾਂ ਕਰਤੂਤਾਂ ਕਰ ਕੇ ਸਾਡਾ ਘਰ ਖਰਾਬ ਨਾ ਕਰੀਂ। ਇਥੇ ਆਉਣ ਦੀ ਲੋੜ ਨਹੀਂ।... ਥੋਡੇ ਅੱਗੇ ਝੂਠ ਨਹੀਂ ਬੋਲਦਾ, ਜੇ ਤੁਹਾਡੀ ਸ਼ਰਨ ਵਿੱਚ ਨਾ ਆਉਂਦਾ ਤਾਂ ਕੰਧ 'ਤੇ ਮੇਰੀ ਫੋਟੋ 'ਤੇ ਹਾਰ ਪਾਇਆ ਹੁੰਦਾ।" ਉਹਦੇ ਨੈਣਾਂ 'ਚੋਂ ਵਹਿੰਦੇ ਅੱਥਰੂ ਉਹਦੇ ਸੱਚਾ ਹੋਣ ਦੀ ਗਵਾਹੀ ਭਰ ਰਹੇ ਸਨ।

ਦਰਅਸਲ, ਨਸ਼ਾ ਕਰਨ ਵਾਲੇ ਜ਼ਿੰਦਗੀ ਦੇ ਖਲਨਾਇਕ ਨਹੀਂ, ਪੀੜਤ ਹਨ। ਕੁੱਟਮਾਰ, ਸਰੀਰਕ ਤਸੀਹੇ, ਜ਼ਲਾਲਤ ਇਨ੍ਹਾਂ ਦਾ ਇਲਾਜ ਨਹੀਂ। ਜੇਕਰ ਅਜਿਹਾ ਸੰਭਵ ਹੁੰਦਾ ਤਾਂ ਥਾਣੇ ਜਾਂ ਜੇਲ੍ਹਾਂ ਵਿੱਚੋਂ ਨਸ਼ਈ ਚੰਗੇ ਬੰਦੇ ਬਣ ਕੇ ਨਿਕਲਦੇ। ਦਾਖਲ ਨਸ਼ਈ ਨੌਜਵਾਨ ਨੂੰ ਵੀ ਪੀੜਤ ਨੌਜਵਾਨ ਸਮਝ ਕੇ ਉਸ ਨੂੰ ਧਰਮ, ਸਾਹਿਤ ਅਤੇ ਕਿਰਤ ਦੇ ਸੰਕਲਪ ਨਾਲ ਜੋੜ ਕੇ ਜ਼ਿੰਦਗੀ ਦੇ ਸਹੀ ਮਾਰਗ 'ਤੇ ਤੁਰਨ ਦਾ ਸੁਨੇਹਾ ਦਿੱਤਾ। ਸਿਮਰਨ ਹਮੇਸ਼ਾ ਉਹਦੇ ਕੋਲ ਹੁੰਦਾ ਸੀ ਅਤੇ ਸਮੇਂ-ਸਮੇਂ ਸਿਰ ਇਕਾਂਤ ਵਿੱਚ ਬੈਠ ਕੇ ਪਾਠ ਕਰਦਾ ਰਹਿੰਦਾ। ਉਸਾਰੂ ਸਾਹਿਤ ਅਧਿਐਨ ਲਈ ਨਸ਼ਾ ਛੁਡਾਊ ਕੇਂਦਰ ਵਿੱਚ ਬਣਾਈ ਲਾਇਬ੍ਰੇਰੀ ਵਿੱਚੋਂ ਉਹ ਕਿਤਾਬਾਂ ਕਢਵਾ ਕੇ ਪੜ੍ਹਦਾ ਰਹਿੰਦਾ। ਕਿਰਤ ਦਾ ਸੰਕਲਪ ਵੀ ਉਹਦੇ ਅੰਗ-ਸੰਗ ਸੀ। ਬੂਟਿਆਂ ਦੀ ਸੰਭਾਲ, ਕੈਂਪਸ ਦੀ ਸਾਫ-ਸਫਾਈ ਜਿਹੇ ਕਾਰਜਾਂ ਵਿੱਚ ਵੀ ਉਹ ਰੁਝਿਆ ਰਹਿੰਦਾ। ਸਾਰੇ ਦਾਖਲ ਨਸ਼ੱਈ ਮਰੀਜ਼ਾਂ ਨੂੰ ਰੋਟੀ ਵਰਤਾਉਣ ਮਗਰੋਂ ਹੀ ਉਹ ਆਪ ਰੋਟੀ ਖਾਂਦਾ। ਦਾਖਲ ਹੋਣ ਸਮੇਂ ਉਹਦੇ ਚਿਹਰੇ 'ਤੇ ਉਕਰੀਆਂ ਖੂੰਖਾਰ ਰੇਖਾਵਾਂ ਹੁਣ ਲੋਪ ਹੋ ਚੁੱਕੀਆਂ ਸਨ। ਸਾਊ ਅਤੇ ਨੇਕ ਨੌਜਵਾਨ ਦੀ ਸ਼ਖ਼ਸੀਅਤ ਉੱਭਰ ਕੇ ਸਾਹਮਣੇ ਆ ਰਹੀ ਸੀ।

ਇੱਕ ਦਿਨ ਯੋਗ ਕਰਵਾਉਣ ਵੇਲੇ ਮੈਂ ਉਹਨੂੰ ਮੁਖ਼ਾਤਿਬ ਹੋ ਕੇ ਕਿਹਾ, "ਇਸ ਚੰਗੇ ਮਾਰਗ 'ਤੇ ਚੱਲਦਾ ਰਹਿ। ਤੇਰੇ ਨਾਲ ਵਾਅਦਾ ਹੈ ਕਿ ਜਿਹੜੇ ਥਾਣੇ 'ਚੋਂ ਤੈਨੂੰ ਹੱਥਕੜੀ ਲਾ ਕੇ ਲਿਆਂਦਾ ਗਿਆ ਸੀ, ਉਸੇ ਥਾਣੇ ਦਾ ਥਾਣੇਦਾਰ ਤੇਰੇ ਗਲ ਵਿੱਚ ਹਾਰ ਪਾ ਕੇ ਤੈਨੂੰ ਆਪਣੀ ਗੱਡੀ ਵਿੱਚ ਬਿਠਾ ਕੇ ਤੇਰੇ ਘਰ ਛੱਡ ਕੇ ਆਵੇਗਾ। ਤੇਰੇ ਮਾਂ ਬਾਪ ਨੂੰ ਵੀ ਸੱਦਾਂਗਾ। ਤੈਨੂੰ ਮਿਲਣ ਪਿੱਛੋਂ ਉਨ੍ਹਾਂ ਦੀਆਂ ਅੱਖਾਂ 'ਚ ਹੰਝੂ ਨਹੀਂ, ਚਿਹਰੇ 'ਤੇ ਮੁਸਕਰਾਹਟ ਹੋਵੇਗੀ।" ਉਹਨੇ ਵੀ ਵਾਅਦਾ ਕੀਤਾ ਕਿ ਉਹ ਹੁਣ ਨੇਕੀ ਦੇ ਰਾਹ ਚੱਲ ਕੇ ਵਧੀਆ ਜ਼ਿੰਦਗੀ ਬਤੀਤ ਕਰੇਗਾ, ਆਪਣੇ ਮਾਪਿਆਂ ਦੀ ਸੇਵਾ ਵੀ ਕਰੇਗਾ।

ਚੰਗੀ ਤਰ੍ਹਾਂ ਠੀਕ ਹੋਣ ਤੋਂ ਬਾਅਦ ਉਹਦੇ ਮਾਪਿਆਂ ਨੂੰ ਆਉਣ ਲਈ ਸੁਨੇਹਾ ਦਿੱਤਾ। ਨਾਲ ਹੀ ਥਾਣੇਦਾਰ ਨੂੰ ਵੀ ਬੇਨਤੀ ਕੀਤੀ ਕਿ ਇਹਨੂੰ ਲੈਣ ਲਈ ਤੁਸੀਂ ਆਪ ਆਵੋ। ਤੈਅ ਕੀਤੇ ਦਿਨ ਥਾਣੇਦਾਰ ਨਸ਼ਾ ਛੁਡਾਊ ਕੇਂਦਰ ਪੁੱਜ ਗਿਆ। ਮਾਪੇ ਵੀ ਆ ਗਏ। ਮਾਪਿਆਂ ਨਾਲ ਮੁੰਡੇ ਦੀ ਭੈਣ ਅਤੇ ਭਣੋਈਆ ਵੀ ਆਏ ਸਨ। ਅੰਦਾਜ਼ਨ ਡੇਢ ਕੁ ਮਹੀਨੇ ਬਾਅਦ ਮਾਪਿਆਂ ਨੇ ਆਪਣੇ ਇਕਲੌਤੇ ਪੁੱਤ ਨੂੰ ਮਿਲਣਾ ਸੀ। ਸ਼ਹਿਰ ਦੀਆਂ ਕੁਝ ਨਾਮਵਾਰ ਸ਼ਖ਼ਸੀਅਤਾਂ ਵੀ ਬੁਲਾਈਆਂ। ਮੁੰਡੇ ਨੂੰ ਵਿਦਾਅ ਕਰਨ ਲਈ ਸੰਖੇਪ ਜਿਹਾ ਸਮਾਗਮ ਕੀਤਾ। ਤੰਦਰੁਸਤ, ਨਸ਼ਾ ਰਹਿਤ ਨੌਜਵਾਨ ਜਦੋਂ ਆਪਣੇ ਮਾਪਿਆਂ ਦੇ ਪੈਰਾਂ ਵਿੱਚ ਝੁਕਿਆ ਤਾਂ ਮਾਂ ਬਾਪ ਦੀਆਂ ਅੱਖਾਂ ਵਿੱਚ ਖ਼ੁਸ਼ੀ ਦੇ ਹੰਝੂ ਸਨ। ਇਕਲੌਤੀ ਭੈਣ ਵਾਰ-ਵਾਰ ਆਪਣੇ ਵੀਰ ਦਾ ਮੱਥਾ ਚੁੰਮ ਰਹੀ ਸੀ। ਨਾਲ ਖੜ੍ਹਾ ਭਣੋਈਆ ਵੀ ਉਹਨੂੰ ਬੁੱਕਲ ਵਿੱਚ ਲੈ ਰਿਹਾ ਸੀ।

ਤਾੜੀਆਂ ਦੀ ਗੂੰਜ ਵਿੱਚ ਥਾਣੇਦਾਰ ਨੇ ਜਦੋਂ ਉਸ ਦੇ ਗਲ ਵਿੱਚ ਹਾਰ ਪਾ ਕੇ ਮੁਸਕਰਾਉਂਦਿਆਂ ਕਿਹਾ, "ਸੱਚੀਂ, ਹੁਣ ਤੂੰ ਹੀਰੋ ਲੱਗਦੈਂ। ਮੇਰੇ ਵਾਲੀ ਗੱਡੀ ਵਿੱਚ ਬੈਠ, ਤੈਨੂੰ ਘਰ ਛੱਡ ਕੇ ਆਵਾਂ।" ਬਾਹਰੋਂ ਆਈਆਂ ਸ਼ਖ਼ਸੀਅਤਾਂ ਨੇ ਵੀ ਉਹਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਜਾਣ ਲੱਗਿਆਂ ਉਹਦੀ ਭੈਣ ਨੇ ਕਿਹਾ, "ਇੱਕ ਵਾਰ ਘਰ ਜਾਣ ਤੋਂ ਬਾਅਦ ਮੈਂ ਇਹਨੂੰ ਆਪ ਨਾਲ ਲੈ ਜਾਵਾਂਗੀ। ਮੇਰੇ ਪਤੀ ਰਾਜ ਮਿਸਤਰੀ ਨੇ। ਉਨ੍ਹਾਂ ਕੋਲੋਂ ਕੰਮ ਸਿੱਖ ਲਵੇਗਾ। ਪੁਰਾਣੀ ਸੰਗਤ ਤੋਂ ਵੀ ਖਹਿੜਾ ਛੁੱਟੂ।"

ਗਲ ਵਿੱਚ ਹਾਰ ਪਾਈ ਜੇਤੂ ਨਜ਼ਰਾਂ ਨਾਲ ਉਹ ਥਾਣੇਦਾਰ ਦੀ ਜੀਪ ਵੱਲ ਵਧ ਰਿਹਾ ਸੀ।

# ਪੇਂਡੂ ਸਮਾਜਿਕ ਜੀਵਨ ਦਾ ਖੋਰਾ ਅਤੇ ਝੋਰਾ



ਲੇਖਕ : ਪ੍ਰੋ. ਮੇਹਰ ਮਾਣਕ

ਭਾਰਤ ਉਹ ਦੇਸ਼ ਹੈ ਜਿਸ ਕੋਲ ਦੁਨੀਆ ਦਾ ਸਿਰਫ 2.4 ਫੀਸਦੀ ਖੇਤਰ ਹੈ ਅਤੇ ਜਿੱਥੇ ਦੁਨੀਆ ਦੀ ਕੁੱਲ ਵੱਸੋਂ ਦੀ 17.6 ਫੀਸਦੀ ਆਬਾਦੀ ਰਹਿੰਦੀ ਹੈ। ਇਥੋਂ ਦੀ 60 ਫੀਸਦੀ ਆਬਾਦੀ ਖੇਤੀਬਾੜੀ ਦੇ ਕੰਮ ਕਾਜ ਵਿੱਚ ਲੱਗੀ ਹੋਈ ਹੈ ਅਤੇ ਉਹ ਜੀਡੀਪੀ ਦਾ 10 ਫੀਸਦੀ ਯੋਗਦਾਨ ਪਾ ਰਹੀ ਹੈ। ਦੇਸ਼ ਵਿੱਚ ਕਿਸਾਨਾਂ ਦੀ ਗਿਣਤੀ 50 ਫੀਸਦੀ ਤੋਂ ਵੀ ਵੱਧ ਹੈ। ਜੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਇਕੱਠਿਆਂ ਰੱਖ ਕੇ 2018-19 ਦੇ ਅੰਕੜਿਆਂ ਉੱਤੇ ਨਿਗਾਹ ਮਾਰੀ ਜਾਵੇ ਤਾਂ 42.45 ਫੀਸਦੀ ਰੁਜ਼ਗਾਰ ਖੇਤੀ ਖੇਤਰ ਵਿੱਚ ਹੀ ਸੀ ਅਤੇ ਇਨ੍ਹਾਂ ਵਿਚੋਂ ਜ਼ਿਆਦਾ ਗਿਣਤੀ ਕਿਸਾਨਾਂ ਦੀ ਸੀ। ਇਨ੍ਹਾਂ 10.20 ਕਰੋੜ ਕਿਸਾਨਾਂ ਵਿੱਚੋਂ ਜ਼ਿਆਦਾਤਰ ਸੀਮਾਂਤ (72.6 ਫੀਸਦੀ) ਅਤੇ ਛੋਟੇ ਕਿਸਾਨ (16.4 ਫੀਸਦੀ) ਸਨ। ਇਸ ਤੋਂ ਇਲਾਵਾ 25 ਏਕੜ ਤੋਂ ਵੱਧ ਵਾਲੇ ਜਿਨ੍ਹਾਂ ਨੂੰ ਵੱਡੇ ਜਾਂ ਧਨੀ ਕਿਸਾਨ ਕਿਹਾ ਜਾਂਦਾ ਹੈ, ਸਿਰਫ 0.3 ਫੀਸਦੀ ਸਨ। ਇਉਂ ਭਾਰਤ ਦੇ ਖੇਤੀ ਅਰਥਚਾਰੇ ਅੰਦਰ ਕਿਸਾਨੀ ਦੀਆਂ ਹੇਠਲੀਆਂ ਪਰਤਾਂ ਮੁੱਖ ਧੁਰੇ ਦੇ ਤੌਰ ਉੱਤੇ ਆਪਣਾ ਰੋਲ ਨਿਭਾਉਂਦੀਆਂ ਹਨ। ਜੇ ਕੀਮਤਾਂ ਦੀ ਗੱਲ ਕਰੀਏ ਤਾਂ ਡੀਜ਼ਲ ਦਾ ਰੇਟ 110 ਗੁਣਾ, ਖਾਦਾਂ ਦਾ 110 ਤੋਂ 140 ਗੁਣਾ ਤੇ ਖੇਤੀ ਮਸ਼ੀਨਰੀ ਦੇ ਰੇਟ 60 ਤੋਂ 70 ਗੁਣਾ ਵਧੇ; ਖੇਤੀ ਜਿਣਸਾਂ ਦਾ ਭਾਅ 30 ਗੁਣਾ ਤੋਂ ਵੀ ਨਹੀਂ ਵਧਿਆ। ਖੇਤੀ ਵਿੱਚ ਖਰਚਿਆਂ/ਲਾਗਤਾਂ ਦਾ ਲਗਾਤਾਰ ਵਧਣਾ, ਪਰਿਵਾਰ ਸਮੇਤ ਲੱਕ ਤੋੜਵੀਂ ਮਿਹਨਤ ਕਰ ਕੇ ਜਿਣਸਾਂ ਦਾ ਵਾਜਿਬ ਭਾਅ ਨਾ ਮਿਲਣਾ ਅਤੇ ਕਰਜ਼ੇ ਦੇ ਵਧਦੇ ਦਬਾਅ ਕਾਰਨ ਕਿਸਾਨੀ ਭਾਈਚਾਰਾ ਖੁਦ ਨੂੰ ਆਰਥਿਕ, ਸਮਾਜਿਕ ਅਤੇ ਮਾਨਸਿਕ ਤੌਰ 'ਤੇ ਟੁੱਟਿਆ ਮਹਿਸੂਸ ਕਰ ਰਿਹਾ ਹੈ। ਨੈਸ਼ਨਲ ਸੈਂਪਲ ਸਰਵੇ ਦੀ ਸੰਨ 2002 ਦੀ ਰਿਪੋਰਟ ਅਨੁਸਾਰ, 40 ਫ਼ੀਸਦੀ ਕਿਸਾਨਾਂ ਨੇ ਬੋਝਲ ਹੋ ਰਹੀ ਖੇਤੀਬਾੜੀ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਹੈ। ਇਹ ਰਿਪੋਰਟ ਦੋ ਦਹਾਕੇ ਪਹਿਲਾਂ ਦੀ ਹੈ, ਅੱਜ ਹਾਲਾਤ ਬਿਹਤਰ ਹੋਣ ਦੀ ਥਾਂ ਹੋਰ ਗੰਭੀਰ ਹੋ ਚੁੱਕੇ ਹਨ।

ਫ਼ਨਬਸਪ;ਕੇਂਦਰ ਸਰਕਾਰ ਦੇ ਕੁੱਲ ਖਰਚੇ ਵਿੱਚ ਖੇਤੀਬਾੜੀ ਲਈ ਰੱਖੇ ਖਰਚਿਆਂ ਦੇ ਅਨੁਪਾਤ ਅਨੁਸਾਰ, 2020 ਵਿੱਚ 4.83 ਫੀਸਦੀ, 2021 ਵਿੱਚ 4.05, 2022 ਵਿੱਚ 3.68, 2023 ਵਿੱਚ 3.08, 2024 ਵਿੱਚ 3.09 ਅਤੇ ਇਸ ਸਾਲ (2025 ਲਈ) 3.06 ਫੀਸਦੀ ਖੇਤੀ ਖੇਤਰ ਲਈ ਰੱਖੇ ਹਨ। ਇਸ ਤੋਂ ਸਰਕਾਰ ਦੇ ਖੇਤੀ ਖੇਤਰ ਬਾਰੇ ਨਜ਼ਰੀਏ ਦਾ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ਹੋਰ ਤਾਂ ਹੋਰ, ਦਿਨ-ਬਦਿਨ ਨਿੱਘਰ ਰਹੇ ਖੇਤੀ ਅਰਥਚਾਰੇ ਨਾਲ ਸਬੰਧਿਤ 'ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ' ਉੱਤੇ ਸਰਕਾਰੀ ਖਰਚ ਵਧਾਉਣ ਦੀ ਥਾਂ ਪਿਛਲੇ ਸਾਲ ਦੇ 15864 ਕਰੋੜ ਰੁਪਏ ਤੋਂ ਘਟਾ ਕੇ 12242 ਕਰੋੜ ਰੁਪਏ ਕਰ ਦਿੱਤਾ ਗਿਆ। ਭਾਰਤ ਦੇ ਬਹੁਤ ਸਾਰੇ ਸੂਬਿਆਂ ਜਿਵੇਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਕਰਨਾਟਕ, ਮਹਾਰਾਸ਼ਟਰ ਵਿੱਚ ਵਧ ਰਹੇ ਆਰਥਿਕ ਮੰਦਵਾੜੇ ਕਾਰਨ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਕਿਸਾਨ ਆਤਮ-ਘਾਤ ਦੇ ਰਸਤੇ ਪੈ ਚੁੱਕੇ ਹਨ। ਇਨ੍ਹਾਂ ਵਿੱਚ ਬਹੁਗਿਣਤੀ ਨੌਜਵਾਨ ਗ਼ਰੀਬ ਕਿਸਾਨ ਅਤੇ ਪੇਂਡੂ ਮਜ਼ਦੂਰਾਂ ਦੀ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਮੁਤਾਬਿਕ, 1995 ਤੋਂ 2022-23 ਤੱਕ ਦੇਸ਼ ਵਿੱਚ 4.5 ਲੱਖ ਕਿਸਾਨ ਆਤਮ-ਹੱਤਿਆਵਾਂ ਕਰ ਚੁੱਕੇ ਹਨ।

ਕਿਸਾਨੀ ਕਰਜ਼ੇ 'ਤੇ ਨਿਗ੍ਹਾ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਕੌਮੀ ਪੱਧਰ ਉੱਤੇ ਹਰ ਕਿਸਾਨ ਪਰਿਵਾਰ ਸਿਰ ਔਸਤਨ 74121 ਰੁਪਏ ਕਰਜ਼ਾ ਹੈ। ਪੰਜਾਬ ਵਿੱਚ 2.05 ਲੱਖ ਰੁਪਏ, ਹਰਿਆਣਾ ਵਿੱਚ 1.83 ਲੱਖ, ਹਿਮਾਚਲ ਪ੍ਰਦੇਸ਼ ਵਿੱਚ 85285 ਅਤੇ ਜੰਮੂ ਕਸ਼ਮੀਰ ਵਿੱਚ 30435 ਰੁਪਏ ਹਰ ਕਿਸਾਨ ਪਰਿਵਾਰ ਸਿਰ ਕਰਜ਼ਾ ਹੈ। 1997 ਵਿੱਚ ਪੰਜਾਬ ਦੀ ਕਿਸਾਨੀ ਸਿਰ 5700 ਕਰੋੜ ਰੁਪਏ ਦਾ ਕਰਜ਼ਾ ਸੀ, ਉਹ 2022-23 ਵਿੱਚ ਵਧ ਕੇ 73673 ਕਰੋੜ ਰੁਪਏ ਤੱਕ ਪਹੁੰਚ ਗਿਆ। ਕਰਜ਼ਦਾਰੀ ਦੀ ਪੰਡ ਦਿਨ-ਬਦਿਨ ਭਾਰੀ ਹੋ ਰਹੀ ਹੈ। ਇਸੇ ਆਰਥਿਕ ਬੇਵਸੀ ਅਤੇ ਨਿਰਾਸ਼ਾ ਵਿੱਚੋਂ ਹੀ ਕਦੇ ਕਿਸਾਨ ਆਤਮ-ਹੱਤਿਆ ਕਰਦਾ ਹੈ ਅਤੇ ਕਦੇ ਉਹ ਅੰਦੋਲਨ ਦਾ ਰਸਤਾ ਅਖ਼ਤਿਆਰ ਕਰਦਾ ਹੈ।

ਵੱਖ-ਵੱਖ ਅਧਿਐਨਾਂ ਮੁਤਾਬਿਕ, ਪੰਜਾਬ ਦੇ ਪੇਂਡੂ ਖੇਤਰ ਵਿੱਚ ਹੁਣ ਤੱਕ ਤਕਰੀਬਨ 30 ਹਜ਼ਾਰ ਆਤਮ-ਹੱਤਿਆਵਾਂ ਹੋ ਚੁੱਕੀਆਂ ਹਨ ਜੋ ਕਿਸਾਨ ਅੰਦੋਲਨ ਦੀ ਜਾਗਰੂਕਤਾ ਅਤੇ ਸਮਾਜਿਕ ਸਮੂਹਿਕ ਵਾਰਸ ਦੇਣ ਦੇ ਬਾਵਜੂਦ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਸਿਆਸੀ ਅਣਦੇਖੀ ਕਾਰਨ ਪੇਂਡੂ ਸਮਾਜ ਖੁਦ ਨੂੰ ਲੁੱਟਿਆ ਅਤੇ ਟੁੱਟਿਆ ਮਹਿਸੂਸ ਕਰ ਰਿਹਾ ਹੈ। ਹੋਰ ਤਾਂ ਹੋਰ, ਖੇਤੀ ਪ੍ਰਧਾਨ ਸਾਡਾ ਦੇਸ਼ ਅਜੇ ਤੱਕ ਸਾਜ਼ਗਾਰ ਖੇਤੀ ਨੀਤੀ ਨਹੀਂ ਬਣਾ ਸਕਿਆ। ਖੇਤੀ ਖੇਤਰ ਨੂੰ ਭਾਵੇਂ ਰਾਜਾਂ ਦੇ ਅਧਿਕਾਰ ਖੇਤਰ ਵਿੱਚ ਰੱਖਿਆ ਗਿਆ ਹੈ ਪਰ ਨਾ ਕੇਂਦਰ ਅਤੇ ਨਾ ਹੀ ਰਾਜਾਂ ਨੇ ਪੇਂਡੂ ਅਰਥਚਾਰੇ ਦੇ ਸਮੂਹਿਕ ਵਿਕਾਸ ਲਈ ਹੁਣ ਤੱਕ ਕੋਈ ਐਸੀ ਬੱਝਵੀਂ ਨੀਤੀ ਤਿਆਰ ਕੀਤੀ ਹੈ ਜਿਸ ਨਾਲ ਖੇਤੀ ਖੇਤਰ ਦਾ ਕੌਮਾਂਤਰੀ ਹਾਲਤਾਂ ਮੁਤਾਬਿਕ ਬਹੁਦਿਸ਼ਾਵੀ ਵਿਕਾਸ ਹੋ ਸਕੇ।

2020 ਵਿੱਚ ਕੇਂਦਰ ਸਰਕਾਰ ਨੇ ਤਿੰਨ ਕਾਨੂੰਨ ਲਿਆਂਦੇ ਜਿਨ੍ਹਾਂ ਦਾ ਮਕਸਦ ਖੇਤੀ ਦੇ ਬਹੁਪਰਤੀ ਸਮਾਜਿਕ ਸਮੂਹਿਕ ਵਿਕਾਸ ਦੀ ਥਾਂ ਕਾਰਪੋਰੇਟੀ ਵਿਕਾਸ ਸੀ। ਕਿਸਾਨਾਂ ਨੂੰ ਲੰਮਾ ਅੰਦੋਲਨ ਕਰ ਕੇ ਇਹ ਕਾਨੂੰਨ ਵਾਪਸ ਕਰਵਾਉਣੇ ਪਏ। ਹੁਣ ਕੇਂਦਰ ਸਰਕਾਰ ਮੰਡੀ ਖਰੜੇ ਰਾਹੀਂ ਇਹੀ ਕਾਨੂੰਨ ਟੇਢੇ ਢੰਗ ਨਾਲ ਲਾਗੂ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਖਰੜੇ ਵਿੱਚ ਕਿਹਾ ਗਿਆ ਹੈ ਕਿ ਪ੍ਰਚੱਲਤ ਏਪੀਐੱਮਸੀ ਮੰਡੀਆਂ ਜ਼ਿਆਦਾਤਰ ਮੰਡੀ ਫੀਸ ਅਤੇ ਹੋਰ ਫੀਸਾਂ ਇਕੱਠੀਆਂ ਕਰਨ ਵਿੱਚ ਹੀ ਲੱਗੀਆਂ ਹੋਈਆਂ ਹਨ। ਖਰੜੇ ਦੇ 12 ਨੁਕਾਤੀ ਪ੍ਰੋਗਰਾਮ ਦਾ ਸਭ ਤੋਂ ਪਹਿਲਾਂ ਸੁਧਾਰ ਹੋਲਸੇਲ ਮੰਡੀਆਂ ਬਣਾਉਣ ਲਈ ਖੁੱਲ੍ਹ ਦੇਣਾ ਹੈ। ਇਸ ਮੰਡੀ ਖਰੜੇ ਤਹਿਤ ਪ੍ਰਾਸੈਸਿੰਗ, ਬਰਾਮਦ, ਸੰਗਠਿਤ ਪ੍ਰਚੂਨ ਵਿਕਰੇਤਾ ਅਤੇ ਥੋਕ ਖਰੀਦਦਾਰਾਂ ਨੂੰ ਸਿੱਧਾ ਖੇਤਾਂ ਵਿੱਚੋਂ ਹੀ ਖ਼ਰੀਦ ਕਰਨ ਦੀ ਮਨਜ਼ੂਰੀ ਦੀ ਗੱਲ ਕਹੀ ਗਈ ਹੈ; ਕਿਹਾ ਗਿਆ ਹੈ ਕਿ ਵੇਅਰ ਹਾਊਸ, ਸਾਈਲੋਜ਼, ਕੋਲਡ ਸਟੋਰਾਂ ਨੂੰ ਫੜ੍ਹ ਐਲਾਨਿਆ ਜਾਵੇ। ਇਸ ਤੋਂ ਇਲਾਵਾ ਰਾਜ ਵਿੱਚ ਇੱਕ ਵਾਰੀ ਹੀ ਮੰਡੀ ਫੀਸ ਲਈ ਜਾਵੇ ਅਤੇ ਟਰੇਡਿੰਗ ਲਈ ਸਿਰਫ ਇੱਕ ਹੀ ਲਾਇਸੈਂਸ ਨੂੰ ਰਾਜ ਦੀਆਂ ਸਾਰੀਆਂ ਮੰਡੀਆਂ ਲਈ ਪ੍ਰਵਾਨਗੀ ਹੋਵੇ।

ਇਉਂ ਇਸ ਖਰੜੇ ਰਾਹੀਂ ਜਿੱਥੇ ਬੜੀ ਚੁਸਤੀ ਨਾਲ ਕਿਸਾਨੀ ਫਾਇਦਿਆਂ ਦੇ ਪਰਦੇ ਹੇਠ ਦਿਓਕੱਦ ਤਾਕਤਾਂ ਦੇ ਨਫਿਆਂ ਲਈ ਰਾਹ ਮੋਕਲਾ ਕੀਤਾ ਜਾ ਰਿਹਾ ਹੈ ਉੱਥੇ ਏਪੀਐੱਮਸੀ ਦੇ ਮੁਕਾਬਲੇ ਪ੍ਰਾਈਵੇਟ ਮੰਡੀਆਂ ਦੇ ਪਸਾਰੇ ਦੀ ਵਕਾਲਤ ਕੀਤੀ ਗਈ ਹੈ। ਜ਼ਾਹਿਰ ਹੈ ਕਿ ਇਹ ਕੋਸ਼ਿਸ਼ ਕਿਸਾਨੀ ਨੂੰ ਨਿਹੱਥੇ ਅਤੇ ਬੇਵਸ ਕਰ ਕੇ ਕਿਸਾਨਾਂ ਨੂੰ ਦਿਓਕੱਦ ਵਪਾਰੀਆਂ ਦੇ ਰਹਿਮੋ-ਕਰਮ ਉੱਤੇ ਛੱਡਣਾ ਹੈ। ਏਪੀਐੱਮਸੀ ਵਿੱਚ ਭਾਵੇਂ ਕਿੰਨੀਆਂ ਹੀ ਖਾਮੀਆਂ ਹਨ, ਪ੍ਰਾਈਵੇਟ ਮੰਡੀਆਂ ਕਦੇ ਵੀ ਉਨ੍ਹਾਂ ਦਾ ਬਦਲ ਨਹੀਂ ਬਣ ਸਕਦੀਆਂ ਕਿਉਂਕਿ ਇਨ੍ਹਾਂ ਦਿਓਕੱਦ ਤਾਕਤਾਂ ਦੀ ਨਾ ਕੋਈ ਸਮਾਜਿਕ ਪ੍ਰਤੀਬੱਧਤਾ ਹੈ ਅਤੇ ਨਾ ਹੀ ਕੋਈ ਜਵਾਬਦੇਹੀ ਹੈ। ਪ੍ਰਾਈਵੇਟ ਮੰਡੀਆਂ ਦਾ ਵਿਹਾਰ ਹਿਮਾਚਲ ਪ੍ਰਦੇਸ਼ ਦੇ ਸੇਬ ਪੈਦਾ ਕਰ ਕੇ ਵੇਚਣ ਵਾਲੇ ਕਿਸਾਨ ਦੇਖ ਚੁੱਕੇ ਹਨ। ਪੰਜਾਬ ਵਿੱਚ 437 ਏਪੀਐੱਮਸੀ ਹਨ ਜਿਨ੍ਹਾਂ ਵਿੱਚ 152 ਮੁੱਖ ਅਤੇ 285 ਉੱਪ ਮੰਡੀਆਂ ਸ਼ਾਮਿਲ ਹਨ। ਪੰਜਾਬ ਵਿੱਚ ਲਗਭਗ 20232 ਆੜ੍ਹਤੀਏ ਹਨ ਜੋ ਖੇਤੀ ਵਿੱਚੋਂ 2407 ਕਰੋੜ ਰੁਪਏ ਦੀ ਸਾਲਾਨਾ ਕਮਾਈ ਕਰਦੇ ਹਨ। ਇਹ ਸਿਰਫ ਵਿਆਜ ਦਾ ਹੀ ਕੰਮ ਨਹੀਂ ਕਰਦੇ ਸਗੋਂ ਖੇਤੀ ਨਾਲ ਸਬੰਧਿਤ ਬੀਜ, ਖਾਦਾਂ, ਦਵਾਈਆਂ, ਤੇਲ, ਘਰੇਲੂ ਸਮਾਨ ਦੀਆਂ ਦੁਕਾਨਾਂ ਰਾਹੀਂ ਆਪਣੀ ਆਰਥਿਕ ਜਕੜ ਅਤੇ ਸਮਾਜਿਕ ਪਕੜ ਵੀ ਬਣਾਈ ਰੱਖਦੇ ਹਨ। ਅਨੇਕ ਦਿੱਕਤਾਂ ਦੇ ਬਾਵਜੂਦ ਇਨ੍ਹਾਂ ਦਾ ਕਿਸਾਨਾਂ ਨਾਲ ਲੈਣ-ਦੇਣ ਚੱਲਦਾ ਰਹਿੰਦਾ ਹੈ। ਅਜਿਹੇ ਪੇਚੀਦਾ ਇਤਿਹਾਸਕ ਰਿਸ਼ਤੇ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਇਸ ਖਰੜੇ ਰਾਹੀਂ ਇਸ ਪ੍ਰਚੱਲਤ ਮੰਡੀ ਪ੍ਰਣਾਲੀ ਦੇ ਬਦਲ ਵਜੋਂ ਕਾਰਪੋਰੇਟੀ ਨੀਤੀ ਦਾ ਮਸੌਦਾ ਤਿਆਰ ਕੀਤਾ ਗਿਆ ਹੈ ਜਿਹੜਾ ਬੇਰਹਿਮ ਮੁਕਾਬਲੇ ਅਤੇ ਮੁਨਾਫ਼ੇ 'ਤੇ ਆਧਾਰਿਤ ਹੈ ਅਤੇ ਇਸ ਵਿੱਚ ਮਨੁੱਖਤਾ, ਰਹਿਮ, ਸਮਾਜਿਕ ਜ਼ਿੰਮੇਵਾਰੀ ਜਾਂ ਜਵਾਬਦੇਹੀ ਲਈ ਕੋਈ ਥਾਂ ਨਹੀਂ। ਜਿੱਥੇ ਬਹੁਗਿਣਤੀ ਗਰੀਬ ਕਿਸਾਨਾਂ ਦੀ ਹੋਵੇ ਅਤੇ ਉਨ੍ਹਾਂ ਨੂੰ ਸਮੇਂ-ਸਮੇਂ ਜ਼ਰੂਰਤਾਂ ਦੀ ਪੂਰਤੀ ਲਈ ਮਦਦ ਲੈਣੀ ਪੈਂਦੀ ਹੋਵੇ, ਉੱਥੇ ਇਹ ਦਿਓਕੱਦ ਤਾਕਤਾਂ ਕਿੱਥੇ ਅਤੇ ਕਦੋਂ ਕੰਮ ਆਉਂਦੀਆਂ? ਇਉਂ ਪੇਂਡੂ ਸਮਾਜ ਦੀ ਬਣਤਰ, ਇਸ ਦੀਆਂ ਗੁੰਝਲਾਂ ਅਤੇ ਗੁੱਝੀਆਂ ਪੀੜਾਂ ਨੂੰ ਪਾਸੇ ਰੱਖਦਿਆਂ ਕੇਂਦਰ ਸਰਕਾਰ ਨੇ ਮੰਡੀ ਖਰੜੇ ਰਾਹੀਂ ਪੁਰਾਣੇ ਰੱਦ ਕਰਵਾਏ ਕਾਨੂੰਨ ਦੁਬਾਰਾ ਰਾਜ ਸਰਕਾਰਾਂ ਨੂੰ ਸੁਝਾਵਾਂ ਲਈ ਭੇਜੇ ਹਨ।

ਇਸ ਦੇ ਨਾਲ ਹੀ ਸਵਾਲ ਇਹ ਹੈ ਕਿ ਜੇ ਖੇਤੀਬਾੜੀ ਖੇਤਰ ਰਾਜਾਂ ਦੇ ਦਾਇਰੇ ਵਿੱਚ ਹੈ, ਫਿਰ ਕੇਂਦਰ ਸਰਕਾਰ ਨੂੰ ਅਜਿਹੇ ਖਰੜੇ ਭੇਜਣ ਦੀ ਕੀ ਜ਼ਰੂਰਤ ਹੈ? ਪੰਜਾਬ ਸਰਕਾਰ ਨੇ ਕਿਸਾਨਾਂ ਦੇ ਜ਼ਬਰਦਸਤ ਅੰਦੋਲਨ ਦੀ ਸਮਝ ਅਤੇ ਸਮਰੱਥਾ ਨੂੰ ਦੇਖਦੇ ਹੋਏ ਇਸ ਖਰੜੇ ਉੱਤੇ ਆਪਣੀ ਅਸਹਿਮਤੀ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਹੈ ਅਤੇ ਡਾ. ਸੁਖਪਾਲ ਸਿੰਘ ਦੀ ਅਗਵਾਈ ਵਿੱਚ ਬਦਲਵੀਂ ਖੇਤੀ ਨੀਤੀ ਦਾ ਖਰੜਾ ਤਿਆਰ ਕਰ ਲਿਆ ਹੈ ਪਰ ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿੱਚ ਕੇਂਦਰ ਸਰਕਾਰ ਦੇ ਭੇਜੇ ਖਰੜੇ ਉੱਤੇ ਚਰਚਾ ਕਰ ਕੇ ਪਤਾ ਨਹੀਂ ਇਸ ਨੂੰ ਰੱਦ ਕਿਉਂ ਨਹੀਂ ਕੀਤਾ। ਤਸਵੀਰ ਦਾ ਇੱਕ ਪਹਿਲੂ ਇਹ ਵੀ ਹੈ ਕਿ ਮੌਜੂਦਾ ਦੌਰ ਵਿੱਚ ਕੋਈ ਵੀ ਸਰਕਾਰ ਕਾਰਪੋਰੇਟ ਸੈਕਟਰ ਦੀ ਸ਼ਰੇਆਮ ਨਾਰਾਜ਼ਗੀ ਦਾ ਜੋਖ਼ਮ ਨਹੀਂ ਉਠਾਉਣਾ ਚਾਹੁੰਦੀ। ਇਸ ਸਭ ਕੁਝ ਦੇ ਬਾਵਜੂਦ ਪੰਜਾਬ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ ਪੇਂਡੂ ਅਵਾਮ ਦੀਆਂ ਆਸ਼ਾਵਾਂ ਦਾ ਖਿਆਲ ਜ਼ਰੂਰ ਰੱਖਣਾ ਚਾਹੀਦਾ ਹੈ।

# ਕੀ ਅਸੀਂ ਪੰਜਾਬੀ ਨੂੰ ਆਪਣੀ ਮਾਂ ਬੋਲੀ ਮੰਨਦੇ ਹਾਂ?

ਲੇਖਕ : ਜਸਪਾਲ ਸਿੰਘ ਹੇਰਾਂ

ਮਾਂ ਬੋਲੀ ਕੌਮਾਂਤਰੀ ਦਿਵਸ 21 ਫਰਵਰੀ ਵਾਲੇ ਦਿਨ ਨੂੰ ''ਭਗਵੰਤ ਮਾਨ ਸਰਕਾਰ ਨੇ ਪੰਜਾਬ 'ਚ ਸਾਰੇ ਬੋਰਡ ਪੰਜਾਬੀ 'ਚ ਕਰਨ ਲਈ ਆਖਿਆ ਹੈ ਤੇ ਇਸ ਸਬੰਧੀ ਤਿਆਰੀਆਂ ਵੀ ਕੀਤੀਆਂ ਜਾ ਰਹੀਆਂ ਹਨ। ਅਸੀਂ ਅਰਦਾਸ ਕਰਦੇ ਹਾਂ ਕਿ ਆਪ ਸਰਕਾਰ ਦਾ ਇਹ ਚੰਗਾ ਕੰਮ, ਜਿਹੜਾ ਮਾਂ ਬੋਲੀ ਨੂੰ ਲੈ ਕੇ, ਜ਼ਰੂਰ ਸਿਰੇ ਚੜਾਇਆ ਜਾਵੇ। ਪ੍ਰੰਤੂ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਨੂੰ ਸਰਕਾਰੀ ਹੁਕਮ ਜਾਰੀ ਕਰ ਦਿੱਤੇ ਜਾਣਗੇ । ਪ੍ਰਾਈਵੇਟ ਅਦਾਰਿਆਂ ਜਾਂ ਵਪਾਰਿਕ ਖੇਤਰ ਦਾ ਕੀ ਹੋਵੇਗਾ? ਇੱਕ ਦੁਕਾਨਦਾਰ ਨੂੰ ਤੁਸੀ ਕਿਵੇਂ ਮਜ਼ਬੂਰ ਕਰੋਗੇ ਕਿ ਉਹ ਆਪਣੀ ਦੁਕਾਨ ਦਾ ਬੋਰਡ ਅੰਗਰੇਜੀ ਜਾਂ ਹਿੰਦੀ ਦੀ ਥਾਂ ਪੰਜਾਬੀ 'ਚ ਲਿਖਵਾਏ। ਬਾਹਰਲੇ ਸੂਬਿਆਂ 'ਚੋ ਆਏ ਵੱਡੇ ਅਫ਼ਸਰਾਂ ਪੰਜਾਬੀ 'ਚ ਕਿਵੇਂ ਸਮਝਣਗੇ ਜਾਂ ਲਿਖਣਗੇ। ਇਸ ਲਈ ਮਾਨਸਿਕਤਾ ਬਦਲਣ ਦੀ ਲੋੜ ਪਵੇਗੀ। ਸਾਨੂੰ ਨਹੀਂ ਭੁੱਲਣਾ ਚਾਹੀਦਾ ਕਿ 1951 ਦੀ ਮਰਦਮ ਸ਼ੁਮਾਰੀ 'ਚ ਪੰਜਾਬ ਦੇ ਹਿੰਦੂਆਂ ਵੱਲੋਂ ਆਪਣੀ ਮਾਤ ਭਾਸ਼ਾ ਪੰਜਾਬੀ ਦੀ ਥਾਂ ਹਿੰਦੀ ਲਿਖਵਾਉਣ ਤੇ ਸਾਰੇ ਪੁਆੜੇ ਖੜ੍ਹੇ ਹੋਏ ਸਨ। ਜਿਹੜੇ ਅੱਜ ਤੱਕ ਜਾਰੀ ਹਨ। ਫ਼ਿਰ ਇੰਨ੍ਹਾਂ ਹਿੰਦੂਤਵੀਆਂ ਨੇ ਪੰਜਾਬੀ ਸੂਬੇ ਦੀ ਡੱਟਕੇ ਵਿਰੋਧਤਾ ਕੀਤੀ ਸੀ। ਹਰ ਹਿੰਦੂ ਖਾਂਦੇ-ਪੀਂਦੇ ਘਰ 'ਚ ਹਿੰਦੀ ਬੋਲੀ ਜਾਂਦੀ ਹੈ। ਬੱਚਿਆਂ ਨੂੰ ਹਿੰਦੀ ਬੋਲਣ ਲਈ ਹੀ ਉਤਸ਼ਾਹਿਤ ਕੀਤਾ ਜਾਂਦਾ ਹੈ। ਕਿੰਨੀ ਅਜੀਬ ਗੱਲ੍ਹ ਹੈ ਕਿ ਲਾਲਾ ਜੀ ਦੁਕਾਨ ਤੇ ਪੇਂਡੂ ਗਾਹਕਾਂ ਨਾਲ ਚੰਗੀ ਤਰ੍ਹਾਂ ਪੰਜਾਬੀ ਬੋਲਦੇ ਹਨ, ਪ੍ਰੰਤੂ ਜਦੋਂ ਘਰ 'ਚ ਦਾਖ਼ਲ ਹੋ ਜਾਂਦੇ ਹਨ ਤਾਂ ਝੱਟ ਜ਼ੁਬਾਨ ਤੇ ਹਿੰਦੀ ਆ ਜਾਂਦੀ ਹੈ। ਤ੍ਰਾਸਦੀ ਤਾਂ ਇਹ ਵੀ ਹੈ ਕਿ ਸਿੱਖਾਂ ਦੇ ਘਰਾਂ 'ਚੋ ਵੀ ਪੰਜਾਬੀ ਅਲੋਪ ਹੋ ਰਹੀ ਹੈ। ਹਿੰਦੀ ਘਰ ਕਰ ਰਹੀ ਹੈ। ਸਾਡੀ ਗੁਲਾਮ ਮਾਨਸਿਕਤਾ 'ਚ ਪੰਜਾਬੀ ਗਵਾਰਾਂ ਦੀ ਭਾਸ਼ਾ ਹੋਣ ਵਾਲੀ ਗੱਲ੍ਹ ਭਰ ਦਿੱਤੀ ਗਈ ਹੈ। ਖਾਲਸਾ ਸਕੂਲ ਤੇ ਖਾਲਸਾ ਕਾਲਜਾਂ ਦਾ ਭੋਗ ਹੀ ਪਾ ਦਿੱਤਾ ਗਿਆ ਹੈ। ਪੰਜਾਬ 'ਚ ਕਾਨਵੈਂਟ ਤੇ ਡੀ.ਏ.ਵੀ ਸਕੂਲ ਮੋਹਰੀ ਹਨ। ਜਿੰਨ੍ਹਾਂ ਨੇ ਪੰਜਾਬੀ ਦਾ ਤੇ ਸਿੱਖੀ ਦਾ ਭੋਗ ਪਾਉਣ 'ਚ ਮੋਹਰੀ ਰੋਲ ਨਿਭਾਇਆ ਹੈ। ਸਿੱਖੀ ਨੂੰ ਪ੍ਰੇਮ ਕਰਨ ਵਾਲੇ ਮੁੱਠੀ ਭਰ ਸਿੱਖਾਂ ਨੂੰ ਪੰਜਾਬ 'ਚੋ ਉੜਾ ਤੇ ਜੂੜਾ ਬਚਾਉਣ ਲਈ ਲਹਿਰ ਆਰੰਭਣੀ ਪਈ ਹੈ। ਪਰ ਕੋਈ ਬਹੁਤ ਵੱਡਾ ਹੁੰਗਾਰਾ ਨਹੀਂ ਹੈ। ਜੇ ਪੰਜਾਬੀ ਬੋਲਣ ਤੇ ਗੁਰਮੁੱਖੀ ਲਿਖਣ ਵਾਲਿਆਂ ਦੇ ਅੰਕੜਿਆਂ ਦੱਸੀਏ ਤਾਂ ਹਰ ਸਿੱਖ ਦਾ ਸ਼ਰਮ ਨਾਲ ਡੁੱਬ ਮਰਨ ਲਈ ਮਨ ਕਰੇਗਾ। ਪੰਜਾਬ 'ਚ 23 ਫ਼ੀਸਦੀ ਹੀ ਪੰਜਾਬੀ ਲਿਖ ਤੇ ਬੋਲ ਸਕਦੇ ਹਨ। 21 ਫ਼ੀਸਦੀ ਦੇ ਸਿਰ ਤੇ ਜੂੜਾ ਹੈ ਤੇ 32 ਫ਼ੀਸਦੀ ਆਪਣੇ ਨਾਮ ਨਾਲ ਸਿੰਘ ਲਾਉਂਦੇ ਵਿਅਕਤੀ ਦਸਤਾਰ ਸਜਾਉਂਦੇ ਹਨ। ਜੇ ਅੰਮ੍ਰਿਤਧਾਰੀ ਸਿੰਘੀ ਸਿੰਘਣੀਆਂ ਤੇ ਗੁਰਮੁੱਖੀ ਜਾਣਨ ਵਾਲਿਆਂ ਦੀ ਗਿਣਤੀ ਕਰਨੀ ਹੈ ਤਾਂ ਉਹ ਸਿਰਫ਼ 12 ਲੱਖ ਹੈ। ਖੈਰ! ਗੱਲ੍ਹ ਧਰਮ ਵਾਲੇ ਪਾਸੇ ਚਲੀ ਗਏ। ਕਿਉਂਕਿ ਉੜੇ ਤੇ ਜੂੜੇ ਦੀ ਹੋਂਦ ਹੀ ਧਰਮ ਨਾਲ ਜੁੜੀ ਹੋਈ ਹੈ। ਗੁਰਮੁੱਖੀ ਲਿਪੀ ਨੂੰ ਧਰਮ ਨਾਲ ਜੋੜ ਦਿੱਤਾ ਗਿਆ ਹੈ। ਅਸੀਂ ਗੱਲ੍ਹ ਕਰ ਰਹੇ ਸੀ, ਪੰਜਾਬ 'ਚ, ਪੰਜਾਬੀ ਮਾਂ ਬੋਲੀ ਨੂੰ ਪਟਰਾਣੀ ਬਣਾਉਣ ਦੀ, ਲੋੜ ਜਾਨੂੰਨ ਦੀ ਹੱਦ ਤੱਕ ਆਪਣੀ ਮਾਂ-ਬੋਲੀ ਪੰਜਾਬੀ ਨਾਲ ਪਿਆਰ ਕਰਨ ਦੀ ਹੈ। ਛੋਟੀ ਜਿਹੀ ਸ਼ੁਰੂਆਤ ਹੈ। ਅਸੀਂ ਆਪਣੇ ਪਰਿਵਾਰ ਦੀ ਹਰ ਖੁਸ਼ੀ - ਗਮੀ ਦੇ ਸੱਦਾ-ਪੱਤਰ ਹੀ ਪੰਜਾਬੀ 'ਚ ਲਿਖਵਾਉਣੇ ਸ਼ੁਰੂ ਕਰ ਦੇਈਏ। ਨਿੱਕੇ ਬੱਚਿਆਂ 'ਚ ਪੰਜਾਬੀ ਵਿਰਸਾ ਪ੍ਰਪੱਕ ਕਰਨ ਲਈ ਉਨ੍ਹਾ ਨੂੰ ਮੌਮ, ਡੈਡ, ਦੀ ਥਾਂ ਮਾਤਾ-ਪਿਤਾ ਬਲਾਉਣ ਲਈ ਆਖੀਏ। ਸਤਿ ਸ੍ਰੀ ਅਕਾਲ ਬੁਲਾਉਣੀ ਸ਼ੁਰੂ ਕਰ ਦੇਣ, ਆਪਣੇ ਦਸਤਖ਼ਤ ਪੰਜਾਬੀ 'ਚ ਕਰੀਏ। ਇਹ ਪੰਜਾਬੀ ਨੂੰ ਮਾਂ ਬੋਲੀ ਵਜੋਂ ਅਪਨਾਉਣ ਵੱਲ ਪਹਿਲਾ ਮਜ਼ਬੂਤ ਕਦਮ ਹੋਵੇਗਾ, ਪਰ ਕਿਸੇ ਨੇ ਚੁੱਕਣਾ ਨਹੀਂ ਹੈ। ਇਸਨੂੰ ਰੂੜੀਵਾਦੀ ਸੋਚ ਆਖਿਆ ਜਾਵੇਗਾ। ਹਰ ਕਿਸੇ ਨਾਲ ਪੰਜਾਬੀ 'ਚ ਬੋਲਣ ਦੀ ਆਦਤ ਪਾਈਏ। ਅਸੀਂ ਇਹ ਨਹੀਂ ਕਹਿੰਦੇ ਕਿ ਦੂਜੀਆਂ ਭਾਸ਼ਾਵਾਂ ਦਾ ਗਿਆਨ ਨਾਂਹ ਲਵੋ, ਪ੍ਰੰਤੂ ਅਸੀਂ ਲੱਖ ਯਤਨ ਕਰੀਏ, ਮਾਸੀ ਮਾਂ ਦਾ ਥਾਂ ਨਹੀਂ ਲੈ ਸਕਦੀ, ਇਥੇ ਤਾਂ ਸਾਡੀ ਸਕੀ ਮਾਸੀ ਵੀ ਨਹੀਂ ਅੱਗੋਂ ਮਾਸੀਆਂ ਦੀਆਂ ਰਿਸ਼ਤੇਦਾਰ ਹਨ। ਜਦੋਂ ਤੱਕ ਸਾਡੀ ਮਾਨਸਿਕਤਾ ''ਮੈਂ ਪੰਜਾਬੀ ਹਾਂ, ਮੇਰਾ ਸੋਹਣਾ ਦੇਸ਼ ਪੰਜਾਬ ਹੈ'' ਦੀ ਭਾਵਨਾ ਸਾਰੇ ਪੰਜਾਬੀਆਂ 'ਚ ਪ੍ਰਪੱਕ ਨਹੀਂ ਹੁੰਦੀ, ਅਸੀਂ ਲੱਖ ਯਤਨ ਕਰ ਲਈਏ ਪੰਜਾਬੀ ਮਾਂ ਬੋਲੀ ਨੂੰ ਕਦੇ ਵੀ ਪਦਰਾਣੀ ਦਾ ਦਰਜ ਦਿਵਾਉਣਾ ਤਾਂ ਦੂਰ, ਉਸਦੀ ਹੋਂਦ ਨੂੰ ਬਚਾਉਣ ਦੀ ਤਲਵਾਰ ਹੀ ਸਾਡੇ ਸਿਰ ਤੇ ਲਟਕ ਜਾਵੇਗੀ।




# ਹੱਲਾਸ਼ੇਰੀ

ਪ੍ਰਿੰ. ਹਰੀ ਕ੍ਰਿਸ਼ਨ ਮਾਇਰ, ਸੰਪਰਕ: 97706-67686

ਰੂੜੀ ਉੱਤੇ ਮੁਰਗੇ ਨੇ ਬਾਂਗ ਦਿੱਤੀ ਤਾਂ ਮਾਵਾਂ ਆਪਣੇ ਬੱਚਿਆਂ ਨੂੰ ਜਗਾਉਣ ਲੱਗ ਪਈਆਂ ਸਨ। ਮੁਰਗੀ ਦੇ ਪਿੱਛੇ ਤੁਰੇ ਚੂਚੇ ਵੀ ਰੂੜੀ 'ਤੇ ਠੂੰਗੇ ਮਾਰ ਰਹੇ ਸਨ। ''ਆਹ ਦੇਖ ਮੁਰਗੀ ਦੇ ਚੂਚੇ ਵੀ ਜਾਗ ਪਏ, ਤੂੰ ਲੰਮੀਆਂ ਤਾਣੀ ਪਿਆਂ।'' ਜੀਤੇ ਦੀ ਮਾਂ ਬੋਲੀ। ਜੀਤਾ ਰਜਾਈ ਦਾ ਪੱਲਾ ਦੱਬਦਿਆਂ ਬੋਲਿਆ, ''ਇਨ੍ਹਾਂ ਨੇ ਕਿਹੜਾ ਸਕੂਲੇ ਜਾਣਾ।'' ਮਾਂ ਜੀਤੇ ਦੇ ਮੂੰਹ ਵੱਲ ਵੇਖਦੀ ਰਹੀ। ਮੂੰਹ ਵਿਚ ਬੁੜਬੁੜਾਈ,''ਅੱਜ ਦੇ ਜੁਆਕ ਕਿਹੜਾ ਸਿੱਧੇ ਨੇ, ਮੂੰਹੋਂ ਗੱਲ ਕੱਢੋ ਤਾਂ ਸਹੀ, ਜਵਾਬ ਪਹਿਲਾਂ ਘੜੀ ਬੈਠੇ ਹੁੰਦੇ ਨੇ।'' ਮਾਂ ਨੇ ਗੁੱਸੇ 'ਚ ਰਜਾਈ ਪਰ੍ਹਾਂ ਵਗਾਹ ਮਾਰੀ। ਅੱਖਾਂ ਮਲਦਾ ਜੀਤਾ ਉੱਠ ਕੇ ਬਾਥਰੂਮ ਵੱਲ ਚਲਾ ਗਿਆ। ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰੇ। ਕਮਰੇ 'ਚੋਂ ਆਪਣਾ ਬੈਗ ਚੁੱਕ ਕੇ ਬਾਹਰ ਲੈ ਆਇਆ। ਲੱਗਾ ਫਰੋਲਾ ਫਰਾਲੀ ਕਰਨ। ਬੋਲਿਆ,''ਮਾਂ ਮੇਰੀ ਅੰਗਰੇਜ਼ੀ ਦੀ ਕਾਪੀ ਕਿੱਥੇ ਆ?'' ''ਤੈਨੂੰ ਪਤਾ ਹੋਣਾ।'' ਮਾਂ ਬੋਲੀ। ''ਲੱਭਦੀ ਨਹੀਂ ਬੈਗ 'ਚੋਂ।'' ''ਕਿਸੇ ਨੇ ਤੈਥੋਂ ਲੈ ਲਈ ਹੋਣੀ ਆ।'' ''ਨਹੀਂ ਕਿਸੇ ਨੇ ਨਹੀਂ ਲਈ।'' ''ਫੇਰ ਕਿੱਥੇ ਚਲੀ ਗਈ?'' ''ਕਿਤੇ ਗੀਤੂ ਕੋਲ ਨਾ ਹੋਵੇ। ਉਸ ਨੇ ਹੋਮ ਵਰਕ ਦੀਆਂ ਕਾਪੀਆਂ ਕੱਠੀਆਂ ਕੀਤੀਆਂ ਸਨ।'' ''ਮੈਂ ਫੋਨ ਕਰਕੇ ਹੁਣੇ ਪੁੱਛ ਲੈਨੀ ਆਂ।'' ਮਾਂ ਨੇ ਗੀਤੂ ਦੇ ਘਰ ਫੋਨ ਮਿਲਾ ਲਿਆ। ਗੀਤੂ ਦੀ ਮਾਂ ਬੋਲੀ, ''ਹਾਂ ਕੌਣ?'' ''ਜੀਤੇ ਦੀ ਮੰਮੀ।'' ''ਸੁਣਾ ਭੈਣੇ ਕਿਵੇਂ ਚੇਤੇ ਕੀਤਾ?'' ''ਗੀਤੂ ਕਿੱਥੇ ਆ?'' ''ਮੇਰੇ ਕੋਲ ਹੀ ਬੈਠਾ।''

''ਕਰਾਇਓ ਜ਼ਰਾ ਉਸ ਨਾਲ ਗੱਲ।'' ਗੀਤੂ ਦੀ ਮਾਂ ਨੇ ਫੋਨ ਗੀਤੂ ਨੂੰ ਫੜਾ ਦਿੱਤਾ। ''ਚਾਚੀ, ਸਤਿ ਸ੍ਰੀ ਅਕਾਲ।'' ਗੀਤੂ ਬੋਲਿਆ। ''ਜੁੱਗ ਜੁੱਗ ਜੀ ਪੁੱਤਰ, ਦੇਖੀਂ ਜੀਤੇ ਦੀ ਅੰਗਰੇਜ਼ੀ ਦੀ ਕਾਪੀ ਤੇਰੇ ਬੈਗ 'ਚ ਤਾਂ ਨਹੀਂ ਆ ਗਈ?''

''ਦੇਖਦਾਂ ਚਾਚੀ।'' ''ਉਹ ਤਾਂ ਢੇਰੀ ਢਾਹੀ ਬੈਠਾ, ਆਂਹਦਾ ਮੈਂ ਨੀਂ ਸਕੂਲ ਜਾਣਾ ਅੱਜ।'' ਗੀਤੂ ਆਪਣਾ ਬੈਗ ਫਰੋਲਦਾ ਹੈ। ਜੀਤੇ ਦੀ ਕਾਪੀ ਉਸ ਦੇ ਬੈਗ 'ਚੋਂ ਨਿਕਲ ਆਉਂਦੀ ਹੈ। ਗੀਤੂ ਫੋਨ 'ਤੇ ਬੋਲਿਆ,''ਹਾਂ, ਮੇਰੇ ਹੀ ਬੈਗ ਵਿਚ ਆ ਗਈ ਸੀ, ਮੈਂ ਹੋਮ-ਵਰਕ ਚੈੱਕ ਹੋਣ ਤੋਂ ਬਾਅਦ ਕਾਪੀਆਂ ਵੰਡੀਆਂ ਸਨ।''

''ਤੂੰ ਤਾਂ ਮੇਰੇ ਮਨ ਤੋਂ ਬੋਝ ਲਾਹ ਦਿੱਤਾ ਪੁੱਤ, ਪਰ ਜੀਤੇ ਨੇ ਤਾਂ ਅੱਜ ਹੋਮ-ਵਰਕ ਨਹੀਂ ਕੀਤਾ।'' ਜੀਤੇ ਦੀ ਮਾਂ ਬੋਲੀ। ''ਥੋੜ੍ਹੀ ਦੇਰ ਪਹਿਲਾਂ ਜਾ ਕੇ, ਮੇਰੀ ਕਾਪੀ ਤੋਂ ਉਤਾਰ ਲਵੇ।'' ਗੀਤੂ ਨੇ ਸਲਾਹ ਦਿੱਤੀ। ''ਥੋਡਾ ਅੰਗਰੇਜ਼ੀ ਵਾਲਾ ਮਾਸਟਰ ਬੜਾ ਕੱਬਾ ਸੁਣੀਂਦਾ। ਕੁੱਟਦਾ ਤਾਂ ਲੱਤ ਬਾਂਹ ਨਹੀਂ ਦੇਖਦਾ। ਅੱਜ ਕੱਲ੍ਹ ਜੁਆਕਾਂ 'ਚ ਜਾਨ ਕਿਹੜੀ ਹੁੰਦੀ ਆ। ਮਾਵਾਂ ਬਿਸਕੁਟ ਹੱਥ ਫੜਾ ਕੇ ਸਕੂਲ ਤੋਰ ਦਿੰਦੀਆਂ ਨੇ।'' ਜੀਤੇ ਦੀ ਮਾਂ ਬੋਲੀ। ਗੀਤੂ ਉੱਚੀ ਉੱਚੀ ਹੱਸਣ ਲੱਗਾ। ਬੋਲਿਆ,''ਚਾਚੀ ਕੁੱਟ ਤਾਂ ਜੀਤੇ ਦੇ ਵੀ ਪਈ ਆ ਕਈ ਵਾਰੀ।'' ''ਤੇਰੇ ਨਹੀਂ ਪਈ, ਕਦੀ?'' ਜੀਤੇ ਦੀ ਮਾਂ ਨੇ ਪੁੱਛਿਆ। ''ਮੈਂ ਕਿਹੜਾ ਉਸ ਦਾ ਨੇੜਿਓਂ ਆਂ, ਮੈਨੂੰ ਵੀ ਬੜ੍ਹਕਾ ਦਿੰਦਾ।'' ''ਤੂੰ ਆਪਣੀ ਮਾਂ ਨੂੰ ਨਹੀਂ ਦੱਸਿਆ ਕਦੇ?'' ''ਨਹੀਂ।'' ''ਕਿਉਂ?'' ''ਉਹ ਤਾਂ ਥਾਣੇਦਾਰਨੀ ਬਣ ਕੇ ਮਾਸਟਰ ਮੂਹਰੇ ਜਾ ਕੇ ਖਲੋ ਜਾਵੇਗੀ। ਆਖੂ ਮੇਰੇ ਗੀਤੂ ਨੂੰ ਹੱਥ ਲਾਉਣ ਵਾਲਾ ਤੂੰ ਹੁੰਦਾ ਕੌਣ ਏਂ?'' ''ਤੁਸੀਂ ਠੀਕ ਤਰ੍ਹਾਂ ਪੜ੍ਹਦੇ ਨਹੀਂ, ਜਿਹੜਾ ਥੋਨੂੰ ਸਜ਼ਾ ਮਿਲਦੀ ਹੈ?'' ''ਬਥੇਰਾ ਪੜ੍ਹਦੇ ਆਂ।'' ''ਥੋਨੂੰ ਨਹੀਂ ਜੀਤੇ ਨੇ ਦੱਸਿਆ?'' ''ਬਥੇਰੀ ਵਾਰ।'' ''ਤੁਸੀਂ ਸਕੂਲ ਕਿਉਂ ਨਹੀਂ ਗਏ?'' ''ਮੈਂ ਕਿਹਾ ਐਂਵੇਂ ਪਿੱਛੇ ਪੈਜੂ ਮਾਸਟਰ।'' ''ਥੋਨੂੰ ਗੁੱਸਾ ਨਹੀਂ ਆਉਂਦਾ।'' ''ਮਾਸਟਰ ਜੇ ਸਖ਼ਤੀ ਨਾ ਕਰਨ ਤਾਂ ਤੁਸੀਂ ਪੜ੍ਹੋਗੇ ਕਿਵੇਂ?'' ''ਇਹ ਤਾਂ ਤੁਹਾਡੀ ਗੱਲ ਠੀਕ ਹੈ, ਚਾਚੀ।'' ''ਡਰ ਬਿਨਾਂ ਕਿੱਥੇ ਭਗਤੀ ਹੁੰਦੀ ਹੈ?''



''ਮੈਂ ਤਾਂ ਗੱਲਾਂ ਵਿਚ ਰੁੱਝ ਗਈ, ਮੈਂ ਹੁਣ ਫੋਨ ਰੱਖਦੀ ਹਾਂ।'' ਜੀਤੇ ਦੀ ਮਾਂ ਨੇ ਫੋਨ ਬੰਦ ਕਰ ਦਿੱਤਾ। ਕਾਪੀ ਲੱਭ ਜਾਣ 'ਤੇ ਜੀਤਾ ਖ਼ੁਸ਼ ਸੀ। ਸਭ ਤੋਂ ਵੱਧ ਖ਼ੁਸ਼ੀ ਉਸ ਨੂੰ ਗੀਤੂ ਦੀ ਕਾਪੀ ਤੋਂ ਹੋਮ ਵਰਕ ਉਤਾਰਨ ਦੀ ਸੀ। ਉਹ ਵੀਹ ਮਿੰਟਾਂ ਵਿਚ ਤਿਆਰ ਹੋ ਕੇ ਸਕੂਲ ਨੂੰ ਚੱਲ ਪਿਆ। ਸਕੂਲ ਪਹੁੰਚਿਆ ਤਾਂ ਗੀਤੂ ਪਹਿਲਾਂ ਹੀ ਉੱਥੇ ਖੜ੍ਹਾ ਉਸ ਦੀ ਉਡੀਕ ਕਰ ਰਿਹਾ ਸੀ। ਜੀਤੇ ਨੂੰ ਕਾਪੀ ਫੜਾਉਂਦਿਆਂ ਗੀਤੂ ਨੇ ਕਿਹਾ,''ਅੱਜ ਪ੍ਰੇਅਰ 'ਚ ਨਾ ਜਾਈਂ, ਕੋਈ ਬਹਾਨਾ ਮਾਰ ਕੇ ਕਲਾਸ 'ਚ ਬੈਠਾ ਰਹੀਂ ਤੇ ਹੋਮ ਵਰਕ ਉਤਾਰ ਲਵੀਂ।'' ਫਿਰ ਪ੍ਰੇਅਰ ਹੋਣ ਲੱਗੀ। ਕਮਰਾ ਲਾਗੇ ਹੋਣ ਕਰਕੇ ਇੱਥੇ ਸਭ ਕੁਝ ਸੁਣਾਈ ਦਿੰਦਾ ਸੀ। ਪਹਿਲਾਂ ਕੌਮੀ ਗੀਤ ਗਾਇਆ ਗਿਆ। ਫੇਰ ਮੁੱਖ ਅਧਿਆਪਕ ਨੇ ਲੈਕਚਰ ਦੇਣਾ ਸ਼ੁਰੂ ਕੀਤਾ: ''ਮੇਰੇ ਸਕੂਲ ਦੇ ਪਿਆਰੇ ਬੱਚਿਓ! ਇਕ ਅਧਿਆਪਕ ਤੇ ਦੂਜਾ ਮਾਪੇ ਦੋ ਹੀ ਸੱਚੇ ਸਾਥੀ ਹੁੰਦੇ ਨੇ ਬੱਚੇ ਦੇ। ਦੋਵੇਂ ਰਲ ਕੇ ਉਸ ਦੀ ਸ਼ਖ਼ਸੀਅਤ ਉਸਾਰਦੇ ਹਨ। ਇਨ੍ਹਾਂ ਦੋਹਾਂ ਕੋਲੋਂ ਬੱਚੇ ਨੂੰ ਕੁਝ ਲਕੋਣਾ ਨਹੀਂ ਚਾਹੀਦਾ। ਕੋਈ ਦੁੱਖ ਜਾਂ ਪ੍ਰੇਸ਼ਾਨੀ ਹੈ, ਸਾਫ਼ ਦੱਸ ਦਿਓ। ਇਹ ਆਪੇ ਉਸ ਪਰੇਸ਼ਾਨੀ ਦਾ ਹੱਲ ਲੱਭਣਗੇ। ਸੱਚ ਬੋਲੋਗੇ ਤਾਂ ਮੇਰੇ ਸਕੂਲ ਦਾ ਕੋਈ ਵੀ ਅਧਿਆਪਕ ਤੁਹਾਨੂੰ ਸਜ਼ਾ ਨਹੀਂ ਦੇਵੇਗਾ। ਸੱਚਾਈ ਤੁਹਾਨੂੰ ਮੰਜਲਿ ਦਾ ਰਾਹ ਦਿਖਾਵੇਗੀ।'' ਜੀਤੇ ਨੇ ਹੁਣ ਅੱਧਾ ਹੋਮ ਵਰਕ ਤਾਂ ਕਾਪੀ 'ਤੇ ਉਤਾਰ ਲਿਆ ਸੀ। ਹੁਣ ਉਸ ਦਾ ਹੱਥ ਵਿਚਾਲੇ ਹੀ ਰੁਕ ਗਿਆ ਸੀ। ਮੁੱਖ ਅਧਿਆਪਕ ਦੇ ਕਹੇ ਬੋਲ ਉਸ ਦੇ ਦਿਮਾਗ਼ 'ਚ ਗੂੰਜਣ ਲੱਗੇ, ''ਪ੍ਰੇਸ਼ਾਨੀ ਹੈ ਤਾਂ ਸੱਚ ਆਖ ਦਿਓ। ਥੋਡੀ ਗ਼ਲਤੀ ਨਹੀਂ ਤਾਂ ਅਧਿਆਪਕ ਤੁਹਾਨੂੰ ਸਜ਼ਾ ਨਹੀਂ ਦੇਵੇਗਾ।'' ਉਸ ਦੇ ਮਨ 'ਚੋਂ ਆਵਾਜ਼ ਆਈ,''ਜਦੋਂ ਮੇਰੀ ਕਾਪੀ ਹੀ ਗੀਤੂ ਕੋਲ ਸੀ, ਤਾਂ ਹੀ ਤਾਂ ਮੈਂ ਸਕੂਲ ਦਾ ਕੰਮ ਨਹੀਂ ਸੀ ਕਰ ਸਕਿਆ।'' ''ਤੂੰ ਡਰ ਨਾ ਜੀਤੇ, ਕੁਝ ਨਹੀਂ ਹੁੰਦਾ।'' ਉਸ ਦੇ ਅੰਦਰੋਂ ਆਵਾਜ਼ ਆਈ। ਉਸ ਨੇ ਕਾਪੀ ਬੰਦ ਕਰਕੇ ਬੈਗ ਵਿਚ ਪਾ ਲਈ। ਉਸ ਦੇ ਮਨ ਅੰਦਰੋਂ ਕੁਝ ਵਿਰੋਧੀ ਆਵਾਜ਼ਾਂ ਵੀ ਉੱਭਰੀਆਂ:

''ਫੇਰ ਤੂੰ ਬਿਮਾਰੀ ਦਾ ਬਹਾਨਾ ਲਗਾ ਕੇ, ਕਲਾਸ ਰੂਮ 'ਚ ਕਿਉਂ ਬੈਠਾ? ਜੇ ਅਧਿਆਪਕ ਨੇ ਤੇਰਾ ਅੱਧਾ ਕੀਤਾ ਕੰਮ ਦੇਖ ਲਿਆ। ਤੂੰ ਗੀਤੂ ਦੀ ਗੱਲ ਮੰਨ ਕੇ ਉਸ ਦੀ ਕਾਪੀ ਤੋਂ ਹੋਮ ਵਰਕ ਕਿਉਂ ਉਤਾਰਨ ਲੱਗ ਪਿਆ।'' ਉਸ ਦੇ ਮਨ ਅੰਦਰ ਦੋ ਵਿਰੋਧੀ ਆਵਾਜ਼ਾਂ ਵਿਚਕਾਰ ਜੰਗ ਛਿੜ ਗਈ ਸੀ। ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਹ ਕਿਹੜਾ ਰਾਹ ਚੁਣੇ? ਪਤਾ ਨਹੀਂ ਉਸ ਦੇ ਮਨ ਵਿਚ ਕੀ ਆਈ ਕਿ ਉਹ ਉੱਠ ਕੇ ਕਲਾਸ ਰੂਮ ਤੋਂ ਬਾਹਰ ਆ ਗਿਆ। ਚਪੜਾਸੀ ਕੋਲ ਆ ਕੇ ਬੋਲਿਆ,''ਅੰਕਲ ਮੈਂ ਮੰਮੀ ਨਾਲ ਫੋਨ 'ਤੇ ਗੱਲ ਕਰਨੀ ਆ।'' ''ਆਜਾ ਕਰਾ ਦਿੰਨੇ ਆ ਸ਼ੇਰਾ।'' ਚਪੜਾਸੀ ਉਸ ਨੂੰ ਨਾਲ ਲੈ ਕੇ ਦਫ਼ਤਰ ਵਿਚ ਆ ਗਿਆ। ਉਸ ਨੇ ਫੋਨ ਮਿਲਾ ਕੇ ਜੀਤੇ ਨੂੰ ਫੜਾ ਦਿੱਤਾ। ਜੀਤਾ ਬੋਲਿਆ,''ਮੰਮੀ ਕੀ ਮੈਂ ਸਰ ਨੂੰ ਸੱਚੋ ਸੱਚ ਦੱਸ ਦਿਆਂ ਕਿ ਮੇਰੀ ਕਾਪੀ ਤਾਂ ਗੀਤੂ ਕੋਲ ਸੀ। ਉਹ ਮੈਨੂੰ ਮਾਰਨਗੇ ਤਾਂ ਨਹੀਂ?'' ''ਨਹੀਂ ਮਾਰਨਗੇ। ਸੱਚ ਨੂੰ ਆਂਚ ਨਹੀਂ ਆਉਂਦੀ।'' ਮੰਮੀ ਬੋਲੀ। ''ਚੰਗਾ ਮੰਮੀ।'' ''ਹਾਂ ਪੁੱਤ, ਡਰੀਂ ਨਾ, ਮੈਂ ਤੇਰੇ ਲਈ ਪਾਠ ਕਰਾਂਗੀ।'' ਮੰਮੀ ਨਾਲ ਫੋਨ 'ਤੇ ਗੱਲ ਕਰਕੇ ਜੀਤਾ ਦ੍ਰਿੜ ਇਰਾਦੇ ਅਤੇ ਊਰਜਾ ਨਾਲ ਭਰ ਗਿਆ ਸੀ। ਉਸ ਨੂੰ ਸੱਚ ਬੋਲਣ ਲਈ ਇਕ ਹੱਲਾਸ਼ੇਰੀ ਮਿਲ ਗਈ ਸੀ। ਉਹ ਆਪਣੀ ਕਲਾਸ ਵਿਚ ਜਾ ਬੈਠਾ। ਪ੍ਰੇਅਰ ਖ਼ਤਮ ਹੋ ਚੁੱਕੀ ਸੀ। ਕਲਾਸਾਂ ਲਾਈਨਾਂ ਬਣਾ ਕੇ ਆਪੇ ਆਪਣੇ ਕਮਰਿਆਂ ਵੱਲ ਜਾ ਰਹੀਆਂ ਸਨ।

# ਹੰਕਾਰ

ਲਿਖਤ : ਗੀਤਾਂਜਲੀ, ਫੋਨ 6283964386

ਜੇ ਅਸੀ ਹੰਕਾਰ ਕਰਦੇ ਹਾਂ ਤਾਂ ਅੰਤ ਵਿੱਚ ਸਾਡਾ ਹੰਕਾਰ ਹਮੇਸ਼ਾ ਹੀ ਟੁੱਟਦਾ ਹੈ। ਇੱਕ ਅਜਿਹੀ ਹੀ ਕਹਾਣੀ ਮੇਰੀ ਜ਼ਿੰਦਗੀ ਦੀ ਸੱਚੀ ਘਟਨਾ ਹੈ। ਮੈਂ ਜਦੋਂ ਪੰਜਵੀ ਜਮਾਤ ਵਿੱਚ ਪੜ੍ਹਦੀ ਸੀ ਤਾਂ ਮੇਰੇ ਅਧਿਆਪਕ ਸਾਨੂੰ ਕਹਿੰਦੇ ਕਿ ਨਵੋਦਿਆ ਵਿਦਿਆਲਾ ਦੀ ਭਰਤੀ ਲਈ ਕੰਪੀਟੀਸ਼ਨ ਪੇਪਰ ਹੋਣਾ ਹੈ, ਇਸ ਵਿੱਚੋਂ ਜਿਹੜਾ ਬੱਚਾ ਪਾਸ ਹੋ ਗਿਆ, ਉਸਨੂੰ ਨਵੋਦਿਆ ਵਿਦਿਆਲਾ ਵਿੱਚ ਦਾਖਲਾ ਮਿਲ ਜਾਏਗਾ, ਰਹਿਣਾ ਖਾਣਾ ਸਭ ਮੁਫ਼ਤ ਹੈ, ਉਹ ਹੋਸਟਲ ਵਿੱਚ ਰਹੇਗਾ। ਮੈਨੂੰ ਇਹ ਸੁਣਕੇ ਬਹੁਤ ਖੁਸ਼ੀ ਹੋਈ ਤੇ ਮੈਂ ਸੁਪਨੇ ਬੁਣਨ ਲੱਗੀ, ਉਸ ਸਮੇਂ ਮੇਰੇ ਅੰਦਰ ਬਹੁਤ ਹੰਕਾਰ ਸੀ ਕਿਉਂਕਿ ਮੈਂ ਹਰ ਵਾਰ ਜਮਾਤ ਚੋਂ ਪਹਿਲੇ ਸਥਾਨ ਤੇ ਹੀ ਆਉਂਦੀ ਸੀ। ਮੈਨੂੰ ਲੱਗਾ ਕਿ ਨਵੋਦਿਆ ਦਾ ਦਾਖਲਾ ਪੇਪਰ ਮੇਰੇ ਲਈ ਕਿੰਨੀ ਕੁ ਵੱਡੀ ਗੱਲ ਹੈ, ਇਸ ਵਿੱਚੋਂ ਤਾਂ ਜੇ ਮੈਂ ਨਾ ਵੀ ਪੜਾਂ ਤਾਂ ਵੀ ਪਾਸ ਹੋ ਜਾਣਾ ਹੈ, ਮੈਂ ਇੰਨੀ ਹੁਸਿਆਰ ਜੋ ਹਾਂ, ਮੇਰੇ ਅਧਿਆਪਕਾਂ ਨੇ ਮੈਨੂੰ ਬਹੁਤ ਸਮਝਾਇਆ ਕਿ ''ਬੇਟਾ ਤੂੰ ਪੜ ਲੈ ! ਨਵੋਦਿਆ ਦੇ ਪੇਪਰ ਚੋਂ ਪਾਸ ਹੋ ਜਾਵੇਂਗੀ। ਤੇਰੀ ਜੰਿਦਗੀ ਬਣ ਜਾਵੇਗੀ।'' ਪਰ ਮੈਂ ਬਹੁਤੀ ਪਰਵਾਹ ਨਹੀਂ ਕੀਤੀ,ਮੈਂ ਤਾਂ ਬਸ ਉਸ ਦਿਨ ਦਾ ਇੰਤਜ਼ਾਰ ਕਰਨ ਲੱਗੀ ਜਿਸ ਦਿਨ ਨਵੋਦਿਆ ਦੀ ਦਾਖਲਾ ਪ੍ਰੀਖਿਆ ਹੋਣੀ ਸੀ । ਆਖ਼ਰ 6 ਅਪਰੈਲ 2019 ਨੂੰ ਸਾਡਾ ਇਹ ਪੇਪਰ ਹੋ ਗਿਆ, ਮੈਂ ਆਪਣੀ ਸਮਝ ਅਨੁਸਾਰ ਪੇਪਰ ਬਹੁਤ ਵਧੀਆ ਕੀਤਾ, ਪਰ ਜਦੋਂ ਨਤੀਜਾ ਆਇਆ ਤਾਂ ਮੇਰੇ ਚਿਹਰੇ 'ਤੇ ਗ਼ਮੀ ਛਾ ਗਈ ਕਿਉਂਕਿ ਇਸ ਪ੍ਰੀਖਿਆ ਵਿੱਚੋਂ ਪਾਸ ਮੈਂ ਨਹੀਂ, ਮੇਰੀ ਜਮਾਤ ਦੀ ਲੜਕੀ ਜੋਤੀ ਹੋ ਗਈ , ਮੈਂ ਪੂਰਾ ਇੱਕ ਮਹੀਨਾ ਰੋਂਦੀ ਰਹੀ, ਪਛਤਾਉਂਦੀ ਰਹੀ, ਪਰ ਹੁਣ ਕੀ ਹੋ ਸਕਦਾ ਸੀ, ਕੁਝ ਵੀ ਨਹੀਂ ਜਦੋਂ ਹੱਥ ਵਿੱਚੋਂ ਸੁਨਿਹਰੀ ਵਕਤ ਹੀ ਨਿਕਲ ਚੁੱਕਾ ਸੀ। ਫਿਰ ਇੱਕ ਵਾਰ ਫ਼ੇਰ ਮੇਰੇ ਚਾਵਾਂ ਨੂੰ ਖੰਭ ਜਿਹੇ ਉੱਘੜ ਪਏ ਜਦੋਂ ਮੇਰੇ ਮੇਰੇ ਅਧਿਆਪਕ ਨੇ ਮੈਨੂੰ ਆ ਕੇ ਪੁੱਛਿਆ, ''ਗੀਤਾਂਜਲੀ ਕੀ ਤੇਰੇ ਘਰ ਕੋਈ ਚਿੱਠੀ ਵੀ ਆਈ ਹੈ ਨਵੋਦਿਆ ਸੰਗਠਨ ਵੱਲੋ ? ਮੈਂ ਖਿਆਲਾਂ ਦੀਆਂ ਉੱਚੀਆਂ ਉਡਾਰੀਆਂ ਲਗਾਉਂਦੀ ਚਾਈਂ-ਚਾਈਂ ਘਰ ਪੁੱਜੀ, ਪਰੰਤੂ ਘਰ ਜਾ ਕੇ ਦੇਖਿਆ ਕਿ ਕੋਈ ਚਿੱਠੀ ਨਹੀਂ ਆਈ, ਕਈ ਦਿਨ ਉਡੀਕ ਕੀਤੀ, ਹੁਣ ਤਾਂ ਨਵੋਦਿਆ ਵਿਦਿਆਲਾ ਦੀਆਂ ਤਾਂ ਕਲਾਸਾਂ ਵੀ ਲੱਗਣੀਆਂ ਸ਼ੁਰੂ ਹੋ ਗਈਆਂ, ਪਰ ਮੇਰੀ ਚਿੱਠੀ ਨਹੀਂ ਆਈ, ਆਉਂਦੀ ਵੀ ਕਿਵੇਂ, ਪਾਸ ਅੰਕ ਹੀ ਨਹੀਂ ਆਏ। ਮੇਰੀ ਜੰਿਦਗੀ ਦਾ ਨਕਸ਼ਾ ਮੇਰੇ ਹੰਕਾਰ ਕਾਰਨ ਬਿਲਕੁਲ ਹੀ ਬਦਲ ਗਿਆ। ਮੈਨੂੰ ਤਾਂ ਜੰਿਦਗੀ ਵਿੱਚ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਪਰ ਮੈਂ ਬਾਕੀ ਸਾਰੇ ਬੱਚਿਆਂ ਨੂੰ ਇਹ ਸਲਾਹ ਹੀ ਦਿਆਂਗੀ ਕਿ 'ਹੰਕਾਰ' ਬਿਲਕੁਲ ਨਾ ਕਰਿਓ, ਨਹੀਂ ਤਾਂ ਬਾਅਦ ਵਿੱਚ ਪਛਤਾਉਣ ਦਾ ਕੋਈ ਫ਼ਾਇਦਾ ਨਹੀਂ, ਕਿਸਮਤ ਕਦੇ-ਕਦਾਈਂ ਹੀ ਦਰਵਾਜ਼ੇ 'ਤੇ ਦਸਤਕ ਦਿੰਦੀ ਹੈ, ਸੁਨਿਹਰੀ ਮੌਕਾ ਨਾ ਕਦੇ ਖੁੰਝਣ ਦਿਓ।


## ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?

| | | | | | | | | | |
|---|---|---|---|---|---|---|---|---|---|
| P | R | O | N | N | O | I | T | C | E |
| A | N | U | O | I | N | T | E | R | J |
| D | V | E | R | B | D | E | T | E | R |
| E | A | P | R | E | P | O | S | I | M |
| L | D | P | E | E | N | O | I | T | I |
| C | J | A | C | P | B | C | R | E | N |
| I | E | R | H | S | R | O | N | O | N |
| T | C | T | O | F | E | N | J | U | O |
| R | T | I | V | E | V | L | U | N | I |
| A | N | U | M | E | R | A | N | C | T |

Find all the words from the word list (ignore spaces and dashes, if any):

ADJECTIVE
ADVERB
ARTICLE
CONJUNCTION
DETERMINER
INTERJECTION
NOUN
NUMERAL
PART OF SPEECH
PREPOSITION
PRONOUN
VERB

## ਬਿੰਦੂ ਮਿਲਾਓ




## ਰਸਤਾ ਲੱਭੋ



## ਪਹੇਲੀ ਹੱਲ ਕਰੋ

ਕੀ ਤੁਸੀਂ ਦੱਸ ਸਕਦੇ ਹੋ ਕਿ ਹੇਠਾਂ ਦਿੱਤੀ ਪਹੇਲੀ ਵਿਚੋਂ ਹਰੇਕ ਵੱਖ ਵੱਖ ਚੀਜ਼ਾਂ ਦਾ ਭਾਰ ਦੱਸ ਸਕਦੇ ਹੋ?



# ਸਾਹ ਤੋਂ ਸੁਆਹ ਵੱਲ

ਭਾਗ ਦੂਜਾ



ਲੇਖਕ : ਹਰਵਿੰਦਰ ਸਿੰਘ ਰੋਡੇ
ਸੰਪਰਕ: 98889-79308

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਧੰਮੀ ਵੇਲੇ ਇੱਕ ਕਿਸ਼ਤੀ ਹੋਰ ਆਈ; ਉਹਦੇ ਸਵਾਰਾਂ ਨਾਲ ਵੀ ਉਹੀ ਸਲੂਕ ਹੋਇਆ। ਜਦ ਉਹ ਵੀ ਉਨ੍ਹਾਂ ਵੱਲ ਨੂੰ ਤੁਰੇ ਆ ਰਹੇ ਸਨ ਤਾਂ ਬਲਵੀਰ ਨੂੰ ਇਨ੍ਹਾਂ ਵਿੱਚ ਕਾਫ਼ੀ ਲੋਕ ਭਾਰਤੀ ਲੱਗੇ। ਇੱਕ ਇੱਕ ਤੇ ਦੋ ਗਿਆਰਾਂ ਵਾਂਙ ਦੋ ਟੋਲੀਆਂ ਦੇ ਆਪੋ ਵਿੱਚ ਮਿਲ ਜਾਣ ’ਤੇ ਸਭ ਦੇ ਹੌਸਲੇ ਦੂਣੇ ਹੋ ਗਏ। ਹੁਣ ਉਨ੍ਹਾਂ ਦੀ ਟੋਲੀ 50-60 ਜਣਿਆਂ ਦੀ ਬਣ ਗਈ ਸੀ।

ਸਵੇਰ ਦਾ ਸੂਰਜ ਚੜ੍ਹਦਿਆਂ ਦੋ ਡੌਂਕਰ ਉਨ੍ਹਾਂ ਨੂੰ ਲੈਣ ਆਏ ਤੇ ਉਹ ਸਭ ਡੌਂਕਰਾਂ ਦੀ ਅਗਵਾਈ ਹੇਠ ਉੱਚੀਆਂ-ਨੀਵੀਆਂ ਪਹਾੜੀਆਂ ਦੇ ਜੰਗਲੀ ਰਸਤੇ ’ਤੇ ਅੱਗੇ ਨੂੰ ਵਧਣ ਲੱਗੇ। ਡੌਂਕਰਾਂ ਦੇ ਹੱਥਾਂ ਵਿੱਚ ਤੂਤ ਦੀਆਂ ਛਿਟੀਆਂ ਵਰਗੀਆਂ ਪਤਲੀਆਂ-ਪਤਲੀਆਂ ਛਮਕਾਂ ਵੇਖ ਇਉਂ ਲੱਗਦਾ ਸੀ ਜਿਵੇਂ ਉਹ ਬੰਦਿਆਂ ਨੂੰ ਨਹੀਂ ਸਗੋਂ ਪਸ਼ੂਆਂ ਨੂੰ ਹੱਕ ਕੇ ਲਿਜਾ ਰਹੇ ਹੋਣ। ਜੇਕਰ ਕੋਈ ਥੱਕਿਆ-ਟੁੱਟਿਆ ਪੈਰ ਜਿਹੇ ਘੜੀਸਦਾ ਤਾਂ ਡੌਂਕਰ ਉਹਨੂੰ ਗਾਲ੍ਹਾਂ ਕੱਢਦੇ, ਕੁੱਟਦੇ-ਮਾਰਦੇ ਤੇਜ਼ ਤੁਰਨ ਲਈ ਮਜਬੂਰ ਕਰਦੇ। ਫੇਰ ਵੀ ਕੋਈ ਧੀਮੀ ਚਾਲ ਚੱਲਦਾ ਤਾਂ ਉਹਨੂੰ ਉੱਥੇ ਹੀ ਰੁਲਦਾ ਛੱਡ ਜਾਣ ਦੀਆਂ ਧਮਕੀਆਂ ਦਿੰਦੇ।

ਕਿੰਨੇ ਹੀ ਦਿਨ ਹੋ ਗਏ ਸਨ ਉਨ੍ਹਾਂ ਨੂੰ ਇਉਂ ਖੱਜਲ-ਖੁਆਰ ਹੁੰਦਿਆਂ ਪਰ ਪਹੁੰਚੇ ਉਹ ਹਾਲੇ ਅੱਧ ਤੀਕ ਵੀ ਨਹੀਂ ਸਨ। ਦਿਨਾਂ ਦੇ ਬੀਤਣ ਨਾਲ ਸਭ ਨੂੰ ਇਨ੍ਹਾਂ ਉੱਭੜ-ਖਾਭੜ ਰਾਹਾਂ ਤੋਂ ਕਚਿਆਣ ਜਿਹੀ ਆਉਣ ਲੱਗ ਗਈ ਸੀ। 50-60 ਜਣਿਆਂ ਦੀ ਟੋਲੀ ਹੋਣ ਦੇ ਬਾਵਜੂਦ ਹਰ ਕੋਈ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ। ਸਾਰਿਆਂ ਕੋਲ ਬੇਲੋੜੀਆਂ ਜਿਹੀਆਂ ਵਸਤੂਆਂ ਨਾਲ ਭਰੇ; ਭਾਰੇ-ਭਾਰੇ ਬੈਗ। ਕਈਆਂ ਨੇ ਤਾਂ ਰਸਤੇ ਦੀ ਕਠਿਨਾਈ ਵੇਂਹਦਿਆਂ, ਆਪਣੇ ਬੈਗਾਂ ਵਿੱਚੋਂ ਕਈ ਕੁਝ ਬਾਹਰ ਸੁੱਟ ਹੌਲੇ ਕਰ ਲਏ ਸਨ। ਖਾਣ-ਪੀਣ ਦਾ ਸਾਮਾਨ ਦਿਨੋ-ਦਿਨ ਮੁੱਕਦਾ ਜਾਂਦਾ ਸੀ। ਪਾਣੀ ਪੀਣ ਨੂੰ ਤਰਸਦੇ ਕਿਸੇ ਨੌਜਵਾਨ ਨੇ ਦੂਜੇ ਤੋਂ ਪਾਣੀ ਮੰਗਣਾ ਤਾਂ ਅਗਲੇ ਨੇ ਆਪਣੇ ਕੋਲ ਵੀ ਲੋੜ ਜੋਗਾ ਹੀ ਪਾਣੀ ਹੋਣ ਕਰਕੇ ਜਵਾਬ ਦੇ ਦੇਣਾ। ਇਨਸਾਨੀਅਤ ਜਿਵੇਂ ਮਰ ਹੀ ਗਈ ਸੀ। ਅਜਿਹੀ ਸਥਿਤੀ ਵਿੱਚ ਮਹਿਸੂਸ ਹੁੰਦਾ ਸੀ ਕਿ ਸੱਚਮੁੱਚ ਹੀ ਇਸ ਜੱਗ ਵਿੱਚ ਕੋਈ ਕਿਸੇ ਦਾ ਸਕਾ ਨਹੀਂ ਹੈ।

ਮੌਤ ਦੀਆਂ ਰਾਹਾਂ ’ਤੇ ਤੁਰਦੇ ਬਲਵੀਰ ਨੂੰ ਕਦੇ ਵਿਹਲ ਮਿਲਦੀ ਤਾਂ ਉਹ ਘਰੇ ਫੋਨ ਲਾ ਲੈਂਦਾ। ਜੀਓ-ਜੀਅ ਉਹਦੀ ਆਵਾਜ਼ ਨੂੰ ਤਰਸਿਆ ਪਿਆ ਹੁੰਦਾ। ਉਹਦੀ ਮਰਨਊ ਜਿਹੀ ਆਵਾਜ਼ ਹਰੇਕ ਦੇ ਕਾਲਜੇ ਦਾ ਰੁੱਗ ਭਰਕੇ ਲੈ ਜਾਂਦੀ। ਜਿਸ ਦਿਨ ਫੋਨ ਨਾ ਆਉਂਦਾ, ਪਰਿਵਾਰ ਨੂੰ ਚਿੰਤਾ ਬਘਿਆੜੀ ਵੱਢ-ਵੱਢ ਖਾਣ ਲੱਗਦੀ। ਜਿਵੇਂ-ਜਿਵੇਂ ਦਿਨ ਲੰਘਦੇ ਜਾ ਰਹੇ ਸਨ ਤਿਵੇਂ-ਤਿਵੇਂ ਫੋਨ ਆਉਣੋਂ ਘਟਦਾ ਜਾ ਰਿਹਾ ਸੀ; ਫ਼ਲਸਰੂਪ ਜਸਨੂਰ ਦਾ ਦਿਲ ਵੀ ਘਟਦਾ ਚਲਾ ਜਾਂਦਾ। ਉਹਨੂੰ ਕਿਤਾਬਾਂ ਵਿੱਚ ਪੜ੍ਹੇ, ਡੰਕੀ ਦੇ ਖ਼ਤਰੇ ਯਾਦ ਆਉਂਦੇ। ਅੰਦਰੋਂ ਸੂਲ ਉੱਠਦਾ।

ਓਧਰ ਬਲਵੀਰ ਲਈ ਰੋਜ਼ ਫੋਨ ਲਾਉਣਾ ਸੰਭਵ ਨਹੀਂ ਸੀ। ਫੋਨ ਲਾਉਣਾ ਤਾਂ ਦੂਰ; ਡੌਂਕਰਾਂ ਦੀਆਂ ਗੱਡੀਆਂ ਜਾਂ ਘਰਾਂ ਤੋਂ ਫੋਨ ਚਾਰਜ ਕਰਨੇ ਹੀ ਚੁਣੌਤੀ ਭਰਿਆ ਕਾਰਜ ਸੀ। ਸਾਰਾ-ਸਾਰਾ ਦਿਨ ਜੰਗਲਾਂ ਵਿੱਚ ਤੁਰਨਾ। ਬੂਟਾਂ ਵਿੱਚ ਕਸੇ ਪੈਰ ਪਾਟਣ ’ਤੇ ਆ ਜਾਣੇ। ਜਦ ਬੂਟ ਉਤਾਰਨੇ ਤਾਂ ਪੈਰਾਂ ਵਿੱਚੋਂ ਸੜਿਹਾਂਦ ਮਾਰਨੀ। ਹਰ ਦੂਜੇ-ਤੀਜੇ ਦਿਨ ਨਵੇਂ ਡੌਂਕਰਾਂ ਨਾਲ ਵਾਹ ਪੈਣਾ। ਕਿਸੇ ਡੌਂਕਰ ਨੇ ਉਨ੍ਹਾਂ ਦੀ ਟੋਲੀ ਨੂੰ ਆਪਣੇ ਘਰ ਠਹਿਰਾਉਣਾ, ਕਿਸੇ ਨੇ ਕਿਸੇ ਕੈਂਪ ਵੱਲ ਮੋੜ ਦੇਣੇ। ਕਿਤੇ ਡੌਂਕਰਾਂ ਨੇ ਹੀ ਉਨ੍ਹਾਂ ਦੀ ਲੁੱਟ-ਖੋਹ ਕਰਨ ਲੱਗ ਜਾਣਾ। ਇੱਕ ਵੇਲਾ ਤਾਂ ਅਜਿਹਾ ਵੀ ਆਇਆ ਜਿੱਥੇ ਡੌਂਕਰਾਂ ਨੇ ਉਨ੍ਹਾਂ ਦੀ ਟੋਲੀ ਨੂੰ ਲੁੱਟ ਕੇ ਕੇਵਲ ਨਿੱਕਰ-ਬਨੈਣ ਵਿੱਚ ਅੱਗੇ ਭੇਜਿਆ। ਅਜਿਹੇ ਸਮਿਆਂ ਵਿੱਚ ਅੱਗੇ ਮਿਲੇ ਡੌਂਕਰਾਂ ਦੀ ਮੱਦਦ ਨਾਲ ਉਹ ਘਰ ਸੰਪਰਕ ਕਰਦੇ ਤੇ ਪੈਸੇ ਮੰਗਵਾਉਂਦੇ। ਇਉਂ ਬਲਵੀਰ ਦੇ ਪੱਚੀ ਲੱਖ ਤੋਂ ਬਿਨਾਂ ਚਾਰ-ਪੰਜ ਲੱਖ ਰੁਪਏ ਹੋਰ ਵੀ ਖਰਚੇ ਗਏ।

ਇੱਕੋ ਕਾਰਜ ਨੂੰ ਫ਼ਤਹਿ ਕਰਨ ਗਿਆਂ ਵਾਂਙ ਇੱਕੋ ਰਾਹ ਦੇ ਪਾਂਧੀਆਂ ਵਿੱਚ ਮਿੱਤਰਤਾ ਉਪਜਣੀ ਸੁਭਾਵਿਕ ਹੈ। ਉਹਦੀ ਟੋਲੀ ਵਿਚਲੇ ਭਾਰਤੀਆਂ ਵਿੱਚੋਂ ਉਹ ਚਾਰ-ਪੰਜ ਜਣੇ ਦੋਸਤੀ ਦੇ ਧਾਗੇ ’ਚ ਪਰੋਏ ਗਏ। ਇਨ੍ਹਾਂ ਵਿੱਚੋਂ ਭੰਡਾਲ ਤੇ ਸੋਢੀ ਤਾਂ ਉਸ ਨਾਲ ਮੂਲੋਂ ਹੀ ਘਿਉ-ਖਿਚੜੀ ਹੋ ਗਏ।

‘‘ਕਿਉਂ ਬਾਈਓ! ਜੇ ਭਲਾ ਆਪਣੇ ’ਚੋਂ ਕੋਈ ਰਾਹ ਵਿੱਚ ਈ ਖੁਰਦ-ਬੁਰਦ ਹੋ’ਜੇ ਤਾਂ ਦੂਜੇ ਉਹਦੇ ਘਰੇ ਤਾਂ ਦੱਸ ਦੇਣਗੇ ਕਿ ਨਹੀਂ!’’ ਕਦੇ-ਕਦੇ ਬਲਵੀਰ ਨੇ ਆਪਣੇ ਨਾਲ ਦਿਆਂ ਨੂੰ ਆਖਣਾ।

‘‘ਓ ਕੋਈ ਨਾ, ਇਉਂ ਨਹੀਂ ਕੁਝ ਹੋਣ ਲੱਗਾ। ਸਾਰੇ ਆਪਣੇ ਵਰਗੇ ਈ ਐ। ਨਾਲੇ ਅੱਗੇ ਕਿਹੜਾ ਲੋਕ ਇਨ੍ਹਾਂ ਰਾਹਾਂ ’ਤੇ ਗਏ ਨ੍ਹੀਂ।’’ ਸੋਢੀ ਨੇ ਹੌਸਲਾ ਦੇਣਾ।

ਹੱਥੀਂ ਬੀਜੇ ਕੰਡਿਆਂ ’ਤੇ ਤੁਰਦੇ ਬਲਵੀਰ ਨੂੰ ਆਪਣੀ ਸਿਹਤ ਦਿਨੋ-ਦਿਨ ਨਿੱਘਰਦੀ ਜਾਂਦੀ ਲੱਗੀ। ਇਹ ਸੋਢੀ ਤੇ ਭੰਡਾਲ ਹੀ ਸਨ, ਜਿਨ੍ਹਾਂ ਨੇ ਦੋਸਤੀ ਦੀ ਮਿਸਾਲ ਕਾਇਮ ਕਰਦਿਆਂ ਕਿਸੇ ਹਾਲ ’ਚ ਵੀ ਉਹਦੀ ਬਾਂਹ ਨਾ ਛੱਡੀ; ਬੇਸ਼ੱਕ ਇਸ ਬਦਲੇ ਕਈ ਵਾਰ ਉਨ੍ਹਾਂ ਨੂੰ ਆਪਣੀ ਜਾਨ ਵੀ ਖ਼ਤਰੇ ’ਚ ਪਾਉਣੀ ਪਈ। ਕਈ ਵਾਰ ਲਗਾਤਾਰ ਦੋ-ਦੋ ਦਿਨ ਭੁੱਖਣ ਭਾਣੇ ਰਹਿਣਾ ਪੈਂਦਾ। ਕਿਸੇ-ਕਿਸੇ ਕੈਂਪ ਵਿੱਚ ਪਹੁੰਚ ਕੇ ਖਾਣ-ਪੀਣ ਹੋ ਜਾਂਦਾ ਤਾਂ ਕਾਲਜੇ ਧਾਫ਼ੜੇ ਜਾਂਦੇ। ਕਿਤੇ-ਕਿਤੇ ਹੋਰ ਕੱਪੜੇ ਵੀ ਨਸੀਬ ਹੋ ਜਾਂਦੇ। ਢਾਈ-ਤਿੰਨ ਮਹੀਨੇ ਤੰਗੀਆਂ-ਤੁਰਸ਼ੀਆਂ ਝੱਲਦੇ ਉਹ ਪਨਾਮਾ, ਕੋਸਟਾਰੀਕਾ, ਨਿਕਰਾਗੁਆ ਤੋਂ ਹੁੰਦੇ ਹੋਏ ਗੁਆਟੇਮਾਲਾ ਦਾ ਬਾਰਡਰ ਟੱਪ ਮੈਕਸਿਕੋ ਪੁੱਜ ਗਏ। ਮੈਕਸਿਕੋ ਦੇ ਤਾਪਾਚੁਲਾ ਕੈਂਪ ਵਿੱਚ ਦੋ ਡੰਗ ਦਾ ਅੰਨ ਤਾਂ ਨਸੀਬ ਹੋ ਜਾਂਦਾ, ਪ੍ਰੰਤੂ ਇਹਦੇ ਲਈ ਲਗਾਤਾਰ ਦੋ-ਦੋ ਘੰਟੇ ਕਤਾਰ ਵਿੱਚ ਲੱਗਣਾ ਪੈਂਦਾ ਸੀ; ਮਾਨੋ ਰੋਟੀ ਖਾਣ ਲਈ ਇੱਕ ਲੰਮਾ ਯੁੱਧ ਲੜਨਾ ਪੈਂਦਾ। ਕਈ ਵਾਰ ਕਤਾਰ ਵਿੱਚ ਲੱਗੇ ਨੌਜਵਾਨਾਂ ਨੇ ਥੱਪੜੋ-ਥੱਪੜੀ ਹੋ ਜਾਣਾ। ਇਹ ਸਭ ਰੰਗ-ਢੰਗ ਵੇਖ ਕੇ ਇਉਂ ਲੱਗਦਾ ਜਿਵੇਂ ਇਹ ਕਤਾਰ ਬੰਦਿਆਂ ਦੀ ਨਾ ਹੋ ਕੇ ਜਾਨਵਰਾਂ ਦੀ ਹੋਵੇ।

ਵੀਹ-ਬਾਈ ਦਿਨ ਤਾਪਾਚੁਲਾ ਦੇ ਕੈਂਪ ਵਿੱਚ ਗੁਜ਼ਾਰਨ ਮਗਰੋਂ ਉਨ੍ਹਾਂ ਤਾਪਾਚੁਲਾ ਤੋਂ ਮੈਕਸਿਕੋ ਸਿਟੀ ਤੇ ਉੱਥੋਂ ਮੈਕਸੀਕੈਲੀ ਸ਼ਹਿਰ ਤੱਕ, ਢਾਈ-ਤਿੰਨ ਹਜ਼ਾਰ ਕਿਲੋਮੀਟਰ ਦਾ ਦੁਸ਼ਵਾਰੀਆਂ ਭਰਿਆ ਸਫ਼ਰ ਨੇਪਰੇ ਚਾੜ੍ਹਿਆ। ਹਰ ਪੜਾਅ ਦੀ ਤਰ੍ਹਾਂ ਮੈਕਸੀਕੈਲੀ ਤੋਂ ਵੀ ਉਨ੍ਹਾਂ ਨੂੰ ਨਵੇਂ ਡੌਂਕਰ ਮਿਲੇ ਤੇ ਉਨ੍ਹਾਂ ਦੀਆਂ ਤਸਵੀਰਾਂ ਦਿਖਾਉਂਦਿਆਂ, ਆਪਣੀ ਕਾਰ ਵਿੱਚ ਬਿਠਾਉਣ ਲੱਗੇ। ਵਰੋਲਾ ਬਣੀ ਕਾਰ ਨੂੰ ਇੱਕ ਛੋਟੇ ਜਿਹੇ ਘਰ ਵਿੱਚ ਲਿਜਾਂਦਿਆਂ, ਦੂਜੇ ਡੌਂਕਰਾਂ ਵਾਂਙ ਇਨ੍ਹਾਂ ਵੀ ਰਿਵਾਲਵਰ-ਰਾਈਫਲਾਂ ਦਿਖਾਈਆਂ ਤੇ ਇੱਕੋ ਮਿੰਟ ਵਿੱਚ ਲੁੱਟ-ਖੋਹ ਕਰਕੇ ਅਗਾਂਹ ਵੱਲ ਚਾਲੇ ਪੁਆ ਦਿੱਤੇ।

ਮੈਕਸੀਕੈਲੀ ਸਿਟੀ ਵਿੱਚ ਤਕਰੀਬਨ ਤੀਹ-ਪੈਂਤੀ ਮਿੰਟ ਕਾਰ ਸ਼ੂਕਦੀ ਰਹੀ। ਉਸੇ ਸੜਕ ਦੇ ਨਾਲ-ਨਾਲ 15-20 ਫੁੱਟ ਉੱਚੀ ਕੰਧ ਨਜ਼ਰ ਆਉਂਦੀ ਸੀ। ਇਸੇ ਕੰਧ ਦੇ ਦੂਜੇ ਪਾਸੇ ਅਮਰੀਕਾ ਸੀ। ਸਾਰਿਆਂ ਦੇ ਮਨ ਵਿੱਚ ਇਸ ਕੰਧ ਨੂੰ ਵੇਖਦਿਆਂ ਬਿਜਲੀ ਦੀ ਗਤੀ ਨਾਲ ਵਿਚਾਰ ਦੌੜ ਰਹੇ ਸਨ। ਕਿੰਨੇ ਮਹੀਨਿਆਂ ਤੋਂ ਨਰਕ ਵਰਗਾ ਸਫ਼ਰ ਕਰਨ ਤੋਂ ਬਾਅਦ ਉਨ੍ਹਾਂ ਨੂੰ ਅਮਰੀਕਾ ਨਸੀਬ ਹੋਣ ਜਾ ਰਿਹਾ ਸੀ। ਦੋ ਕਿਲੋਮੀਟਰ ਕੰਧ ਦੇ ਨਾਲ-ਨਾਲ ਚੱਲਣ ਤੋਂ ਬਾਅਦ ਕਾਰ ਰੁਕੀ।

ਡਰਾਈਵਰ ਨੇ ਇਸ਼ਾਰਾ ਕੀਤਾ, ‘‘ਉਹ ਸਾਹਮਣੇ ਜੋ ਦਰੱਖਤ ਐ, ਉਸ ਨਾਲ ਲਟਕ ਕੇ ਦੀਵਾਰ ’ਤੇ ਚੜ੍ਹੋ ਤੇ ਦੂਜੇ ਪਾਸੇ ਛਾਲ ਮਾਰ ਦਿਉ। ਇਉਂ ਤੁਸੀਂ ਅਮਰੀਕਾ ਵਿੱਚ ਦਾਖ਼ਲ ਹੋ ਜਾਵੋਗੇ।’’

ਡਰਾਈਵਰ ਦੀ ਦੱਸੀ ਜੁਗਤ ਨਾਲ ਸਭ ਨੇ ਡਰ-ਭੁੱਕਰ ਦੂਰ ਕਰਦਿਆਂ ਵਾਰੋ-ਵਾਰੀ ਛਾਲਾਂ ਮਾਰ ਦਿੱਤੀਆਂ। ਬਲਵੀਰ ਨੇ ਅਮਰੀਕਾ ਦੀ ਧਰਤੀ ਨਾਲ ਮੱਥਾ ਛੁਹਾਇਆ; ਉਹਦਾ ਅਮਰੀਕਾ ਆਉਣ ਦਾ ਸੁਪਨਾ ਜੁ ਪੂਰਾ ਹੋ ਗਿਆ ਸੀ। ਹਾਲੇ ਉਹ ਛਾਲਾਂ ਮਾਰ ਕੇ ਸੁਰਤ ਸਿਰ ਹੀ ਹੋਏ ਸਨ ਕਿ ਬਾਰਡਰ ਪੈਟਰੋਲਿੰਗ ਦੀ ਗੱਡੀ ਉਨ੍ਹਾਂ ਕੋਲ ਆ ਪਹੁੰਚੀ। ਏਜੰਟਾਂ ਦੇ ਸਮਝਾਏ ਅਨੁਸਾਰ ਸਭ ਨੇ ਹੱਥ ਖੜ੍ਹੇ ਕਰ ਦਿੱਤੇ।

‘‘ਆਰ ਯੂ ਇੰਡੀਅਨ?’’ ਗੋਰੇ ਪੁਲੀਸ ਅਫਸਰ ਦੁਆਰਾ ਪੁੱਛੇ ਇਸ ਸਵਾਲ ਦਾ ਜਵਾਬ ‘ਹਾਂ’ ਵਿੱਚ ਮਿਲਦਿਆਂ; ਉਨ੍ਹਾਂ ਨੇ ਇਕੱਲੇ-ਇਕੱਲੇ ਦਾ ਨਾਂ ਨੋਟ ਕਰ ਕੇ ਗੱਡੀ ਵਿੱਚ ਬਿਠਾ ਲਿਆ।

ਭੰਬੀਰੀਆਂ ਬਣੇ ਗੱਡੀ ਦੇ ਟਾਇਰ ਘੰਟੇ ਕੁ ਮਗਰੋਂ ਇੱਕ ਚੌਕੀ ’ਚ ਜਾਮ ਹੋ ਗਏ। ਚੌਕੀ ਕਾਹਦੀ? ਇਹ ਤਾਂ ਕਿਸੇ ਤਸੀਹਾ ਕੇਂਦਰ ਤੋਂ ਘੱਟ ਨਹੀਂ ਸੀ। ਬਲਵੀਰ ਹੁਰਾਂ ਦਾ ਸਾਰਾ ਸਾਮਾਨ ਜਮ੍ਹਾਂ ਕਰਵਾਉਂਦਿਆਂ, ਉਨ੍ਹਾਂ ਨੂੰ ਇੱਕ ਠੰਢੇ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ; ਜਿੱਥੇ ਪਹਿਲਾਂ ਵੀ ਕੁਝ ਆਦਮੀ ਬੰਦ ਸਨ।

ਤਿੰਨ ਦਿਨ ਇਨ੍ਹਾਂ ਤਸੀਹਿਆਂ ਵਿੱਚ ਹੀ ਉਨ੍ਹਾਂ ਦੀ ਪੁੱਛਗਿੱਛ ਹੁੰਦੀ ਰਹੀ। ਚੌਥੇ ਦਿਨ ਦੁਪਹਿਰ ਵੇਲੇ ਸਭ ਨੂੰ ਇੱਕ ਬੱਸ ਵਿੱਚ ਬਿਠਾ ਕੇ ਰਫਿਊਜੀ ਕੈਂਪ ਵੱਲ ਲਿਜਾਇਆ ਗਿਆ। ਬੰਦ ਬੱਸ ਵਿੱਚ ਉਹ ਪੂਰਾ ਸਵਾ ਘੰਟਾ ਘੁਟਣ ਮਹਿਸੂਸ ਕਰਦੇ ਰਹੇ। ਜ਼ਿੰਦਗੀ ਦੇ ਇਹ ਰੰਗ ਉਨ੍ਹਾਂ ਕਦੇ ਸੁਪਨੇ ਵਿੱਚ ਵੀ ਨਹੀਂ ਸਨ ਵੇਖੇ। ਵੀਰਾਨ ਜਿਹੀ ਧਰਤੀ ’ਤੇ ਵੀਰਾਨ ਜਿਹੇ ਲੋਕਾਂ ਵਿੱਚ, ਉਹ ਵੀ ਵੀਰਾਨ ਹੋ ਗਏ। ਆਲੇ-ਦੁਆਲੇ ਚਿੱਟੀ-ਚਿੱਟੀ ਰੇਤ; ਨਿਰਾ ਮਾਰੂਥਲ। ਕਿਤੇ ਵੀ ਕੋਈ ਹਰਾ ਦਰੱਖਤ ਨਹੀਂ ਸੀ ਦਿਸਦਾ।

ਬੱਸ ਤੋਂ ਉਤਾਰਦਿਆਂ ਤਲਾਸ਼ੀਆਂ ਲੈ ਕੇ ਉਨ੍ਹਾਂ ਨੂੰ ਵੱਡੇ ਹਾਲ ਵਿੱਚ ਤਾੜਨਾ ਸ਼ੁਰੂ ਕੀਤਾ। ਛੇ-ਸੱਤ ਘੰਟਿਆਂ ਬਾਅਦ ਸਭ ਨੂੰ ਆਪੋ ਆਪਣਾ ਰਫਿਊਜੀ ਨੰਬਰ ਮਿਲਿਆ ਤੇ ਸੱਤ-ਸੱਤ ਜਣਿਆਂ ਦੇ ਗਰੁੱਪ ਬਣਾ ਕੇ ਬੈਰਕਾਂ ਅਲਾਟ ਕਰ ਦਿੱਤੀਆਂ ਗਈਆਂ। ਇੱਥੇ ਆਣ ਕੇ ਉਹ ਆਪਣੇ ਆਪ ਵਿੱਚ ਖ਼ੁਸ਼ੀ ਮਹਿਸੂਸ ਕਰਨ ਲੱਗੇ। ਏਜੰਟਾਂ ਦੇ ਕਹੇ ਮੁਤਾਬਿਕ ਏਥੇ ਉਨ੍ਹਾਂ ਦੇ ਬਿਆਨ ਹੋਣੇ ਸਨ ਤੇ ਬਿਆਨਾਂ ਤੋਂ ਬਾਅਦ ਬਾਂਡ ਡੇਟ ਲੈ ਕੇ ਉਨ੍ਹਾਂ 20-25 ਦਿਨਾਂ ਵਿੱਚ ਇੱਥੋਂ ਆਜ਼ਾਦ ਹੋ ਕੇ ‘ਪੱਕੇ ਅਮਰੀਕਾ ਵਾਲੇ’ ਬਣ ਜਾਣਾ ਸੀ।

ਇਸੇ ਕੈਂਪ ਵਿੱਚ ਪਹਿਲਾਂ ਤੋਂ ਹੀ ਪੰਜ-ਛੇ ਸੌ ਦੇ ਕਰੀਬ ਲੋਕ ਹੋਰ ਸਨ। ਦੂਜੇ ਦਿਨ ਉਨ੍ਹਾਂ ਲੋਕਾਂ ਨਾਲ ਦੁਆ-ਸਲਾਮ ਹੋਈ ਤਾਂ ਸਭ ਆਪੋ-ਆਪਣੀ ਮਾੜੀ ਕਿਸਮਤ ਨੂੰ ਕੋਸ ਰਹੇ ਸਨ। ਕੋਈ ਦੋ ਮਹੀਨਿਆਂ ਤੋਂ, ਕੋਈ ਛੇ ਮਹੀਨਿਆਂ ਤੋਂ ਤੇ ਕੋਈ-ਕੋਈ ਤਾਂ ਡੇਢ-ਡੇਢ ਸਾਲ ਤੋਂ ਇੱਥੇ ਹੀ ਰਹਿ ਰਿਹਾ ਸੀ। ਉਨ੍ਹਾਂ ਦੀ ਹਾਲਤ ਵੇਖ, ਬਲਵੀਰ ਨੂੰ ਧੁੜਧੁੜੀ ਆਈ। ਉਹ ਕੀ ਜਾਣਦਾ ਸੀ ਕਿ ਉਹਨੂੰ ਵੀ ਏਨਾ ਲੰਮਾ ਸਮਾਂ ਏਥੇ ਰਹਿਣਾ ਪੈ ਸਕਦਾ ਹੈ।

ਉਹਦਾ ਵੀਹ-ਪੱਚੀ ਦਿਨਾਂ ਵਿੱਚ ਬਿਆਨ ਹੋ ਜਾਣ ਵਾਲਾ ਸੁਪਨਾ ਪਾਣੀ ’ਚ ਡਿੱਗੇ ਪਤਾਸੇ ਵਾਂਙ ਖੁਰ ਗਿਆ। ਸਖ਼ਤੀ ਭਰੇ ਏਸ ਮਾਹੌਲ ਵਿੱਚ ਜੀਵਨ ਬਸਰ ਕਰਦਿਆਂ; ਹੱਸਣਾ ਤਾਂ ਜਿਵੇਂ ਉਹ ਭੁੱਲ ਹੀ ਗਿਆ ਹੋਵੇ। ਘਰ ਭਾਵੇਂ ਉਹਦੀ ਗੱਲ ਹੋ ਜਾਂਦੀ ਸੀ ਪਰ ਜ਼ਿਆਦਾ ਗੱਲ ਕਰਨ ਨੂੰ ਉਹਦਾ ਮਨ ਨਾ ਕਰਦਾ। ਸਭ ਨੂੰ ਇੱਥੇ ਬਿਆਨਾਂ ਦੀ ਚਿੰਤਾ ਰਹਿੰਦੀ। ਇੱਥੇ ਰਹਿੰਦਿਆਂ ਉਹਨੇ ਕਈ ਮੁੰਡਿਆਂ ਦੇ ਬਿਆਨ ਫੇਲ੍ਹ ਹੁੰਦੇ ਵੇਖੇ ਸਨ। ਬਿਆਨ ਫੇਲ੍ਹ ਹੋਣ ’ਤੇ ਕੋਈ ਨੌਜਵਾਨ ਫਾਹਾ ਲੈਣ ਦੀ ਕੋਸ਼ਿਸ਼ ਕਰਦਾ, ਕੋਈ ਆਪਣੀ ਨਸ ਕੱਟ ਲੈਂਦਾ, ਕੋਈ ਆਪਣਾ ਦਿਮਾਗ਼ੀ ਸੰਤੁਲਨ ਗੁਆ ਬੈਠਦਾ। ਹਰ ਹਫ਼ਤੇ ਕਈ ਨਵੇਂ ਮੁੰਡੇ ਆ ਜਾਂਦੇ, ਕਈ ਡਿਪੋਰਟ ਕਰ ਦਿੱਤੇ ਜਾਂਦੇ। ਕਿਸੇ ਵਿਰਲੇ-ਵਾਂਝੇ ਦੇ ਬਿਆਨ ਪਾਸ ਹੋ ਜਾਂਦੇ ਤਾਂ ਉਹਤੋਂ 25,000 ਡਾਲਰ ਦੇ ਕਰੀਬ ਬਾਂਡ ਰਕਮ ਭਰਵਾ ਕੇ ਆਜ਼ਾਦ ਕਰ ਦਿੱਤਾ ਜਾਂਦਾ।

ਪੌਣੇ ਕੁ ਤਿੰਨ ਮਹੀਨਿਆਂ ਮਗਰੋਂ ਬਲਵੀਰ ਦੇ ਬਿਆਨਾਂ ਦੀ ਵੀ ਸੈਂਤ ਆ ਗਈ। ਏਨਾ ਚਿਰ ਰੁਲਣ-ਖੁਲਣ ਮਗਰੋਂ ਬਿਆਨ ਹੋਣੇ ਮਹਿਜ਼ ਟਾਸ ਕਰਨ ਲਈ ਹਵਾ ਵਿੱਚ ਸਿੱਕਾ ਉਛਾਲਣ ਦੇ ਬਰਾਬਰ ਹੈ। ਧਰਤੀ ’ਤੇ ਡਿੱਗਦੇ ਸਿੱਕੇ ਦਾ ਕੋਈ ਵੀ ਪਾਸਾ ਉੱਪਰ ਆ ਸਕਦਾ ਏ; ਪਾਸ ਵਾਲਾ ਵੀ ਤੇ ਫੇਲ੍ਹ ਵਾਲਾ ਵੀ। ਬਲਵੀਰ ਆਪਣੇ ਮਨੋਬਲ ਨੂੰ ਠੁੰਮ੍ਹਣਾ ਦੇਂਦਾ ਪਾਸ ਵਾਲਾ ਪਾਸਾ ਉੱਪਰ ਆਉਣ ਬਾਰੇ ਮਨੋ-ਮਨ ਸੋਚਦਾ, ‘ਲੰਮੇ ਸੰਘਰਸ਼ ਬਾਅਦ ਮਿਲੀ ਕਾਮਯਾਬੀ ਦੀ ਖ਼ੁਸ਼ੀ ਦਾ ਰੰਗ ਵੀ ਮਾਣਿਆਂ ਹੀ ਬਣਦਾ ਏ।’ ਆਸਾਂ ਭਰੇ ਮਨ ਨੂੰ ਅਰਦਾਸਾਂ ਨਾਲ ਲਬਰੇਜ਼ ਕਰਦਾ ਬਲਵੀਰ ਬਿਆਨ ਦੇਣ ਗਿਆ।

ਗੱਲ ਉਹੀ ਹੋਈ ਜੀਹਦਾ ਡਰ ਸੀ। ਬਹੁਤਿਆਂ ਵਾਂਙ ਉਹਦੇ ਬਿਆਨ ਵੀ ਡਿਨਾਈ ਕਰ ਦਿੱਤੇ ਗਏ। ਜਿਵੇਂ ਆਂਹਦੇ ਨੇ ਘੱਟ ਉਚਾਈ ਤੋਂ ਡਿੱਗਿਆਂ ਸੱਟ ਵੀ ਘੱਟ ਲੱਗਦੀ ਹੈ, ਪਰ ਸਿਖ਼ਰ ’ਤੇ ਪਹੁੰਚ ਕੇ ਡਿੱਗੇ ਬੰਦੇ ਦਾ ਰਹਿੰਦਾ ਕੱਖ ਨਹੀਂ। ਬਿਆਨਾਂ ਦੇ ਫੇਲ੍ਹ ਹੁੰਦਿਆਂ ਉਹਦੇ ਸਿਰ ਨੂੰ ਘੁਮੇਰ ਚੜ੍ਹ ਗਈ। ਪਤਾ ਨਹੀਂ ਕੀ ਭਾਣਾ ਵਾਪਰ ਜਾਂਦਾ, ਜੇਕਰ ਉਹਦਾ ਵਕੀਲ ਨਵਾਂ ਰਾਹ ਨਾ ਖੋਲ੍ਹਦਾ!

‘‘ਯਾਰ, ਬਿਆਨ ਤਾਂ ਬੜਿਆਂ ਦੇ ਡਿਨਾਈ ਹੋ ਜਾਂਦੇ ਨੇ... ਸੱਚ ਤਾਂ ਇਹ ਐ ਕਿ ਅਮੈਰਿਕਾ ਸਰਕਾਰ ਇਹ ਕੰਮ ਕਰਦੀ ਹੀ ਜਾਣ-ਬੁੱਝ ਕੇ ਐ ਤਾਂ ਜੋ ਹੋਰ ਪੈਸੇ ਬਟੋਰੇ ਜਾ ਸਕਣ। ਐਹੋ ਜਿਹੇ ਬਥੇਰੇ ਕੇਸ ਕੱਢੇ ਐ ਮੈਂ... ਤੂੰ ਚਿੰਤਾ ਨਾ ਕਰ... ਚੁੱਪ ਕਰਕੇ ਅਸਾਈਲਮ ਅਪਲਾਈ ਕਰ।’’ ਵਕੀਲ ਦੀ ਇਸ ਦਲੀਲ ਨੇ ਉਹਦੇ ਅੰਦਰ ਮੱਠੀ ਪੈਂਦੀ ਅੱਗ ਮੁੜ ਮਘਾ ਦਿੱਤੀ।

ਅਸਾਈਲਮ ਅਪਲਾਈ ਕਰਨ ’ਤੇ ਉਹਨੂੰ ਪੂਰੇ ਸਵਾ ਚਾਰ ਮਹੀਨੇ ਬਾਅਦ ਦੀ ਤਾਰੀਖ਼ ਮਿਲੀ। ਜੇਲ੍ਹ ਰੂਪੀ ਕੈਂਪ ਦੇ ਨੀਰਸ ਜਿਹੇ ਦਿਨ ਫਿਰ ਰੀਂਗੇ ਪੈ ਗਏ। ਪਲ-ਪਲ ਉਂਗਲਾਂ ’ਤੇ ਗਿਣਦਿਆਂ ਮਸਾਂ ਕਿਤੇ ਜਾ ਕੇ ਸਵਾ ਚਾਰ ਮਹੀਨੇ ਲੰਘੇ ਤਾਂ ਜੱਜ ਨੇ ਫੇਰ ਕਿਸੇ ਕਾਰਨ ਕਰਕੇ ਉਹਦੀ ਤਾਰੀਖ਼ ਅੱਗੇ ਪਾ ਦਿੱਤੀ। ਤਕਰੀਬਨ ਤਿੰਨ-ਚਾਰ ਮਹੀਨੇ ਹੋਰ ਭੰਗ ਦੇ ਭਾਣੇ ਜਾ ਪਏ। ਅਖ਼ੀਰੀਂ ਉਹਦੀ ਅਸਾਈਲਮ ਦੀ ਤਾਰੀਖ਼ ਭੁਗਤੀ ਤਾਂ ਜੱਜ ਨੇ ਮੁੜ ਬਲਵੀਰ ਦੇ ਬਿਆਨਾਂ ’ਤੇ ਕੋਈ ਯਕੀਨ ਨਾ ਕਰਦਿਆਂ ਅਸਾਈਲਮ ਵੀ ਫੇਲ੍ਹ ਕਰ ਦਿੱਤੀ।

ਬਲਵੀਰ ਦਾ ਵਕੀਲ ਹਾਲੇ ਵੀ ਹਾਰ ਮੰਨਣ ਵਾਲਾ ਨਹੀਂ ਸੀ; ਉਹਨੇ ਬਲਵੀਰ ਦੇ ਹਾਰ ਚੁੱਕੇ ਮਨ ’ਤੇ ਆਪਣੀਆਂ ਗੱਲਾਂ ਦਾ ਜਾਦੂ ਧੂੜਨਾ ਸ਼ੁਰੂ ਕੀਤਾ। ਉਹਦੀਆਂ ਗੱਲਾਂ ਦੇ ਵਹਿਣ ਵਿੱਚ ਵਹਿੰਦੇ ਬਲਵੀਰ ਦੀਆਂ ਅੱਖਾਂ ਮੂਹਰੇ ਪਿਛਲੇ ਸਮੇਂ ਝੱਲੀਆਂ ਦੁਸ਼ਵਾਰੀਆਂ ਘੁੰਮਣ-ਘੇਰੀਆਂ ਪਾਉਣ ਲੱਗੀਆਂ। ਉਹਦੀ ਸੁਰਤ ਪਨਾਮਾ ਦੇ ਜੰਗਲਾਂ ’ਚ ਬਿਤਾਏ ਉਨ੍ਹਾਂ ਦਿਨਾਂ ’ਚ ਚਲੀ ਗਈ, ਜਦ ਉਹਦੀ ਹਾਲਤ ਬਿਲਕੁਲ ਹੀ ਨਾਜ਼ੁਕ ਸਥਿਤੀ ਵਿੱਚ ਪੁੱਜ ਗਈ ਸੀ। ਜਾਨ ਬਚਾਉਣ ਲਈ ਕੀ-ਕੀ ਪਾਪੜ ਵੇਲੇ ਸਨ ਉਹਨੇ! ਯਾਦਾਂ ਦੀ ਪੋਥੀ ਵਿਚਲਾ ਉਹ ਪੰਨਾ ਉਹਦੇ ਮੂਹਰੇ ਜੰਮ ਕੇ ਖੜ੍ਹ ਗਿਆ ਜਦ ਪਾਣੀ-ਪਾਣੀ ਕਰਦੇ ਨੂੰ ਕਿਤੋਂ ਪਾਣੀ ਨਹੀਂ ਸੀ ਮਿਲਿਆ ਤਾਂ ਉਹਨੇ ਸੋਢੀ ਮੂਹਰੇ ਆਪਣਾ ਪੇਸ਼ਾਬ ਪਿਆ ਦੇਣ ਲਈ ਵੀ ਹਾੜੇ ਕੱਢੇ ਸਨ। ਸੋਢੀ ਨੇ ਨਾ ਚਾਹੁੰਦਿਆਂ ਹੋਇਆਂ ਵੀ ਆਪਣੇ ਪੇਸ਼ਾਬ ਨਾਲ ਬਲਵੀਰ ਦੀ ਤ੍ਰੇਹ ਬੁਝਾਈ ਸੀ। ਇਹ ਸਭ ਯਾਦ ਆਉਂਦਿਆਂ ਉਹ ਕਦੇ ਵੀ ਪਿੱਛੇ ਮੁੜਨਾ ਮਨਜ਼ੂਰ ਨਹੀਂ ਸੀ ਕਰ ਸਕਦਾ। ਪਿਉ ਤੋਂ ਪੈਸੇ ਮੰਗਵਾ ਉਹਨੇ ਫਿਰ ਅਪੀਲ ਲਾ ਦਿੱਤੀ।

ਅਪੀਲ ਦੀ ਸੁਣਵਾਈ ਹੁੰਦਿਆਂ ਤਕਰੀਬਨ ਪੰਜ-ਛੇ ਮਹੀਨੇ ਹੋਰ ਗੁਜ਼ਰ ਗਏ। ਯੁੱਗਾਂ ਵਰਗੇ ਮਹੀਨੇ। ਏਨਾ ਸਮਾਂ ਤੇ ਪੈਸਾ ਪੱਟੇ ਦਾ ਮੁੱਲ ਕੀ ਪਵੇਗਾ? ਬਲਵੀਰ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। ਫ਼ਿਕਰਾਂ ਦੀ ਢਾਂਗੀ ਨੇ ਉਹਦੀ ਦੇਹ ਨੂੰ ਛਾਂਗਦਿਆਂ ਖੜਸੁੱਕ ਰੁੱਖ ਵਰਗਾ ਕਰ ਦਿੱਤਾ। ਮਸਾਂ ਕਿਤੇ ਜਾ ਕੇ ਸੁਣਵਾਈ ਦੀ ਤਾਰੀਖ਼ ਬਰੂਹੀਂ ਢੁੱਕੀ। ਬਲਵੀਰ ਅਦਾਲਤ ਵਿੱਚ ਪੇਸ਼ ਹੋਇਆ ਤਾਂ ਜੱਜ ਨੇ ਫਿਰ ਦੋ-ਟੁੱਕ ਫ਼ੈਸਲਾ ਦਿੰਦਿਆਂ ਅਪੀਲ ਰੱਦ ਕਰ ਦਿੱਤੀ। ਜਿਵੇਂ ਲੱਖਾਂ ਮਣ ਲੱਕੜਾਂ ਨੂੰ ਅੱਗ ਦੀ ਇੱਕੋ ਚੰਗਿਆੜੀ ਰਾਖ਼ ਕਰ ਦਿੰਦੀ ਹੈ; ਤਿਵੇਂ ਜੱਜ ਦੇ ਦੋ ਬੋਲਾਂ ਨੇ ਉਹਦੀ ਸਾਲਾਂ ਦੀ ਮੁਸ਼ੱਕਤ ਨੂੰ ਰਾਖ਼ ਕਰ ਸੁੱਟਿਆ ਸੀ।

ਜੱਜ ਵਾਂਙ ਬਲਵੀਰ ਵੀ ਹੁਣ ਵਕੀਲ ਦੀ ਕੋਈ ਦਲੀਲ ਸੁਣਨ ਨੂੰ ਤਿਆਰ ਨਹੀਂ ਸੀ। ਉਹਨੂੰ ਇਉਂ ਲੱਗਿਆ ਜਿਵੇਂ ਉਹਦਾ ਵਕੀਲ ਉਸੇ ਤੋਂ ਹੀ ਪੈਸੇ ਬਟੋਰਨ ਦਾ ਮਾਰਾ ਏਸ ਕੇਸ ਨੂੰ ਰੀਂਗੇ ਪਾਈ ਬੈਠਾ ਹੋਵੇ। ਏਜੰਟ ਤੋਂ ਲੈ ਕੇ ਵਕੀਲ ਨੂੰ ਦੇਣ ਤੱਕ ਖ਼ਰਚ ਹੋਏ ਤਕਰੀਬਨ 35 ਲੱਖ ਰੁਪਏ ਦਾ ਝੋਰਾ, ਸ਼ਤੀਰੀ ਨੂੰ ਲੱਗੇ ਘੁਣ ਵਾਂਙ ਉਹਦੇ ਦਿਮਾਗ਼ ਨੂੰ ਖਾਣ ਲੱਗਾ। ਪੈਸਿਆਂ ਦੀ ਪੰਡ ਖੂਹ ਵਿੱਚ ਡਿੱਗ ਪਈ ਜਾਣ ਕੇ ਉਹਦੇ ਖ਼ੂਨ ਦਾ ਵਹਾਅ ਰਫ਼ਤਾਰ ਫੜ ਗਿਆ। ਸੇਕ ਮਾਰਦੇ ਚਿਹਰੇ ਉੱਤੋਂ ਆਸਾਂ-ਉਮੀਦਾਂ ਸਦਾ ਲਈ ਉਡਾਰੀ ਮਾਰਨ ਦੀ ਤਿਆਰੀ ’ਚ ਖੰਭ ਖਿਲਾਰਨ ਲੱਗੀਆਂ। ਤੁਰਨ ਤੋਂ ਜਵਾਬ ਦਿੰਦੇ ਪੈਰਾਂ ਨੂੰ ਉਹ ਪੂਰਾ ਤਾਣ ਲਾ ਕੇ ਅੱਗੇ ਧੂੰਹਦਾ।

ਮਨ ’ਤੇ ਮਣਾਂ-ਮੂੰਹੀਂ ਭਾਰ ਲੱਦੀ ਬੈਰਕ ਵੱਲ ਵਧਦੇ ਬਲਵੀਰ ਦੀ ਨਜ਼ਰ ਦੂਰ ਢਲਦੇ ਸੂਰਜ ’ਤੇ ਪਈ। ਉਹਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਇਹ ਸੂਰਜ ਵਕਤੋਂ ਪਹਿਲਾਂ ਹੀ ਤਿੱਖੜ ਦੁਪਹਿਰ ਵਰਗੀ ਜਵਾਨੀ ਨੂੰ ਆਪਣੇ ਨਾਲ ਅਸਤ ਕਰਨ ’ਤੇ ਤੁਲਿਆ ਹੋਵੇ। ਡਿੱਗਦਾ-ਢਹਿੰਦਾ ਬੈਰਕ ਦੇ ਨੇੜ ਤਾਂ ਪੁੱਜ ਗਿਆ, ਪਰ ਬੈਰਕ ਵਿੱਚ ਪੈਰ ਨਾ ਧਰਿਆ ਗਿਆ। ਬੈਰਕ ਦੇ ਐਨ ਸਾਹਮਣੇ ਪਹੁੰਚਦਿਆਂ ਉਹਦੀਆਂ ਅੱਖਾਂ ਨੇ ਜਿਵੇਂ ਦੁਨੀਆਂ ਵੇਖਣ ਦੀ ਸਮਰੱਥਾ ਗੁਆ ਲਈ ਹੋਵੇ। ਸੁਨਹਿਰੀ ਭਾਹ ਮਾਰਦੇ ਸੂਰਜ ਦਾ ਚਾਨਣ ਘੁੱਪ ਹਨੇਰੇ ਵਿੱਚ ਵਟਣ ਲੱਗਾ। ਭਾਵੀ ਨੇ ਆਪਣਾ ਰੰਗ ਦਿਖਾਇਆ। ਸਰੀਰ ਨੇ ਗੇੜਾ ਜਿਹਾ ਖਾਧਾ। ਲੜਖੜਾਉਂਦੇ ਕਦਮਾਂ ਨੂੰ ਬੋਚਦਿਆਂ ਬੂਹੇ ਦਾ ਸਹਾਰਾ ਲੈਣ ਲੱਗਾ, ਪਰ ਬੂਹਾ ਉਹਤੋਂ ਫੜ੍ਹ ਨਾ ਹੋਇਆ ਤੇ ਇੱਕ ਪਾਸੇ ਨੂੰ ਲੁੜ੍ਹਕਦਿਆਂ ਉਹ ਜੜ੍ਹੋਂ ਉੱਖੜੇ ਰੁੱਖ ਵਾਂਙ ਢੇਰੀ ਹੋ ਗਿਆ।

# ਸਿਹਤ ਸੰਸਾਰ



# ਥਕਾਵਟ ਨੂੰ ਭਾਰੂ ਨਾ ਹੋਣ ਦਿਓ

**ਲੇਖਕ : ਮੇਘਾ**

ਆਧੁਨਿਕ ਖਾਣ-ਪੀਣ ਅਤੇ ਜੀਵਨ ਸ਼ੈਲੀ ਨੇ ਨੌਜਵਾਨਾਂ ਨੂੰ ਥਕਾਵਟ ਵਰਗੀ ਬਿਮਾਰੀ ਵੀ ਦੇ ਦਿੱਤੀ ਹੈ । ਨੌਜਵਾਨ ਲੋਕ ਜੋ 20 ਤੋਂ 30 ਸਾਲ ਦੀ ਉਮਰ ਦੇ ਹਨ, ਵਧੇਰੇ ਸ਼ਿਕਾਇਤ ਕਰਦੇ ਹਨ ਕਿ ਥਕਾਨ ਹੋ ਰਹੀ ਹੈ । ਕਿਤੇ ਉਹ ਮਾਨਸਿਕ ਰੂਪ ਨਾਲ ਥਕਾਵਟ ਤਾਂ ਨਹੀਂ ਮਹਿਸੂਸ ਕਰਦੇ? ਆਲਸ ਵੀ ਥਕਾਵਟ ਦਾ ਇਕ ਕਾਰਨ ਹੈ, ਸਰੀਰਕ ਥਕਾਵਟ ਤਾਂ ਥਕਾਵਟ ਹੁੰਦੀ ਹੀ ਹੈ । ਜੇਕਰ ਅਸੀਂ ਲਗਾਤਾਰ ਥਕਾਵਟ ਮਹਿਸੂਸ ਕਰਦੇ ਹਾਂ ਤਾਂ ਸਾਨੂੰ ਆਪਣੀ ਜੀਵਨ ਸ਼ੈਲੀ ਅਤੇ ਖਾਣ-ਪੀਣ 'ਤੇ ਪਹਿਲਾਂ ਜ਼ਰੂਰ ਨਜ਼ਰ ਮਾਰਨੀ ਚਾਹੀਦੀ ਹੈ, ਕਿਤੇ ਸਾਡੀ ਜੀਵਨ ਤਰਜ਼ ਗ਼ਲਤ ਤਾਂ ਨਹੀਂ ਹੈ । ਜੇਕਰ ਅਜਿਹਾ ਹੈ ਤਾਂ ਥੋੜ੍ਹੇ ਜਿਹੇ ਸੁਧਾਰ ਨਾਲ ਇਸ ਨੂੰ ਦੂਰ ਕਰ ਸਕਦੇ ਹੋ

ਸੰਤੁਲਿਤ ਭੋਜਨ ਕਰੋ : ਤਿੰਨ ਮੁੱਖ ਭੋਜਨ ਦਿਨ ਵਿਚ ਜ਼ਰੂਰੀ ਹਨ, ਸਰੀਰ ਨੂੰ ਚੁਸਤ ਰੱਖਣ ਲਈ । ਉਸ ਵਿਚ ਨਾਸ਼ਤਾ ਵਿਸ਼ੇਸ਼ ਮਹੱਤਵ ਰੱਖਦਾ ਹੈ । ਇਸ ਲਈ ਸਵੇਰ ਦਾ ਨਾਸ਼ਤਾ ਜ਼ਰੂਰ ਲਓ ਤਾਂ ਕਿ ਦਿਨ ਭਰ ਊਰਜਾ ਨਾਲ ਭਰੇ ਰਹੋ । ਨਾਸ਼ਤਾ ਸਦਾ ਪੌਸ਼ਟਿਕ ਹੀ ਲਓ । ਦਿਨ ਵੇਲੇ ਦਾਲ, ਸਬਜ਼ੀ, ਸਲਾਦ, ਦਹੀਂ, ਚੌਲ, ਚਪਾਤੀ ਦਾ ਸੇਵਨ ਕਰੋ । ਰਾਤ ਵੇਲੇ ਸਬਜ਼ੀਆਂ ਦਾ ਸੂਪ, ਦਾਲ ਅਤੇ ਸਬਜ਼ੀ ਲਓ । ਤਿੰਨ ਮੁੱਖ ਆਹਾਰ ਦੇ ਵਿਚ ਦੋ ਛੋਟੇ ਆਹਾਰ ਫਲ, ਪੁੰਗਰੇ ਅਨਾਜ, ਚਾਹ, ਬਿਸਕੁਟ, ਕੌਫੀ ਲੈ ਸਕਦੇ ਹੋ । ਮੌਸਮੀ ਫਲ, ਸਬਜ਼ੀਆਂ, ਅਨਾਜ ਵਰਗੇ ਕਾਰਬੋਹਾਈਡ੍ਰੇਟ ਖ਼ੂਨ ਵਿਚਲਾ ਸ਼ੂਗਰ ਦਾ ਪੱਧਰ ਠੀਕ ਰੱਖਦੇ ਹਨ । ਮਾਸਾਹਾਰੀ ਲੋਕ ਚਿਕਨ ਦੇ ਨਾਲ ਸਲਾਦ ਅਤੇ ਹਰੀਆਂ ਸਬਜ਼ੀਆਂ ਦਾ ਸੇਵਨ ਕਰਨ । ਜ਼ੰਕ ਫੂਡ ਤੋਂ ਬਚੋ । ਗ਼ਲਤ ਖਾਣ-ਪੀਣ ਅਤੇ ਲੋੜ ਨਾਲੋਂ ਘੱਟ ਭੋਜਨ ਦਾ ਸੇਵਨ ਵੀ ਥਕਾਵਟ ਵਰਗੀ ਸਮੱਸਿਆ ਦਾ ਕਾਰਨ ਹੋ ਸਕਦਾ ਹੈ ।

ਆਪਣੀ ਨੀਂਦ ਪੂਰੀ ਲਓ : ਜੇਕਰ ਤੁਸੀਂ ਤੰਦਰੁਸਤ ਹੋ ਤਾਂ 6 ਤੋਂ 7 ਘੰਟੇ ਦੀ ਨੀਂਦ ਇਕ ਵਿਅਕਤੀ ਲਈ ਕਾਫੀ ਹੈ । ਕਈ ਲੋਕਾਂ ਨੂੰ 7 ਤੋਂ 8 ਘੰਟੇ ਦੀ ਨੀਂਦ ਦੀ ਲੋੜ ਰਹਿੰਦੀ ਹੈ ਪਰ ਦਿਨ ਭਰ ਦੇ ਰੁਝੇਵਿਆਂ ਕਰਕੇ ਆਪਣੀ ਨੀਂਦ ਪੂਰੀ ਨਹੀਂ ਕਰ ਪਾਉਂਦੇ । ਇਹ ਹੌਲੀ-ਹੌਲੀ ਸਰੀਰ ਨੂੰ ਢਿੱਲਾ ਬਣਾ ਦਿੰਦਾ ਹੈ ਅਤੇ ਕੰਮ ਕਰਨ ਦੀ ਸਮਰੱਥਾ ਨੂੰ ਘੱਟ ਕਰਦਾ ਹੈ । ਇਸ ਦਾ ਸਿਹਤ ਅਤੇ ਇਕਾਗਰਤਾ 'ਤੇ ਪ੍ਰਭਾਵ ਪੈਂਦਾ ਹੈ ।

ਆਪਣੀ ਨੀਂਦ ਪੂਰੀ ਕਰਨ ਲਈ ਇਕ ਨਿਯਮਤ ਸਮਾਂ ਸਾਰਣੀ ਬਣਾਓ । ਖਾਣਾ ਹਲਕਾ ਅਤੇ ਸਮੇਂ ਸਿਰ ਖਾਓ ਅਤੇ ਇਕ ਨਿਸ਼ਚਿਤ ਸਮੇਂ 'ਤੇ ਮੋਬਾਈਲ, ਟੀ. ਵੀ., ਕੰਪਿਊਟਰ ਆਦਿ ਬੰਦ ਕਰ ਦਿਓ । ਹੌਲੀ-ਹੌਲੀ ਆਦਤਾਂ ਵਿਚ ਸੁਧਾਰ ਆਉਣ ਨਾਲ ਲਾਭ ਮਿਲਦਾ ਹੈ ।

ਸਰੀਰਕ ਤੰਤਰ ਦੇ ਸਹੀ ਹੋਣ 'ਤੇ ਵੀ ਜੇਕਰ ਨੀਂਦ ਪੂਰੀ ਨਾ ਹੋਵੇ ਤਾਂ ਡਾਕਟਰ ਨੂੰ ਮਿਲੋ । ਸਾਹ ਠੀਕ ਤਰ੍ਹਾਂ ਨਾ ਲਿਆ ਜਾਂਦਾ ਹੋਵੇ ਜਾਂ ਵਾਰ-ਵਾਰ ਨੀਂਦ ਟੁੱਟਦੀ ਹੋਵੇ ਅਤੇ ਨੀਂਦ ਪੂਰੀ ਨਾ ਹੁੰਦੀ ਹੋਵੇ ਤਾਂ ਡਾਕਟਰ ਤੋਂ ਜਾਂਚ ਕਰਵਾਉਣ ਤੇ ਉਚਿਤ ਰਾਏ ਲੈਣ ਪਿੱਛੋਂ ਲੋੜ ਅਨੁਸਾਰ ਦਵਾਈ ਲਓ । ਚਾਹ-ਕੌਫੀ ਦੇ ਵਧੇਰੇ ਸੇਵਨ ਤੋਂ ਬਚੋ : ਚਾਹ, ਕੌਫੀ ਦੇ ਵਧੇਰੇ ਸੇਵਨ ਨਾਲ ਦਿਲ ਦੀ ਗਤੀ ਅਤੇ ਖ਼ੂਨ ਦਾ ਦਬਾਅ ਵਧਦਾ ਹੈ, ਜੋ ਨੀਂਦ ਵਿਚ ਰੁਕਾਵਟ ਪਾਉਂਦਾ ਹੈ । ਚਾਹ-ਕੌਫੀ ਤੋਂ ਇਲਾਵਾ ਜ਼ਿਆਦਾ ਚਾਕਲੇਟ ਦੇ ਸੇਵਨ ਜਾਂ ਅਨਰਜੀ ਡਰਿੰਕਸ ਵੀ ਸਰੀਰ ਵਿਚ ਕੈਫੀਨ ਦੀ ਮਾਤਰਾ ਨੂੰ ਵਧਾਉਂਦੇ ਹਨ । ਇਨ੍ਹਾਂ ਸਭ ਦਾ ਸੇਵਨ ਸੀਮਤ ਮਾਤਰਾ ਵਿਚ ਕਰੋ । ਸੀਮਤ ਮਾਤਰਾ ਵਿਚ ਦੋ ਜਾਂ ਤਿੰਨ ਕੱਪ ਚਾਹ, ਕੌਫੀ ਪੀਣ ਨਾਲ ਸਰੀਰਕ ਸਰਗਰਮੀ ਵਧਦੀ ਹੈ । ਨਾਲ ਹੀ ਕੰਮ ਕਰਨ ਦੀ ਰਫਤਾਰ ਵੀ ਠੀਕ ਬਣੀ ਰਹਿੰਦੀ ਹੈ । ਜੇਕਰ ਤੁਸੀਂ ਕੈਫੀਨ ਦੀ ਮਾਤਰਾ ਜ਼ਿਆਦਾ ਸੇਵਨ ਕਰਦੇ ਹੋ ਤਾਂ ਹੌਲੀ-ਹੌਲੀ ਘਟਾਓ । ਇਕ ਦਮ ਬੰਦ ਨਾ ਕਰੋ । ਇਸ ਨਾਲ ਥਕਾਵਟ ਵਧ ਸਕਦੀ ਹੈ ।

ਇਸ ਤੋਂ ਬਿਨਾਂ ਬਿਮਾਰੀ ਵੀ ਥਕਾਵਟ ਦਾ ਕਾਰਨ ਹੋ ਸਕਦੀ ਹੈ । ਜ਼ਿਆਦਾ ਪਿਸ਼ਾਬ ਆਉਣ ਕਾਰਨ ਵੀ ਕਈ ਵਾਰ ਨੀਂਦ ਖਰਾਬ ਹੁੰਦੀ ਹੈ । ਚੱਕਰ ਵੀ ਆ ਸਕਦੇ ਹਨ, ਇਸ ਲਈ ਮੂਤਰ ਦੀ ਜਾਂਚ ਕਰਵਾ ਕੇ ਸੰਕ੍ਰਮਣ ਦਾ ਪਤਾ ਕਰ ਸਕਦੇ ਹੋ । ਸੰਕ੍ਰਮਣ ਹੋਣ 'ਤੇ ਉਚਿਤ ਦਵਾਈ ਲਓ ।

ਸਰੀਰ ਵਿਚ ਖ਼ੂਨ ਦੀ ਕਮੀ ਕਾਰਨ ਵੀ ਥਕਾਵਟ ਮਹਿਸੂਸ ਹੋ ਸਕਦੀ ਹੈ । ਖ਼ੂਨ ਦੀ ਕਮੀ ਸਰੀਰ ਵਿਚ ਲੋਹ-ਤੱਤ ਦੀ ਘਾਟ ਕਰਕੇ ਹੁੰਦੀ ਹੈ, ਜਿਸ ਨੂੰ ਅਨੀਮੀਆ ਰੋਗ ਕਹਿੰਦੇ ਹਨ । ਇਸ ਕਮੀ ਨੂੰ ਲੋਹ-ਤੱਤ ਨਾਲ ਭਰਪੂਰ ਡਾਈਟ ਲੈ ਕੇ ਪੂਰਾ ਕੀਤਾ ਜਾ ਸਕਦਾ ਹੈ । ਜ਼ਿਆਦਾ ਕਮੀ ਹੋਣ 'ਤੇ ਦਵਾਈਆਂ ਦਾ ਸਹਾਰਾ ਵੀ ਲੈ ਸਕਦੇ ਹੋ ।

ਥਾਇਰਾਇਡ ਗ੍ਰੰਥੀ ਦੇ ਕੰਮ ਨਾ ਕਰਨ 'ਤੇ ਸਰੀਰ ਥੱਕਿਆ-ਥੱਕਿਆ ਮਹਿਸੂਸ ਕਰਦਾ ਹੈ । ਥਾਇਰਾਇਡ ਹੋਣ 'ਤੇ ਸਰੀਰ ਦਾ ਮੈਟਾਬੋਲਿਜ਼ਮ ਸਿਸਟਮ ਢਿੱਲਾ ਪੈ ਜਾਂਦਾ ਹੈ, ਜਿਸ ਕਾਰਨ ਸਰੀਰ ਵਿਚ ਊਰਜਾ ਦੀ ਕਮੀ ਮਹਿਸੂਸ ਹੋਣ ਲਗਦੀ ਹੈ । ਡਾਕਟਰ ਦੀ ਸਲਾਹ ਲੈ ਕੇ ਸਮੇਂ ਸਿਰ ਇਸ ਬਿਮਾਰੀ ਦਾ ਇਲਾਜ ਕਰਵਾ ਕੇ ਤੁਸੀਂ ਇਸ ਤੋਂ ਛੁਟਕਾਰਾ ਪਾ ਸਕਦੇ ਹੋ ।

# ਤੰਦਰੁਸਤੀ ਲਈ ਕੁਝ ਨੁਕਤੇ



ਅੱਜਕਲ੍ਹ ਦੀ ਰੁਝੇਵਿਆਂ ਭਰੀ ਹੋਈ ਜੀਵਨਸ਼ੈਲੀ ਤੁਹਾਡੇ ਜੀਵਨ ਤੋਂ ਸਿਹਤ ਅਤੇ ਸਕੂਨ ਕਦੋਂ ਚੋਰੀ ਕਰ ਲੈਂਦੀ ਹੈ ਤੁਹਾਨੂੰ ਪਤਾ ਹੀ ਨਹੀਂ ਲੱਗਦਾ । ਇਸ ਤਰ੍ਹਾਂ ਚੰਗਾ ਜੀਵਨ ਜਿਊਣ ਲਈ ਇਹ ਜਾਣਨਾ ਬੇਹੱਦ ਜ਼ਰੂਰੀ ਹੈ ਕਿ ਕਿਹੜੀਆਂ ਚੀਜ਼ਾਂ ਨੂੰ ਅਪਣਾਈਏ ਅਤੇ ਕਿਹੜੀਆਂ ਚੀਜ਼ਾਂ ਤੋਂ ਦੂਰ ਰਹੀਏ ।

- ਸਹੀ ਭੋਜਨ ਲਓ ਕਿਉਂਕਿ ਇਹ ਤਣਾਅ ਦਾ ਸਾਹਮਣਾ ਕਰਨ ਤੇ ਚੰਗੀ ਸਿਹਤ ਲਈ ਸਭ ਤੋਂ ਵੱਡਾ ਸਾਧਨ ਹੈ । ਸੰਤੁਲਿਤ ਭੋਜਨ ਲੈਣਾ, ਜੰਕ ਭੋਜਨ ਤੋਂ ਦੂਰ ਰਹਿਣਾ ਤੇ ਭਰਪੂਰ ਮਾਤਰਾ ਵਿਚ ਪਾਣੀ ਪੀਣਾ ਸਰੀਰ ਨੂੰ ਲੰਬੇ ਸਮੇਂ ਤੱਕ ਸਿਹਤਮੰਦ ਰੱਖਦਾ ਹੈ ।
- ਚੰਗੀ ਨੀਂਦ ਲਓ । ਨੀਂਦ ਵਿਚ ਰੁਕਾਵਟ ਕਾਰਨ ਤਣਾਅ ਹੋ ਸਕਦਾ ਹੈ । ਚੰਗੀ ਨੀਂਦ ਲੈਣ ਨਾਲ ਸਰੀਰ ਤਰੋਤਾਜ਼ਾ ਰਹਿੰਦਾ ਹੈ ਅਤੇ ਰੋਜ਼ਮਰ੍ਹਾ ਦੇ ਤਣਾਅ ਨੂੰ ਝੱਲਣ ਵਿਚ ਸਹਾਈ ਬਣਦਾ ਹੈ ।
- ਕਸਰਤ ਲਈ ਸਮਾਂ ਜ਼ਰੂਰ ਕੱਢੋ । ਫਿਰ ਨਿਯਮਤ ਰੂਪ ਨਾਲ ਆਪਣੀ ਮਨਪਸੰਦ ਕਸਰਤ ਕਰੋ, ਚੱਲਣਾ, ਨ੍ਰਿਤ ਕਰਨਾ, ਦੌੜਨਾ ਆਦਿ ਸਰੀਰ ਦੇ ਨਾਲ-ਨਾਲ ਦਿਮਾਗ ਲਈ ਵੀ ਚੰਗੀ ਕਸਰਤ ਹੈ ।
- ਕੰਮਕਾਜੀ ਜੀਵਨ ਵਿਚ ਸੰਤੁਲਨ ਬਣਾਈ ਰੱਖੋ । ਈ-ਮੇਲਜ਼, ਇੰਸਟੈਂਟ ਮੈਸੇਂਜਰਜ਼, ਡੈਡਲਾਈਨਸ ਤੇ ਸਖ਼ਤ ਮੁਕਾਬਲੇਬਾਜ਼ੀ ਦੇ ਨਾਲ ਇਸ ਯੁੱਗ ਵਿਚ ਕੰਮ ਅਤੇ ਜੀਵਨ ਵਿਚਾਲੇ ਵੀ ਸੰਤੁਲਨ ਬਣਾਉਣਾ ਜ਼ਰੂਰੀ ਹੈ, ਅਖੀਰ ਕੰਮ ਦੇ ਨਾਲ-ਨਾਲ ਖੇਡਣ ਲਈ ਵੀ ਸਮਾਂ ਕੱਢਣਾ ਜ਼ਰੂਰੀ ਹੈ ।
- ਸਿਗਰਟ, ਸ਼ਰਾਬ ਜਾਂ ਹੋਰ ਕਿਸੇ ਨਸ਼ੀਲੇ ਪਦਾਰਥ ਦਾ ਸੇਵਨ ਤਣਾਅ ਜਾਂ ਚੁਣੌਤੀਆਂ ਨਾਲ ਨਿਪਟਣ ਲਈ ਸਹੀ ਸਾਧਨ ਨਹੀਂ ਹੈ । ਦਰਅਸਲ, ਇਹ ਸਭ ਤਾਂ ਸਰੀਰ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਜੀਵਨ ਵਿਚ ਹੋਰ ਜ਼ਿਆਦਾ ਤਣਾਅ ਪੈਦਾ ਕਰਦੇ ਹਨ ।
- ਆਪਣੇ ਸਮਾਜਿਕ ਦਾਇਰੇ ਨੂੰ ਮਜ਼ਬੂਤ ਕਰੋ । ਦੋਸਤਾਂ ਅਤੇ ਪਰਿਵਾਰ ਦੇ ਮਹੱਤਵ ਨੂੰ ਨਕਾਰਿਆ ਨਹੀਂ ਜਾ ਸਕਦਾ । ਇਹ ਤਣਾਅ ਹਟਾਉਣ ਅਤੇ ਬਿਹਤਰ ਤੇ ਖ਼ੁਸ਼ਹਾਲ ਜੀਵਨ ਜਿਊਣ ਲਈ ਜ਼ਰੂਰੀ ਹੈ ।
- ਖ਼ੁਦ ਨੂੰ ਊਰਜਾ ਦਿਓ । ਕੰਮ ਤੋਂ ਛੁੱਟੀ ਲੈਣਾ, ਨਿਯਮਤ ਅਰਾਮ ਕਰਨ ਲਈ ਸਮਾਂ ਕੱਢਣਾ, ਸੰਗੀਤ ਸੁਣਨਾ, ਦੋਸਤਾਂ ਤੇ ਪਰਿਵਾਰ ਦੇ ਨਾਲ ਸਮਾਂ ਬਿਤਾਉਣਾ, ਆਪਣੇ ਸ਼ੌਕ ਲਈ ਸਮਾਂ ਕੱਢਣਾ ਤੁਹਾਡੇ ਲਈ ਚੰਗਾ ਹੈ ।
- ਆਪਣੀਆਂ ਭਾਵਨਾਵਾਂ ਦਬਾ ਕੇ ਨਾ ਰੱਖੋ । ਤੁਸੀਂ ਜਿਨ੍ਹਾਂ ਲੋਕਾਂ ਨਾਲ ਪਿਆਰ ਕਰਦੇ ਹੋ, ਉਨ੍ਹਾਂ ਦੇ ਨਾਲ ਆਪਣੀਆਂ ਭਾਵਨਾਵਾਂ ਪ੍ਰਗਟ ਕਰੋ । ਇਸ ਨਾਲ ਜੀਵਨ ਦੇ ਉਤਰਾਅ-ਚੜ੍ਹਾਅ ਨੂੰ ਸਹਿਣ ਕਰਨ ਵਿਚ ਮਦਦ ਮਿਲਦੀ ਹੈ ਅਤੇ ਤਣਾਅ ਤੋਂ ਵੀ ਮੁਕਤੀ ਮਿਲਦੀ ਹੈ ।
- ਕੈਫੀਨ ਦੀ ਵਰਤੋਂ ਸੀਮਿਤ ਕਰੋ । ਪੂਰੇ ਦਿਨ ਵਿਚ ਚਾਹ ਜਾਂ ਕਾਫੀ ਦੀ ਗਿਣਤੀ ਨੂੰ ਸੀਮਿਤ ਕਰਨਾ ਚੰਗਾ ਹੈ । ਇਸ ਦਾ ਬਹੁਤ ਸੇਵਨ ਸਰੀਰ ਲਈ ਘਾਤਕ ਹੈ।
- ਆਪਣੇ ਸਮੇਂ ਨੂੰ ਨਿਯਮਤ ਕਰੋ । ਸਮਾਂ ਇਕ ਸੀਮਤ ਸਾਧਨ ਹੈ ਅਤੇ ਇਸ ਦਾ ਸਹੀ ਤਰੀਕੇ ਨਾਲ ਪ੍ਰਬੰਧਨ ਯਕੀਨੀ ਬਣਾਉਣਾ ਜ਼ਰੂਰੀ ਹੈ । ਤੁਹਾਡੇ ਕੋਲ ਉਹ ਸਭ ਕੰਮ ਕਰਨ ਦਾ ਸਮਾਂ ਹੈ, ਜਿਨ੍ਹਾਂ ਨੂੰ ਕਰਨ 'ਤੇ ਤੁਸੀਂ ਖ਼ੁਸ਼ ਰਹਿ ਸਕਦੇ ਹੋ ।

- ਨਰਿੰਦਰ ਦੇਵਾਂਗਨ

# ਦਵਾਈ ਵੀ ਹੈ ਕੇਸਰ

**ਲੇਖਕ : ਸੇਤੂ ਜੈਨ**

ਵਿਸ਼ਵ ਦਾ ਸਭ ਤੋਂ ਕੀਮਤੀ ਪੌਦਾ ਹੈ ਕੇਸਰ । ਅੱਧਾ ਗਜ਼ ਲੰਬਾ ਪੌਦਾ ਕਸ਼ਮੀਰ ਅਤੇ ਪਾਕਿਸਤਾਨ ਦੇ ਕੋਇਟਾ ਨਾਮਕ ਸਥਾਨ ਵਿਚ ਪਾਇਆ ਜਾਂਦਾ ਹੈ । ਕੇਸਰ ਵਿਚ ਮੂਲ ਰੂਪ ਵਿਚ ਤਿੰਨ ਰਸਾਇਣ ਪਾਏ ਜਾਂਦੇ ਹਨ । ਯੂਨਾਨੀ ਅਤੇ ਆਯੁਰਵੈਦਿਕ ਦਵਾਈਆਂ ਵਿਚ ਇਸ ਦਾ ਬਹੁਤਾਤ ਵਿਚ ਇਸਤੇਮਾਲ ਕੀਤਾ ਜਾਂਦਾ ਹੈ । ਇਸ ਵਿਚ ਕਈ ਬਿਮਾਰੀਆਂ ਨੂੰ ਦੂਰ ਕਰਨ ਦੀ ਸਮਰੱਥਾ ਹੁੰਦੀ ਹੈ, ਜਿਵੇਂ-



- ਜੇਕਰ ਸਰਦੀ ਲੱਗ ਗਈ ਹੋਵੇ ਤਾਂ ਰਾਤ ਵੇਲੇ ਇਕ ਗਲਾਸ ਦੁੱਧ ਵਿਚ ਇਕ ਚੁਟਕੀ ਕੇਸਰ ਅਤੇ ਇਕ ਚਮਚ ਸ਼ਹਿਦ ਪਾ ਕੇ ਜੇ ਮਰੀਜ਼ ਨੂੰ ਪਿਲਾਇਆ ਜਾਵੇ ਤਾਂ ਉਸ ਨੂੰ ਚੰਗੀ ਨੀਂਦ ਆਉਂਦੀ ਹੈ ।
- ਚਮੜੀ ਰੋਗ ਹੋਣ 'ਤੇ ਖਰੋਂਚ ਅਤੇ ਜ਼ਖ਼ਮਾਂ 'ਤੇ ਕੇਸਰ ਲਗਾਉਣ ਨਾਲ ਜ਼ਖ਼ਮ ਜਲਦੀ ਭਰਦੇ ਹਨ ।
- ਬੱਚਿਆਂ ਨੂੰ ਜੇਕਰ ਸਰਦੀ ਜਕੜ ਲਵੇ ਅਤੇ ਨੱਕ ਬੰਦ ਹੋ ਜਾਵੇ ਤਾਂ ਮਾਂ ਦੇ ਦੁੱਧ ਵਿਚ ਕੇਸਰ ਮਿਲਾ ਕੇ ਬੱਚੇ ਦੇ ਮੱਥੇ ਅਤੇ ਨੱਕ 'ਤੇ ਮਲਿਆ ਜਾਵੇ ਤਾਂ ਸਰਦੀ ਦਾ ਪ੍ਰਕੋਪ ਘੱਟ ਹੁੰਦਾ ਹੈ ਅਤੇ ਉਸ ਨੂੰ ਆਰਾਮ ਮਿਲਦਾ ਹੈ ।
- ਸਿੱਕਰੀ ਦੀ ਸਮੱਸਿਆ ਹੋਵੇ ਜਾਂ ਫਿਰ ਵਾਲ ਝੜ ਰਹੇ ਹੋਣ, ਅਜਿਹੀ ਸਥਿਤੀ ਵਿਚ ਵੀ ਉਪਰੋਕਤ ਫਾਰਮੂਲਾ ਵਰਤਣਾ ਚਾਹੀਦਾ ਹੈ ।
- ਪੁਰਸ਼ਾਂ ਵਿਚ ਸ਼ਕਤੀ ਵਧਾਉਣ ਲਈ ਸ਼ਹਿਦ, ਬਦਾਮ ਅਤੇ ਕੇਸਰ ਲੈਣ ਨਾਲ ਫਾਇਦਾ ਹੁੰਦਾ ਹੈ ।
- ਲਿਓਕੋਰੀਆ ਅਤੇ ਹਿਸਟੀਰੀਆ ਦੀ ਸਥਿਤੀ ਵਿਚ ਇਸ ਨੂੰ ਗ੍ਰਹਿਣ ਕਰਨ ਨਾਲ ਪੀੜਤ ਔਰਤ ਨੂੰ ਫਾਇਦਾ ਪਹੁੰਚਦਾ ਹੈ ।
- ਸਾਵਧਾਨੀ : ਕਿਉਂਕਿ ਇਹ ਉਸ਼ਣਤਾਵਰਧਕ ਹੈ, ਇਸ ਲਈ ਘੱਟ ਤੋਂ ਘੱਟ ਸੇਵਨ ਕਰਨਾ ਚਾਹੀਦਾ ਹੈ । ਗਰਭ ਅਵਸਥਾ ਵਿਚ ਇਸ ਦੀ ਵਰਤੋਂ ਕਦੇ ਨਹੀਂ ਕਰਨੀ ਚਾਹੀਦੀ ।

# ਛੋਟੀ ਪਰ ਗੁਣਾਂ ਨਾਲ ਭਰਪੂਰ ਹੈ ਕਾਲੀ ਮਿਰਚ

**ਲੇਖਕ : ਸ਼ੈਲੀ ਮਾਥੁਰ**

ਕਾਲੀ ਮਿਰਚ ਛੋਟੀ ਜਿਹੀ ਹੋਣ ਦੇ ਬਾਵਜੂਦ ਅਨੇਕ ਔਸ਼ਧੀ ਗੁਣਾਂ ਨਾਲ ਭਰਪੂਰ ਹੈ । ਇਹ ਸਾਡੀ ਘਰੇਲੂ ਚਿਕਿਤਸਕ ਵੀ ਹੈ ।



- ਜ਼ੁਕਾਮ ਹੋਣ 'ਤੇ ਕਾਲੀ ਮਿਰਚ, ਮਿਸ਼ਰੀ ਜਾਂ ਪਤਾਸੇ ਨੂੰ ਦੁੱਧ ਵਿਚ ਮਿਲਾ ਕੇ ਪੀਓ ।

ਬਦਹਜ਼ਮੀ ਵਿਚ ਨਿੰਬੂ ਦੇ ਟੁਕੜਿਆਂ ਨੂੰ ਤਵੇ 'ਤੇ ਹਲਕਾ ਜਿਹਾ ਗਰਮ ਕਰੋ । ਉਸ ਦੇ ਉੱਪਰ ਕਾਲੀ ਮਿਰਚ ਅਤੇ ਕਾਲਾ ਨਮਕ ਪਾ ਕੇ ਚੂਸੋ, ਰਾਹਤ ਮਿਲੇਗੀ ।

ਦਾਦ, ਖਾਜ, ਖੁਜਲੀ, ਫੋੜੇ, ਫਿੰਸੀ ਆਦਿ ਦੇ ਲਈ ਕਾਲੀ ਮਿਰਚ ਨੂੰ ਘਿਓ ਵਿਚ ਪੀਹ ਕੇ ਰੋਗਯੁਕਤ ਸਥਾਨ 'ਤੇ ਇਸ ਦਾ ਲੇਪ ਕਰੋ । ਦੋ-ਤਿੰਨ ਵਾਰ ਪ੍ਰਯੋਗ ਕਰਨ ਨਾਲ ਫਿੰਸੀਆਂ ਹਟ ਜਾਣਗੀਆਂ ।

- ਜੇ ਤੁਹਾਡਾ ਗਲਾ ਬੈਠ ਗਿਆ ਹੋਵੇ ਤਾਂ 8-10 ਕਾਲੀਆਂ ਮਿਰਚਾਂ ਪਾਣੀ ਵਿਚ ਉਬਾਲ ਕੇ ਇਸ ਪਾਣੀ ਨਾਲ ਗਰਾਰੇ ਕਰੋ ।
- ਪਾਣੀ ਵਿਚ ਕਾਲੀ ਮਿਰਚ ਉਬਾਲ ਕੇ ਉਸ ਪਾਣੀ ਨਾਲ ਕੁੱਲਾ ਕਰਨ ਨਾਲ ਮਸੂੜਿਆਂ ਦੀ ਸੋਜ ਘੱਟ ਹੋ ਜਾਂਦੀ ਹੈ ।
- ਜੇ ਖਾਂਸੀ ਕਾਫੀ ਪੁਰਾਣੀ ਹੋ ਗਈ ਹੋਵੇ ਤਾਂ ਕਾਲੀ ਮਿਰਚ ਅਤੇ ਮਿਸ਼ਰੀ ਨੂੰ ਮਲਾਈ ਦੇ ਨਾਲ ਖਾਓ, ਆਰਾਮ ਮਿਲੇਗਾ ।
- ਕਾਲੀ ਮਿਰਚ ਨੂੰ ਪਾਣੀ ਵਿਚ ਮਸਲ ਕੇ ਬਾਲਤੋੜ ਵਾਲੀ ਜਗ੍ਹਾ 'ਤੇ ਲਗਾਉਣ ਨਾਲ ਵੀ ਲਾਭ ਹੁੰਦਾ ਹੈ ।
- ਜੇ ਪੇਟ ਵਿਚ ਕੀੜੇ ਹੋਣ ਤਾਂ ਦਿਨ ਵਿਚ ਦੋ-ਤਿੰਨ ਵਾਰ ਕਾਲੀ ਮਿਰਚ ਦੇ ਚੂਰਨ ਵਿਚ ਮਿਸ਼ਰੀ ਮਿਲਾ ਕੇ ਹੌਲੀ-ਹੌਲੀ ਚਬਾਓ ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਗੁੱਤਾਂ ਮੁੰਨਣੀਆਂ ਭੂਤਾਂ



ਭਜਨੇ ਰਾਠ ਕਾ ਕੌਡੂ ਸੱਥ 'ਚ ਆਉਂਦਾ ਹੀ ਬਾਬੇ ਗੰਡਾ ਸਿਉਂ ਨੂੰ ਕਹਿੰਦਾ, "ਕਿਉਂ ਬਾਬਾ! ਕਹਿੰਦੇ ਬਾਬੇ ਸ਼ੇਰ ਸਿਉਂ ਦੇ ਪੋਤੇ ਨੂੰ ਦਾਣਾ ਮੰਡੀ 'ਚ ਜਿਨਸ ਖਰੀਦਣ ਆਲਿਆ 'ਚ ਨੌਕਰੀ ਮਿਲ ਗੀ, ਛੋਟੂ ਦੇ ਵੱਡੇ ਮੁੰਡੇ ਘੋਗੜੀ ਨੂੰ। ਪੜ੍ਹਿਆ ਤਾਂ ਯਾਰ ਅੱਠ ਕੀ ਐ ਓਹੋ, ਨੌਕਰੀ ਪਤਾ ਨੀ ਕੀਹਨੇ ਦੇ 'ਤੀ?"

ਮਾਹਲੇ ਨੰਬਰਦਾਰ ਨੇ ਕੌਡੂ ਦੀ ਗੱਲ ਸੁਣ ਕੇ ਕੌਡੂ ਨੂੰ ਪੁੱਛਿਆ, "ਕਦੋਂ ਬਈ?"

ਸੀਤਾ ਮਰਾਸੀ ਕਹਿੰਦਾ, "ਚੜਪਾਸੀ ਚੜਪੁਸੀ ਲੱਗਿਆ ਹੋਣੈ ਹੋਰ ਕਿਤੇ ਜਿਲੇਦਾਰ ਤਾਂ ਨੀ ਲਾ 'ਤਾ।"

ਬਾਬਾ ਗੰਡਾ ਸਿਉਂ ਕਹਿੰਦਾ, "ਚੜਪਾਸੀ ਵੀ ਤਾਂ ਸਰਕਾਰ ਦਾ ਈ ਨੌਕਰ ਹੁੰਦੈ। ਉਹ ਵੀ ਤਾਂ ਨੌਕਰੀਓ ਈ ਐ। ਤੇਰੇ ਭਾਅ ਦਾ ਬਈ ਸਤੀਲਦਾਰ ਦੀਓ ਈ ਨੌਕਰੀ ਹੁੰਦੀ ਐ। ਇਹ ਨੀ ਪਤਾ ਬਈ ਕਦੋਂ ਮਿਲੀ ਐ ਨੌਕਰੀ ਹੈਂਅ?"

ਕੌਡੂ ਕਹਿੰਦਾ, "ਇਉਂ ਤਾਂ ਪਤਾ ਨੀ। ਮੈਨੂੰ ਤਾਂ ਨੰਦੋ ਮਹਿਰੀ ਨੇ ਦੱਸਿਆ। ਉਹ ਜੰਗੇ ਬਾਵੇ ਕੇ ਘਰੋਂ ਨਿੱਕਲੀ ਸੀ ਜਿਮੇਂ ਕੁਸ ਵੰਡਦੀ ਫਿਰਦੀ ਹੁੰਦੀ ਐ। ਮੈਂ ਕਿਤੇ ਨੰਦੋ ਨੂੰ ਪੁੱਛ ਲਿਆ ਬਈ 'ਨੰਦੋ ਕੀਹਦਾ ਕੁਸ ਵੰਡਦੀ ਫਿਰਦੀ ਐਂ'? ਉਹ ਕਹਿੰਦੀ 'ਬਾਬੇ ਸ਼ੇਰ ਸਿਉਂ ਦੇ ਪੋਤੇ ਨੂੰ ਨੌਕਰੀ ਮਿਲੀ ਐ। ਉਹਦੇ ਪਤਾਸੇ ਵੰਡਦੀ ਆਂ'। ਲੈ ਦੱਸ ਬਾਬਾ! ਐਡੀ ਛੇਤੀ ਕਿਮੇਂ ਨੌਕਰੀ ਮਿਲ ਗੀ ਉਹਨੂੰ ਬਈ। ਹਜੇ ਤਾਂ ਸਰਕਾਰ ਤੋਂ ਆਵਦਾ ਆਪ ਈ ਨੀ ਸੂਤ ਆਇਆ, ਉਹਨੂੰ ਕੀਹਨੇ ਸਤੀਲਦਾਰ ਲਾ 'ਤਾ। ਸੱਚ ਜਾ ਤਾਂ ਆਉਂਦਾ ਨੀ, ਬਾਕੀ ਫੇਰ ਭਾਈ ਪਤਾ ਮਨ੍ਹੀ। ਕੁਸ ਕਹਿ ਮਨ੍ਹੀ ਸਕਦੇ। ਇੱਕ ਗੱਲ ਬਾਬਾ ਇਹ ਵੀ ਐ, ਕੋਈ ਕੋਰਸ ਕਾਰਸ ਕਰਦਾ ਮਨ੍ਹੀ ਸੁਣਿਆਂ ਕਦੇ ਓਹੋ। ਜਿਨਸ ਤਾਂ ਇਨਸਪਿਟਰ ਖਰੀਦ ਦਾ ਹੁੰਦੈ। ਨਾਲੇ ਉਹ ਤਾਂ ਖਾਸਾ ਵੱਡਾ ਅਸਫਰ ਹੁੰਦੈ। ਗੱਲ ਸਮਝੋਂ ਬਾਹਰ ਐ ਯਾਰ।"

ਬਿਸ਼ਨਾ ਬੁੜ੍ਹਾ ਅੱਖਾਂ ਤੋਂ ਐਨਕ ਲਾਹ ਕੇ ਸਾਫੇ ਨਾਲ ਅੱਖਾਂ ਦਾ ਪਾਣੀ ਪੂੰਝਦਾ ਕਹਿੰਦਾ, "ਕੱਚਿਆਂ ਕੁੱਚਿਆਂ 'ਚ ਦਿਹਾੜੀ ਦੁਹੜੀ 'ਤੇ ਰੱਖਿਆ ਹੋਣੈ। ਦਾਣੇ ਖਰੀਦਣ ਆਲਿਆਂ ਦੇ ਨਾਲ ਭਾਅ ਭੁਅ ਲਿਖਣ ਆਲੇ ਵੀ ਫਿਰਦੇ ਹੁੰਦੇ ਐ ਪੰਜ ਸੱਤ ਜਾਣੇ। ਉਨ੍ਹਾਂ 'ਚ ਨਾ ਰੱਖਿਆ ਹੋਵੇ ਕਿਤੇ।"

ਸੀਤਾ ਮਰਾਸੀ ਕਹਿੰਦਾ, "ਹੁਣ ਤਾਂ ਫਿਰ ਦਾਣੇ ਫੱਕੇ ਦੀ ਵੀ ਰੁੱਤ ਨੀ। ਮੰਡੀ 'ਚ ਤਾਂ ਚਿੰਗੜ ਮਾਰ ਜੇ ਬੈਠੇ ਐ। ਫਸਲ ਆਉਣ 'ਚ ਵੀ ਹਜੇ ਚਾਰ ਮਹੀਨੇ ਪਏ ਐ। ਨਾਲੇ ਐਨਾ ਪਹਿਲਾਂ ਨੀ ਰੱਖਦੀ ਹੁੰਦੀ ਸਰਕਾਰ। ਇਹ ਤਾਂ ਕੋਈ ਹੋਰ ਈ ਈਂਘੜ ਬੀਂਘੜ ਨਿੱਕਲੂ। ਵੇਖ ਲਿਉ ਭਾਮੇਂ।"

ਏਨੇ ਚਿਰ ਨੂੰ ਬੁੱਘਰ ਦਖਾਣ ਨੂੰ ਨਾਥਾ ਅਮਲੀ ਸੱਥ ਵੱਲ ਆਉਂਦਾ ਦਿਸ ਗਿਆ। ਬੁੱਘਰ ਦਖਾਣ ਕਹਿੰਦਾ, "ਹੋਅ ਆਉਂਦਾ ਆਪਣਾ ਬੀ ਬੀ ਸੀ ਲੰਦਨ। ਉਹਨੂੰ ਸਾਰਾ ਈ ਪਤਾ ਹੋਊ। ਤੁਸੀਂ ਦੋ ਮਿੰਟ ਠਹਿਰੋ ਹੁਣ ਦੱਸ ਦਿੰਦਾ ਕਿਹੜਾ ਸਤੀਲਦਾਰ ਬਣਿਐਂ ਤੇ ਕਿਹੜਾ ਮੋਹਤਮ ਲੱਗਿਆ ਆਪਣੇ ਪਿੰਡ 'ਚੋਂ?"

ਜਿਉਂ ਹੀ ਨਾਥਾ ਅਮਲੀ ਸੱਥ 'ਚ ਆ ਗਿਆ ਤਾਂ ਬਾਬਾ ਗੰਡਾ ਸਿਉਂ ਵਲ਼ ਫੇਰ ਜਾ ਪਾ ਕੇ ਨਾਥੇ ਅਮਲੀ ਨੂੰ ਕਹਿੰਦਾ, "ਕਿਉਂ ਬਈ ਨਾਥਾ ਸਿਆਂ! ਆਪਣੇ ਪਿੰਡ 'ਚ ਭਲਾ ਕਿੰਨੇ ਨੌਕਰੀਦਾਰ ਬੰਦੇ ਹੋਣਗੇ ਬਈ।"

ਅਮਲੀ ਕਹਿੰਦਾ, "ਹੋਣਗੇ ਬਾਬਾ ਪੰਦਰਾਂ ਠਾਰਾਂ। ਤੈਨੂੰ ਕੀ ਖਤਰਾ ਪੈ ਗਿਆ ਨੌਕਰੀਦਾਰਾਂ ਤੋਂ?"

ਬਾਬਾ ਕਹਿੰਦਾ, "ਮੈਂ ਤਾਂ ਵੈਸੇ ਈ ਪੁੱਛਿਐ। ਹੋਰ ਮੈਂ ਕਿਹੜਾ ਤਨਖਾਹ ਖੋਹਣੀ ਐਂ ਉਨ੍ਹਾਂ ਦੀ।"

ਪ੍ਰਤਾਪੇ ਭਾਊ ਨੇ ਪੁੱਛਿਆ, "ਕਿਸੇ ਨੂੰ ਅੱਜ ਕੱਲ੍ਹ 'ਚ ਵੀ ਆਪਣੇ ਪਿੰਡ ਦੇ ਨੂੰ ਕੋਈ ਨੌਕਰੀ ਮਿਲੀ ਐ ਅਮਲੀਆ?"

ਨਾਥਾ ਅਮਲੀ ਪ੍ਰਤਾਪੇ ਭਾਊ ਦੀ ਗੱਲ ਸੁਣ ਕੇ ਹੱਸ ਕੇ ਟਿੱਚਰ 'ਚ ਕਹਿੰਦਾ, "ਹਾਂ ਮਿਲੀ ਐ। ਤੂੰ ਹਠਾਉਣੈਂ ਓਹਨੂੰ?"

ਬਾਬੇ ਗੰਡਾ ਸਿਉਂ ਨੇ ਨਾਥੇ ਅਮਲੀ ਨੂੰ ਪੁੱਛਿਆ, "ਤੈਨੂੰ ਤਾਂ ਨਾਥਾ ਸਿਆਂ ਪਤਾ ਹੋਣੈ, ਇਹ ਨੌਕਰੀ ਨਾਕਰੀ ਆਪਣੇ ਪਿੰਡ ਦੇ ਕਿਸੇ ਨੂੰ ਮਿਲੀ ਵੀ ਐ ਕੁ ਗਪੌੜ ਸਿਉਂ ਈਂ ਛੱਡੀ ਜਾਂਦੇ ਐ?"

ਅਮਲੀ ਕਹਿੰਦਾ, "ਕਿਹੜੀ ਨੌਕਰੀ ਬਾਬਾ! ਇਹ ਤਾਂ ਐਮੇਂ ਟਿੱਚਰਾਂ ਕਰਦੇ ਐ। ਕਦੇ ਰੋੜਾਂ 'ਚ ਵੀ ਮੀਂਹ ਪਿਐ। ਜਦੋਂ ਪਊ ਕਰੰਡ ਆਲੇ ਥਾਂ ਈਂ ਪਊ। ਉਹ ਗੱਲ ਨੌਕਰੀਆਂ ਦੀ ਐ। ਤਨਖਾਹ ਤਾਂ ਪਹਿਲਿਆਂ ਨੂੰ ਦੇਣ ਨੂੰ ਹੈਨੀ, ਨਮੀਆਂ ਨੌਕਰੀਆਂ ਭਾਲਦੇ ਐ।"




ਬਾਬੇ ਨੇ ਪੁੱਛਿਆ, "ਟਿੱਚਰਾਂ ਕਿਮੇਂ ਬਈ?"

ਅਮਲੀ ਹੱਸ ਕੇ ਬਾਬੇ ਨੂੰ ਕਹਿੰਦਾ, "ਲੈ ਸੁਣ ਲਾ ਫਿਰ। ਉਰ੍ਹੇ ਨੂੰ ਹੋ ਜਾ ਹੁਣ ਫਿਰ। ਐਡੀ ਦੂਰ ਤੋਂ ਨੀ ਤੈਨੂੰ ਗੱਲ ਸੁਣਨੀ। ਤੈਨੂੰ ਉੱਚੀ ਸੁਣਦੈ ਤੇ ਮੇਰੇ ਗਲ 'ਚ ਕਨੇਡੂ ਨਿੱਕਲਿਆ ਵਿਆ। ਇਉਂ ਕਰਕੇ ਆਪਣੀਆਂ ਗਲਾਰੀਆਂ ਦੇ ਦੰਦੇ ਨੀ ਫਸਣੇ ਆਪਸ ਵਿੱਚ। ਉਰ੍ਹੇ ਐਥੇ ਜੇ ਆ ਜਾ ਜੇ ਪੰਤੜੇ ਦੀ ਗੱਲ ਸੁਣਨੀ ਐਂ ਤਾਂ। ਜਿਹੜੀ ਨੌਕਰੀ ਦੀ ਤੁਸੀਂ ਗੱਲ ਕਰਦੇ ਐਂ, ਬਾਬੇ ਸ਼ੇਰ ਸਿਉਂ ਦੇ ਮੁੰਡੇ ਨੂੰ ਨੌਕਰੀ ਕਾਹਨੂੰ ਮਿਲੀ ਐ।"

ਬਾਬਾ ਗੰਡਾ ਸਿਉਂ ਅਮਲੀ ਦੀ ਗੱਲ ਵਿੱਚੋਂ ਟੋਕ ਕੇ ਕਹਿੰਦਾ, "ਤੇ ਨੰਦੋ ਮਹਿਰੀ ਪਤਾਸੇ ਕਾਹਦੇ ਵੰਡਦੀ ਫਿਰਦੀ ਸੀ ਫਿਰ?"

ਨਾਥਾ ਅਮਲੀ ਬਾਬੇ ਨੂੰ ਖਿਝ ਕੇ ਬੋਲਿਆ, "ਗੱਲ ਤਾਂ ਯਾਰ ਬਾਬਾ ਸੁਣ ਲਿਆ ਕਰੋ ਪਹਿਲਾਂ। ਉਹ ਤਾਂ ਬਾਬੇ ਸ਼ੇਰ ਦੇ ਪੋਤੇ ਘੋਗੜੀ ਦੇ ਮੁੰਡਾ ਹੋਇਆ। ਉਹਦੇ ਪਤਾਸੇ ਵੰਡਦੀ ਸੀ। ਉਹ ਤਾਂ ਕਿਤੇ ਕੌਡੂ ਨੂੰ ਟਿੱਚਰ 'ਚ ਕਹਿ ਗੀ ਬਈ ਸ਼ੇਰ ਸਿਉਂ ਦੇ ਪੋਤੇ ਨੂੰ ਨੌਕਰੀ ਮਿਲੀ ਐ। ਗੱਪਣ ਤਾਂ ਹੈ ਮਹਿਰੀ, ਹੋਰ ਕੀਐ। ਨੌਕਰੀ ਭਾਲਦੇ ਨੂੰ ਦੋ ਸਾਲ ਜਰੂਰ ਹੋ ਗੇ, ਪਰ ਨੌਕਰੀ ਨਾ ਮਿਲੀ ਤਾਂ ਘਰਦਿਆਂ ਨੇ ਵਿਆਹ ਕਰ 'ਤਾ। ਹੁਣ ਮੁੰਡਾ ਹੋ ਗਿਆ। ਉਹਦੇ ਵੰਡਦੀ ਸੀ ਪਤਾਸੇ। ਐਮੇਂ ਤੁਰੀ ਜਾਂਦੀ ਕੌਡੂ ਨੂੰ ਟਰਫੱਲ ਮਾਰ ਗੀ।"

ਮਾਹਲਾ ਨੰਬਰਦਾਰ ਅਮਲੀ ਦੀ ਬਾਂਹ ਝੰਜੋੜ ਕੇ ਕਹਿੰਦਾ, "ਤੂੰ ਅਸਲੀ ਗੱਲ ਸਣਾ ਯਾਰ, ਹੋਰ ਈ ਅੱਕਾਂ 'ਚ ਡਾਂਗਾਂ ਮਾਰੀ ਜਾਨੈ।"

ਨਾਥਾ ਅਮਲੀ ਕਹਿੰਦਾ, "ਸ਼ੇਰ ਦਾ ਪੋਤਾ ਘੋਗੜੀ ਨੌਕਰੀ ਭਾਲਦਾ ਭਾਲਦਾ ਆਵਦੇ ਸਹੁਰੀਂ ਚਲਾ ਗਿਆ। ਜਿੱਦੇਂ ਘੋਗੜੀ ਸਹੁਰੀਂ ਸੀ ਓਦਣ ਈਂ ਕਿਤੇ ਮੁੰਡਾ ਹੋ ਗਿਆ। ਘੋਗੜੀ ਨੇ ਘਰੇ ਟੈਲੀਫੂਨ ਕਰਕੇ ਘਰੇ ਸਨੇਹਾ ਲਾ 'ਤਾ ਬਈ ਨੌਕਰੀ ਦਾ ਤਾਂ ਹਜੇ ਕੁਸ ਬਣਿਆਂ ਨੀ ਪਰ ਰੱਬ ਨੇ ਮੁੰਡਾ ਜਰੂਰ ਦੇ 'ਤਾ। ਰਾਤ ਈ ਹੋਇਆ। ਘੋਗੜੀ ਦਾ ਤਾਇਆ ਮਕੰਦਾ ਕਹਿੰਦਾ 'ਆਉਂਦਾ ਹੋਇਆ ਬੋਤਲ ਫੜ੍ਹੀ ਆਈਂ ਫਿਰ ਹੁਣ'। ਘੋਗੜੀ ਨੂੰ ਪਿੰਡ ਆਉਂਦੇ ਨੂੰ ਕਵੇਲਾ ਹੋ ਗਿਆ। ਇਉਂ ਸਮਝ ਲੋ ਬਈ ਜਿਹੜੀ ਨੌਕਰੀ ਸਰਕਾਰ ਨੇ ਦਿੱਤੀ ਐ, ਘੋਗੜੀ ਓਥੋਂ ਆਇਆ ਸੀ। ਜਦੋਂ ਯਾਦ ਆਇਆ ਬਈ ਤਾਏ ਨੇ ਤਾਂ ਸਰਾਬ ਦੀ ਬੋਤਲ ਮੰਗਾਈ ਸੀ, ਉਹ ਘਰ ਕੋਲੋਂ ਤਾਏ ਵਾਸਤੇ ਸ਼ਰਾਬ ਲੈਣ ਮੁੜ ਗਿਆ। ਸਾਰਾ ਸ਼ਹਿਰ ਗਾਹ ਮਾਰਿਆ, ਕਿਤੋਂ ਵੀ ਸ਼ਰਾਬ ਨਾ ਮਿਲੀ। ਫੇਰ ਯਾਰ ਆਇਆ ਬਈ ਸਰਕਾਰ ਨੇ ਤਾਂ ਨਸ਼ਾ ਈ ਬੰਦ ਕਰ 'ਤਾ। ਘੋਗੜੀ ਭਿੱਜੀ ਬਿੱਲੀ ਬਣ ਕੇ ਘਰੇ ਆ ਗਿਆ ਨਿੰਮੋ ਝੂਣਾ ਜਾ ਹੋ ਕੇ। ਏਨੇ ਨੂੰ ਸਰਕਾਰ ਵੱਲੋਂ ਵੰਡੇ ਗਏ ਆਹ ਕੰਨ ਨੂੰ ਲਾਉਣ ਆਲੇ ਟੈਲੀਫੂਨ ਦੀ ਟੱਲੀ ਵੱਜ ਗੀ।"

ਅਮਲੀ ਦੀ ਗੱਲ ਟੋਕ ਕੇ ਸੀਤਾ ਮਰਾਸੀ ਕਹਿੰਦਾ, "ਟੈਲੀਫੂਨ ਤਾਂ ਅਮਲੀਆ ਸਾਰੇ ਕੰਨ ਨੂੰ ਈਂ ਲੱਗਦੇ ਹੁੰਦੇ ਐ ਹੋਰ ਕਿਤੇ ਹੀਂ ਹੀਂ ਹੀਂ--------। ਨਾਲੇ ਟੱਲੀ ਤਾਂ ਸ਼ੈਂਕਲ ਦੀ ਹੁੰਦੀ ਐ, ਟੈਲੀਫੂਨ ਦੀ ਤਾਂ ਘੰਟੀ ਹੁੰਦੀ ਐ।"

ਮਰਾਸੀ ਦੀ ਟਿੱਚਰ ਸੁਣ ਕੇ ਬਾਬਾ ਗੰਡਾ ਸਿਉਂ ਮਰਾਸੀ ਨੂੰ ਘੂਰਦਾ ਬੋਲਿਆ, "ਚੁੱਪ ਨੀ ਕਰਦਾ ਓਏ ਮੀਰ। ਨਾਲੇ ਇਹੀ ਜੀ ਗੱਲ ਨੀ ਕਰੀਦੀ ਹੁੰਦੀ ਸੱਥ 'ਚ ਜਿਹੀ ਜੀ ਤੂੰ ਕੀਤੀ ਐ। ਪਤੰਦਰੋ ਸੱਥ 'ਚ ਤਾਂ ਚੱਜ ਦਾ ਬੋਲ ਲਿਆ ਕਰੋ। ਚੁੱਪ ਕਰ ਜਾ ਹੁਣ ਨਾ ਬੋਲੀਂ ਗੱਲ ਗਾਹਾਂ ਤੁਰਨ ਦੇ। ਹਾਂ ਬਈ ਨਾਥਾ ਸਿਆਂ ਅੱਗੇ ਵਧ।"

ਅਮਲੀ ਕਹਿੰਦਾ, "ਅੱਗੇ ਫਿਰ ਕੀ ਸੀ ਬਾਬਾ। ਉਹ ਵੀ ਸੁਣ ਲਾ। ਮੈਂ ਚੂਹੇ ਫੂਨ ਦੀ ਗੱਲ ਕਰਦਾ ਸੀ ਬਾਬਾ ਜਿਹੜਾ ਬਿਨਾਂ ਤਾਰ ਤੋਂ ਹੁੰਦੈ। ਉਹਦੀ ਟੱਲੀ ਵੱਜ ਗੀ। ਜਦੋਂ ਸਰਕਾਰ ਦਾ ਦਿੱਤਾ ਟੈਲੀਫੂਨ ਕੰਮ ਨੂੰ ਲਾਇਆ ਤਾਂ ਅੱਗੋਂ ਬੰਦੇ ਨੇ ਬੋਲ ਕੇ ਪੁੱਛਿਆ 'ਸੋਡੇ ਘਰੋਂ ਹੁਣ ਤੱਕ ਕਿੰਨੇ ਕਿਸਾਨਾਂ ਨੇ ਫਾਹਾ ਲਿਆ'। ਉਧਰੋਂ ਤਾਂ ਟੈਲੀਫੂਨ 'ਚ ਚਵਲ-ਚਵਲ ਹੋਈ ਜਾਵੇ, ਓਧਰੋਂ ਬਾਬੇ ਸ਼ੇਰ ਸਿਉਂ ਦੇ ਘਰੋਂ ਅੰਬੋ ਮਖਤਿਆਰੋ ਹੋਕਰੇ ਮਾਰ ਮਾਰ ਪੁੱਛੇ 'ਵੇ ਮੁੰਡਿਉ! ਸੋਡੇ ਬਾਪੂ ਦੀ ਪਿਲਸਨ ਆਲਾ ਕਾਤਕ ਨੀ ਥਿਆਉਂਦਾ, ਤੁਸੀਂ ਤਾਂ ਨੀ ਕਿਸੇ ਨੇ ਵੇਖਿਆ'। ਸ਼ੇਰ ਸਿਉਂ ਦਾ ਸਾਰਿਆਂ ਤੋਂ ਛੋਟਾ ਮੁੰਡਾ ਗੇਦੂ ਟਿੱਚਰ 'ਚ ਅੰਬੋ ਨੂੰ ਕਹਿੰਦਾ 'ਪਿਲਸਨ ਪੁਲਸਨ ਨੀ ਅੰਬੋ ਦੇਣੀ ਕਿਸੇ ਨੇ, ਜਿੰਨਾਂ ਜਿੰਨ੍ਹਾਂ ਦਾ ਕਰਜਾ ਮਾਫ ਹੋਇਆ ਉਨ੍ਹਾਂ ਨੂੰ ਨੀ ਪਿਲਸਨ ਮਿਲਣੀ। ਐਮੇਂ ਨਾ ਰੌਲਾ ਪਾਈ ਜਾ'। ਏਨੇ ਚਿਰ ਨੂੰ ਪਿੰਡ 'ਚ ਬਾਜਵਾ ਪੱਤੀ 'ਚ ਰੌਲਾ ਪੈ ਗਿਆ ਅਕੇ ਠੇਕੇਦਾਰਾਂ ਦੇ ਸੁਰਜੂ ਬੁੜ੍ਹੇ ਦੀ ਵੱਡੀ ਨੂੰਹ ਦੀ ਰਾਤ ਨੂੰ ਕੋਈ ਗੁੱਤ ਵੱਢ ਕੇ ਲੈ ਗਿਆ। ਰੌਲਾ ਸੁਣ ਕੇ ਸਾਰਾ ਪਿੰਡ ਅੱਧੀ ਰਾਤ ਨੂੰ ਟਕੂਏ ਗੰਡਾਸੇ ਚੱਕੀ ਫਿਰੇ। ਜਦੋਂ ਨੂੰ ਲੋਕ ਸੁਰਜੂ ਬੁੜ੍ਹੇ ਕੇ ਘਰ ਗਏ ਉਦੋਂ ਨੂੰ ਪਿੰਡ ਦੇ ਦੂਜੇ ਪਾਸੇ ਲਾਲਾ ਲਾਲਾ ਹੋ ਗੀ ਅਕੇ ਸੱਜਣ ਸਿਉਂ ਨੰਬਰਦਾਰ ਦੇ ਘਰ ਆਲੀ ਪ੍ਰਸਿੰਨ ਕੁਰ ਨੂੰ ਨਾਲੇ ਤਾਂ ਕੋਈ ਧੱਕਾ ਦੇ ਕੇ ਮੰਜੇ ਤੋਂ ਹੇਠਾਂ ਸਿੱਟ ਗਿਆ, ਨਾਲੇ ਉਹਦੀ ਵੀ ਗੁੱਤ ਵੱਢੀ ਗਈ। ਅੱਧੇ ਕੁ ਲੋਕ ਸੱਜਣ ਨੰਬਰਦਾਰ ਕੇ ਘਰ ਵੱਲ ਨੂੰ ਭੱਜ ਲਏ। ਜਦੋਂ ਓਥੇ ਜਾ ਕੇ ਵੇਖਿਆ ਤਾਂ ਓਥੇ ਕੁਸ ਮਨ੍ਹਾ।"

ਪ੍ਰਤਾਪਾ ਭਾਊ ਗੱਲ ਸੁਣ ਕੇ ਹੈਰਾਨੀ ਨਾਲ ਕਹਿੰਦਾ, "ਅੱਛਿਆ! ਜਿੱਦੇਂ ਰਾਤ ਨੂੰ ਚੋਰ-ਚੋਰ ਦਾ ਰੌਲਾ ਪਿਆ, ਆਹ ਗੱਲ ਸੀ ਗੁੱਤ ਵੱਢਣ ਆਲੀ। ਮੈਂ ਵੀ ਕਿਹਾ ਹਜੇ ਤਾਂ ਖਾਊ ਪੀਊ ਵੇਲਾ ਈ ਹੋਇਆ, ਵੱਜੇ ਗਿਆਰਾਂ, ਹੁਣੇ ਈਂ ਕਿੱਥੋਂ ਆ ਗੇ ਚੋਰ।"

ਰਤਨ ਸਿਉਂ ਸੂਬੇਦਾਰ ਕਹਿੰਦਾ, "ਇਹ ਗੁੱਤਾਂ ਗੱਤਾਂ ਤਾਂ ਆਪਣੇ ਪਿੰਡ 'ਚ ਈ ਕਈਆਂ ਬੁੜ੍ਹੀਆਂ ਦੀਆਂ ਵੱਢੀਆਂ ਗਈਆਂ ਸੁਣਦੇ ਐਂ।"

ਸੀਤਾ ਮਰਾਸੀ ਟਿੱਚਰ 'ਚ ਸੂਬੇਦਾਰ ਨੂੰ ਕਹਿੰਦਾ, "ਕਿਉਂ ਫੌਜੀਆ! ਇਹ ਸਭ ਦੀਆਂ ਗੁੱਤਾਂ 'ਤੇ ਈ ਕੈਂਚੀ ਚੱਲਦੀ ਐ ਕੁ ਕਿਸੇ ਬੁੜ੍ਹੀ ਕੁੜੀ ਦਾ ਜਲੇਬੀ ਜੂੜਾ ਵੀ ਵੱਢਿਆ ਗਿਆ?"

ਨਾਥਾ ਅਮਲੀ ਮਰਾਸੀ ਨੂੰ ਕਹਿੰਦਾ, "ਜਲੇਬੀ ਜੂੜੇ ਨੂੰ ਗਾਹਾਂ ਦੋ-ਦੋ ਗਜ ਲੰਬੇ ਵਾਲ ਐ ਬਈ ਜਲੇਬੀ ਜੂੜਾ ਹੋ ਜੂ। ਵਾਲ ਤਾਂ ਕੁੜੀਆਂ ਬੁੜ੍ਹੀਆਂ ਪਹਿਲਾਂ ਈ ਵਢਾਈ ਫਿਰਦੀਐਂ, ਜਲੇਬੀ ਜੂੜਾ ਕਿੱਥੋਂ ਹੋ ਜੇ। ਏਨੀਆਂ ਕੁ ਬੂਦਾਂ ਜੀਆਂ ਨਾਲ ਤਾਂ ਪਕੌੜੀ ਮਖਾਣਾ ਮਨ੍ਹੀ ਹੋਣੈ ਜਲੇਬੀ ਜੂੜਾ ਕਿੱਥੋਂ ਹੋ ਜੂ।"

ਏਨੇ ਚਿਰ ਨੂੰ ਗੱਲਾਂ ਕਰੀ ਜਾਂਦਿਆਂ ਤੋਂ ਸੱਥ ਦੇ ਸਾਹਮਣੇ ਜੰਗੀਰੇ ਗੱਜਣ ਕੇ ਘਰੇ ਫੜ੍ਹ ਲਉ, ਫੜ੍ਹ ਲਉ ਦਾ ਰੌਲਾ ਪੈ ਗਿਆ। ਆਂਢ-ਗੁਆਂਢ ਦੇ ਲੋਕ ਵੀ ਕੋਠਿਆਂ ਦੀ ਛੱਤ 'ਤੇ ਚੜ੍ਹ ਕੇ ਰੌਲਾ ਪਾਉਣ ਲੱਗ ਪਏ ਬਈ ਕੋਈ ਗੁੱਤ ਵੱਢ ਗਿਆ। ਰੌਲਾ ਸੁਣ ਕੇ ਸਾਰੀ ਸੱਥ ਉੱਠ ਕੇ ਜੰਗੀਰੇ ਗੱਜਣ ਕੇ ਘਰ ਨੂੰ ਭੱਜ ਤੁਰੀ ਤੇ ਸੱਥ ਵੇਂਹਦਿਆਂ ਵੇਂਹਦਿਆਂ ਖਾਲੀ ਹੋ ਗਈ।


ਤਰਲੋਚਨ ਸਿੰਘ ਦੁਪਾਲ ਪੁਰ,
ਸੰਪਰਕ: 78146-92724

# ਅਮਰੀਕੀ ਹੱਥਕੜੀ...

ਸਾਲ 2004 ਵਿਚ 'ਬਲੱਡ ਰਿਲੇਸ਼ਨ' ਦੇ ਕਾਨੂੰਨੀ ਢੰਗ ਨਾਲ ਅਮਰੀਕਾ ਗਿਆ ਹੋਇਆ ਮੈਂ ਇਕ ਅਜਿਹੀ ਕੰਪਨੀ ਵਿੱਚ ਰਾਤ ਦੀ ਨੌਕਰੀ ਕਰਦਾ ਸਾਂ ਜਿੱਥੇ ਪੰਜ ਜਾਂ ਛੇ ਅੱਲੜ ਉਮਰ (ਟੀਨੇਜਰ) ਦੇ ਮੁੰਡੇ, ਅੱਧੀ ਕੁ ਰਾਤ ਤੱਕ ਪੜ੍ਹਦੇ ਹੁੰਦੇ ਸਨ। ਮੇਰੀ ਡਿਊਟੀ ਇਹ ਹੁੰਦੀ ਸੀ ਕਿ ਉਨ੍ਹਾਂ ਨੂੰ ਰੋਕਣਾ-ਟੋਕਣਾ ਕੋਈ ਨਹੀਂ, ਬਸ ਉਨ੍ਹਾਂ ਦੀ ਕਿਸੇ ਗ਼ਲਤ ਸਰਗਰਮੀ ਰਜਿਸਟਰ ਵਿਚ ਦਰਜ ਕਰ ਦੇਣੀ ਹੈ ਜਾਂ ਫਿਰ ਉਨ੍ਹਾਂ ਵੱਲੋਂ ਕੋਈ ਜ਼ਿਆਦਾ ਹੀ ਗੜਬੜ ਕਰਨ 'ਤੇ ਮੈਂ ਆਪਣੀ ਸੁਪਰਵਾਈਜ਼ਰ ਨੂੰ ਫੋਨ ਕਰ ਕੇ ਬੁਲਾ ਲੈਂਦਾ ਹੁੰਦਾ ਸਾਂ। ਵੈਸੇ ਸੁਪਰਵਾਈਜ਼ਰ ਨੂੰ ਬੁਲਾਉਣ ਦੀ ਨੌਬਤ ਬਹੁਤ ਘੱਟ ਆਉਂਦੀ ਹੁੰਦੀ ਸੀ, ਨਹੀਂ ਤਾਂ ਸੁਪਰਵਾਈਜ਼ਰ ਨੇ ਮੈਨੂੰ ਰੁਟੀਨ ਵਿੱਚ ਹੀ ਫੋਨ 'ਤੇ ਪੁੱਛ ਲੈਣਾ- "ਮਿਸਟਰ ਸਿੰਘ, ਐਵਰੀਥਿੰਗ ਇਜ਼ ਓਕੇ?"

2011 ਵਿਚ ਉਸਾਮਾ ਬਿਨ-ਲਾਦਿਨ ਦੇ ਖ਼ਾਤਮੇ ਵਾਲੇ ਕਾਂਡ ਨੂੰ ਅਜੇ ਥੋੜ੍ਹੇ ਦਿਨ ਹੀ ਹੋਏ ਸਨ ਕਿ ਡਿਊਟੀ ਸਮੇਂ ਇਕ ਗੋਰੇ ਮੁੰਡੇ ਨੇ ਸ਼ਰਾਰਤੀ ਜਿਹੇ ਲਹਿਜੇ ਨਾਲ ਮੇਰੀ ਪੱਗ ਵੱਲ ਇਸ਼ਾਰਾ ਕਰਦਿਆਂ ਮੈਨੂੰ ਲਾਦਿਨ ਦਾ ਨਾਂ ਲੈ ਕੇ ਟਿੱਚਰ ਜਿਹੀ ਕੀਤੀ।

ਉਸ ਰਾਤ ਜਦ ਮੈਨੂੰ ਰੋਜ਼ ਵਾਂਗ ਸੁਪਰਵਾਈਜ਼ਰ ਨੇ ਫੋਨ 'ਤੇ ਹਾਲ-ਹਵਾਲ ਪੁੱਛਿਆ ਤਾਂ 'ਐਵਰੀਥਿੰਗ ਓਕੇ' ਕਹਿ ਕੇ ਸਹਿਵਨ ਹੀ ਮੈਂ ਇਹ ਵੀ ਦੱਸ ਦਿੱਤਾ ਕਿ ਫਲਾਣੇ ਗੋਰੇ ਮੁੰਡੇ ਨੇ ਮੈਨੂੰ ਏਦਾਂ ਏਦਾਂ ਕਿਹਾ ਐ। ਯਕੀਨ ਜਾਣਿਉਂ, ਇਹ ਗੱਲ ਮੈਂ ਮਹਿਜ਼ ਦਫਤਰੀ ਜਾਣਕਾਰੀ ਦੇਣ ਵਜੋਂ ਹੀ ਦੱਸੀ ਸੀ; ਮੇਰੇ ਮਨ ਵਿੱਚ ਉਸ ਮੁੰਡੇ ਦੀ ਕਹੀ ਗੱਲ ਬਾਰੇ ਕੋਈ ਗੁੱਸਾ ਜਾਂ ਰੰਜ ਨਹੀਂ ਸੀ ਪਰ ਸੁਪਰਵਾਈਜ਼ਰ ਨੇ ਸੁਣਦਿਆਂ ਸਾਰ 'ਓ ਮਾਈ ਗੌਡ!' ਕਹਿ ਕੇ ਮੈਨੂੰ ਦੱਸਿਆ, "ਮੈਂ ਤੇਰੇ ਕੋਲ ਹੁਣੇ ਆ ਰਹੀ ਹਾਂ!" ਸਾਡੇ ਦਫਤਰ ਪਹੁੰਚ ਕੇ ਉਹਨੇ ਪੁਲੀਸ ਨੂੰ ਕਾਲ ਕੀਤੀ। ਮਿੰਟਾਂ ਵਿਚ ਹੀ ਦੋ ਪੁਲੀਸਮੈਨ ਆ ਗਏ। ਮੈਂ ਸੋਚ ਰਿਹਾ ਸਾਂ ਕਿ ਪੁਲੀਸ ਵਾਲੇ ਸ਼ਾਇਦ ਮੈਥੋਂ ਲੋੜੀਂਦੀ ਪੁੱਛ-ਗਿੱਛ ਕਰਨਗੇ ਪਰ ਉਨ੍ਹਾਂ ਮੇਰੀ ਸੁਪਰਵਾਈਜ਼ਰ ਨਾਲ ਹੀ ਗੱਲਬਾਤ ਕਰ ਕੇ ਉਸ ਮੁੰਡੇ ਨੂੰ ਕਮਰੇ ਤੋਂ ਬਾਹਰ ਬੁਲਾਇਆ; ਤੇ ਨਾਂ-ਪਤਾ ਪੁੱਛ ਕੇ ਉਹਦੇ ਪੁੱਠੀ ਹੱਥਕੜੀ ਮਾਰ ਲਈ। ਪੁਲੀਸ ਵਾਲੇ ਜਦ ਉਸ ਮੁੰਡੇ ਨੂੰ ਦਫਤਰੋਂ ਬਾਹਰ ਖੜ੍ਹੀ ਆਪਣੀ ਗੱਡੀ ਵਿੱਚ ਬਿਠਾਉਣ ਲਈ ਲਿਜਾਣ ਲੱਗੇ ਤਾਂ ਸੁਪਰਵਾਈਜ਼ਰ ਨੇ ਉਸ ਮੁੰਡੇ ਨੂੰ ਧਾ ਗਲਵਕੜੀ ਪਾ ਲਈ। ਮੈਂ ਹੈਰਾਨ ਹੋਇਆ ਉਨ੍ਹਾਂ ਵੱਲ ਦੇਖਣ ਲੱਗਾ। ਸੁਪਰਵਾਈਜ਼ਰ ਉਸ ਮੁੰਡੇ ਨੂੰ ਪਿਆਰਦੀ ਦੁਲਾਰਦੀ ਕਹਿਣ ਲੱਗੀ- "ਮਾਈ ਡੀਅਰ ਸਨ, ਮੈਂ ਤੇਰੇ ਭਲੇ ਹਿਤ ਹੀ ਤੈਨੂੰ ਕਾਨੂੰਨ ਦੇ ਹਵਾਲੇ ਕੀਤਾ ਹੈ ਤਾਂ ਕਿ ਤੂੰ ਚੰਗਾ ਇਨਸਾਨ ਬਣ ਸਕੇਂ ਅਤੇ ਭਵਿੱਖ ਵਿਚ ਕਿਸੇ ਦਾ ਦਿਲ ਨਾ ਦੁਖਾਵੇਂ ਜਿਵੇਂ ਤੂੰ ਅੱਜ ਮਿਸਟਰ ਸਿੰਘ ਨੂੰ 'ਹਰਟ' ਕੀਤਾ ਹੈ...!" 'ਗੁੱਡ ਲੱਕ ਮੇਰੇ ਪਿਆਰੇ!' ਕਹਿ ਕੇ ਸੁਪਰਵਾਈਜ਼ਰ ਨੇ ਉਸ ਮੁੰਡੇ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ।






# ਸਿਹਤ ਪੀਜ਼ਾ

ਸਰਵਿੰਗ ਦਾ ਆਕਾਰ
: 1 ਨਾਨ ਪੀਜ਼ਾ



**ਸਮੱਗਰੀ**

| | |
|---|---|
| 1 ਹੋਲ ਵੀਟ ਪੀਟਾ ਜਾਂ ਹੋਲ ਵੀਟ ਨਾਨ | 1 ਵੱਡਾ ਚਮਚਾ ਇਟਾਲੀਅਨ ਹਰਬ ਬਲੈਂਡ |
| 1½ ਚਮਚਾ ਟਮਾਟਰ ਸੋਸ | 1½ ਕੱਪ ਮੋਝਰੈਲਾ ਜਾਂ ਮਾਰਬਲ ਚੀਜ਼ ਕੱਦੂਕਸ |

**ਘੱਟੋ-ਘੱਟ 2 ਟੌਪਿੰਗਜ਼ ਚੁਣੋ**


| | |
|---|---|
| ਕੱਟੇ ਹੋਏ ਮਸ਼ਰੂਮ | ਹਰੀ ਮਿਰਚ, ਕੱਟੀ ਹੋਈ |
| ਟਮਾਟਰ, ਕੱਟੇ ਹੋਏ | ਪਿਆਜ਼ ਕੱਟੇ ਹੋਏ |
| ਪਾਲਕ, ਕੱਦੂਕਸ ਕੀਤੀ ਹੋਈ | ਅਨਾਨਾਸ ਕੱਟਿਆ ਹੋਇਆ |

**ਬਣਾਉਣ ਦੀ ਵਿਧੀ :**

ਓਵਰ ਨੂੰ 350 ਡਿਗਰੀ 'ਤੇ ਗਰਮ ਕਰੋ। ਹੋਲ ਵੀਟ ਪੀਜ਼ਾ ਜਾਂ ਹੋਲ ਵੀਟ ਨਾਨ ਉੱਤੇ ਟਮਾਟਰ ਸੋਸ ਪਾ ਕੇ ਬੇਕਿੰਗ ਸ਼ੀਟ 'ਤੇ ਰੱਖੋ। ਇਟਾਲੀਅਨ ਹਰਬ ਬਲੈਂਡ ਉਸ ਉੱਤੇ ਛਿੜਕੋ। ਆਪਣੀ ਚੋਣ ਮੁਤਾਬਕ ਉਸ ਉੱਤੇ ਪੀਜ਼ਾ ਟੌਪਿੰਗ ਅਤੇ ਚੀਜ਼ ਪਾਓ। ਚੀਜ਼ ਦੇ ਪਿਘਲਣ ਤੱਕ ਜਾਂ ਉਸ ਨੂੰ 10-12 ਮਿੰਟਾਂ ਲਈ ਬੇਕ ਕਰੋ ਅਤੇ ਗਰਮਾ-ਗਰਮ ਪਰੋਸ ਕੇ ਆਨੰਦ ਮਾਣੋ।

# ਸਪੈਸ਼ਲ ਸ਼ਾਕਾਹਾਰੀ ਕੀਮਾ






**ਸਮੱਗਰੀ**

- ਸੋਇਆ ਬੜੀਆਂ 200 ਗ੍ਰਾਮ,
- ਦਹੀਂ 200 ਗ੍ਰਾਮ,
- ਕੁਕਿੰਗ ਤੇਲ 200 ਮਿਲੀ,
- ਪਿਆਜ਼ ਦੋ ਵੱਡੇ,
- ਲਸਣ 25 ਕਲੀਆਂ,
- ਅਦਰਕ ਇਕ ਟੁਕੜਾ,
- ਕਰੀ ਮਸਾਲਾ 25 ਗ੍ਰਾਮ,
- ਨਮਕ ਸਵਾਦ ਅਨੁਸਾਰ,
- ਮਿਰਚ ਸਵਾਦ ਅਨੁਸਾਰ,
- ਹਰਾ ਧਨੀਆ ਇਕ ਗੁੱਛੀ,
- ਜੀਰਾ, ਕਾਜੂ,
- ਬਦਾਮ ਜ਼ਰੂਰਤ ਅਨੁਸਾਰ।

ਵਿਧੀ : ਸੋਇਆ ਵੜੀਆਂ ਨੂੰ ਕੋਸੇ ਪਾਣੀ ਵਿਚ ਲਗਭਗ 30 ਮਿੰਟ ਭਿਉਂ ਦਿਓ। ਉਸ ਤੋਂ ਬਾਅਦ ਵੜੀਆਂ ਨੂੰ ਦੋਵੇਂ ਹੱਥਾਂ ਨਾਲ ਨਿਚੋੜ ਲਓ। ਬੜੀਆਂ ਨੂੰ ਉਂਗਲੀਆਂ ਤੇ ਅੰਗੂਠੇ ਦੀ ਸਹਾਇਤਾ ਨਾਲ ਰੇਸ਼ੇ ਦੀ ਲੰਬਾਈ ਅਨੁਸਾਰ ਬਾਰੀਕ-ਬਾਰੀਕ ਕਰ ਦਿਓ। ਪਿਆਜ਼ ਨੂੰ ਬਾਰੀਕ ਕੱਟੋ। ਅਦਰਕ ਦੇ ਵੀ ਬਾਰੀਕ ਟੁਕੜੇ ਕਰੋ। ਲਸਣ ਨੂੰ ਫੈਂਹ ਕੇ ਪਾਣੀ ਵਿਚ ਭਿਉਂ ਦਿਓ ਅਤੇ ਨਿਚੋੜ ਕੇ ਮਸਾਲੇ ਵਿਚ ਮਿਲਾ ਲਓ।

ਇਸ ਵਿਚ ਨਮਕ ਅਤੇ ਮਿਰਚ ਮਿਲਾ ਲਓ। ਕੜਾਹੀ ਕੁਕਿੰਗ ਤੇਲ ਗਰਮ ਕਰੋ। ਪਿਆਜ਼ ਤੇ ਅਦਰਕ ਦੇ ਟੁਕੜਿਆਂ ਨੂੰ ਹਲਕਾ ਭੂਰਾ ਹੋਣ ਤੱਕ ਭੁੰਨੋ। ਪਿਆਜ਼ ਤੇ ਅਦਰਕ ਨੂੰ ਕੱਢ ਕੇ ਸੋਇਆ ਵੜੀਆਂ ਦੇ ਚੂਰੇ ਨੂੰ ਕੁਕਿੰਗ ਆਇਲ ਵਿਚ ਮੱਧਮ ਅੱਗ 'ਤੇ ਉਦੋਂ ਤੱਕ ਭੁੰਨੋ ਜਦੋਂ ਤੱਕ ਇਨ੍ਹਾਂ ਦਾ ਪਾਣੀ ਖ਼ਤਮ ਨਾ ਹੋ ਜਾਵੇ। ਸੋਇਆ ਵੜੀ ਦੇ ਭੁੰਨੇ ਚੂਰੇ ਨੂੰ ਵੀ ਵੱਖਰਾ ਕੱਢ ਲਓ। ਬਚੇ ਤੇਲ ਵਿਚ ਜੀਰਾ ਦਾ ਤੜਕਾ ਲਗਾ ਕੇ ਦਹੀਂ ਪਾਓ।

ਇਸ ਦੇ ਨਾਲ ਮਸਾਲੇ ਆਦਿ ਪਾ ਕੇ ਕੁਝ ਦੇਰ ਹਿਲਾਉਂਦੇ ਰਹੋ। ਭੁੰਨੇ ਗਏ ਪਿਆਜ਼, ਅਦਰਕ ਤੇ ਸੋਇਆ ਵੜੀਆਂ ਦੇ ਚੂਰੇ ਨੂੰ ਦਹੀਂ ਤੇ ਤਿਆਰ ਮਸਾਲੇ ਦੇ ਮਿਸ਼ਰਨ ਵਿਚ ਪਾ ਕੇ ਦੋ ਮਿੰਟ ਹਿਲਾਓ। ਬਾਰੀਕ ਕੱਟਿਆ ਹਰਾ ਧਨੀਆ ਪਾ ਦਿਓ। ਤਿਆਰ ਕੀਮੇ ਨੂੰ ਕੌਲੀ ਵਿਚ ਕੱਢ ਲਓ ਅਤੇ ਬਦਾਮ ਤੇ ਕਾਜੂ ਦੇ ਟੁਕੜੇ ਪਾ ਕੇ ਮਿਲਾ ਦਿਓ।




# ਲਾਂਚ ਹੋਇਆ ਦੁਨੀਆ ਦਾ ਸਭ ਤੋਂ ਪਤਲਾ ਫੋਲਡੇਬਲ ਫੋਨ!

OPPO ਨੇ ਆਪਣਾ ਨਵਾਂ ਫੋਲਡੇਬਲ ਸਮਾਰਟਫੋਨ OPPO Find N5 ਲਾਂਚ ਕਰ ਦਿੱਤਾ ਹੈ। ਇਸ ਬਾਰੇ ਕਈ ਦਿਨਾਂ ਤੋਂ ਚਰਚਾਵਾਂ ਚੱਲ ਰਹੀਆਂ ਸਨ। ਫੋਨ 'ਚ 8.12 ਇੰਚ ਦੀ ਫੋਲਡੇਬਲ ਸਕ੍ਰੀਨ ਹੈ ਜੋ 2ਖ ਰੈਜ਼ੋਲਿਊਸ਼ਨ ਵਾਲੀ ਡਿਸਪਲੇਅ ਹੈ। ਡਿਸਪਲੇਅ 'ਚ 2100 ਨਿਟਸ ਦੀ ਪੀਕ ਬ੍ਰਾਇਟਨੈੱਸ ਹੈ। ਇਸ ਤੋਂ ਇਲਾਵਾ, ਫੋਨ 'ਚ 6.62 ਇੰਚ ਦੀ ਬਾਹਰੀ ਸਕ੍ਰੀਨ ਦਿੱਤੀ ਗਈ ਹੈ, ਜਿਸਦੀ ਵਰਤੋਂ ਉਦੋਂ ਕੀਤੀ ਜਾ ਸਕਦੀ ਹੈ ਜਦੋਂ ਤੁਸੀਂ ਫੋਨ ਨੂੰ ਅਨਫੋਲਡ ਨਹੀਂ ਕਰਨਾ ਚਾਹੁੰਦੇ। OPPO Find N5 ਦੀ ਸਭ ਤੋਂ ਵੱਡੀ ਖਾਸੀਅਤ ਇਸਦੀ ਥਿਕਨੈੱਸ ਹੈ। ਜਦੋਂ ਇਸਨੂੰ ਅਨਫੋਲਡ ਕੀਤਾ ਜਾਂਦਾ ਹੈ, ਤਾਂ ਇਹ ਸਿਰਫ਼ 4.21mm ਪਤਲਾ ਹੁੰਦਾ ਹੈ। ਜਦੋਂ ਫੋਲਡ ਕੀਤਾ ਜਾਂਦਾ ਹੈ, ਤਾਂ ਇਸਦੀ ਮੋਟਾਈ 8.93mm ਹੁੰਦੀ ਹੈ। ਇਸਨੂੰ ਵਰਜਨ ਗਲਾਸ ਤੇ ਲੈਦਰ 'ਚ ਲਿਆਂਦਾ ਗਿਆ ਹੈ। ਇਨ੍ਹਾਂ ਦਾ ਭਾਰ ਕ੍ਰਮਵਾਰ 229 ਗ੍ਰਾਮ ਅਤੇ 239 ਗ੍ਰਾਮ ਹੈ।

**OPPO Find N5 ਦੇ ਪ੍ਰਾਇਮ ਅਤੇ ਉਪਲਬਧਤਾ**

OPPO Find N5 ਸਮਾਰਟਫੋਨ ਨੂੰ ਗਲੋਬਲ ਮਾਰਕੀਟਸ 'ਚ ਮਿਸਟੀ ਵਾਇਟ ਅਤੇ ਕਾਸਮਿਕ ਬਲੈਕ ਕਲਰਜ਼ 'ਚ ਲਿਆਂਦਾ ਗਿਆ ਹੈ। ਚੀਨ 'ਚ ਇਹ ਫੋਨ ਡਸਕ ਪਰਪਲ ਕਲਰ 'ਚ ਲੈਦਰ ਬੈਕ ਦੇ ਨਾਲ ਆਉਂਦਾ ਹੈ। ਗਲੋਬਲ ਬਾਜ਼ਾਰਾਂ 'ਚ ਇਸਦੀ ਸ਼ੁਰੂਆਤੀ ਕੀਮਤ 1867 ਅਮਰੀਕੀ ਡਾਲਰ ਯਾਨੀ ਲਗਭਗ 1 ਲੱਖ 61 ਹਜ਼ਾਰ ਰੁਪਏ ਹੈ। ਇਹ 28 ਫਰਵਰੀ ਤੋਂ ਸ਼ੁਰੂ ਹੋਵੇਗਾ। ਇਹ ਚੀਨ 'ਚ 8,999 ਯੂਆਨ ਯਾਨੀ ਲਗਭਗ 1 ਲੱਖ 7 ਹਜ਼ਾਰ ਰੁਪਏ ਤੋਂ ਸ਼ੁਰੂ ਹੋਵੇਗਾ। ਇਹ ਫ਼ੋਨ 12ਘਭ, 16GB RAM ਨਾਲ ਭਰਪੂਰ ਹੈ। ਵੱਧ ਤੋਂ ਵੱਧ ਸਟੋਰੇਜ 1 ਟੀਬੀ ਹੈ। ਇਸ ਫੋਨ ਦੀ ਵਿਕਰੀ ਚੀਨ 'ਚ 26 ਫਰਵਰੀ ਤੋਂ ਸ਼ੁਰੂ ਹੋਵੇਗੀ।



**OPPO Find N5 ਫੀਚਰਸ, ਸਪੈਸੀਫਿਕੇਸ਼ਨਜ਼**

OPPO Find N5 ਦੀ ਸਭ ਤੋਂ ਮਹੱਤਵਪੂਰਨ ਫੀਚਰ ਇਸਦਾ ਡਿਜ਼ਾਈਨ ਅਤੇ ਥਿਕਨੈੱਸ ਹੈ। ਆਮ ਤੌਰ 'ਤੇ, ਫੋਲਡੇਬਲ ਸਮਾਰਟਫੋਨ ਥਿਕ ਹੁੰਦੇ ਹਨ। ਪਰ ਜਦੋਂ ਇਸਨੂੰ ਅਨਫੋਲਡ ਕੀਤਾ ਜਾਂਦਾ ਹੈ ਤਾਂ Find N5 ਸਿਰਫ਼ 4.21mm ਹੁੰਦਾ ਹੈ। ਜਦੋਂ ਇਸਨੂੰ ਫੋਲਡ ਕੀਤਾ ਜਾਂਦਾ ਹੈ, ਤਾਂ ਇਸਦੀ ਥਿਕਨੈੱਸ 8.93mm ਹੁੰਦੀ ਹੈ, ਜੋ ਇਸਨੂੰ ਦੁਨੀਆ ਦਾ ਸਭ ਤੋਂ ਪਤਲਾ ਫੋਲਡ ਕੀਤਾ ਗਿਆ ਫੋਨ ਬਣਾਉਂਦੀ ਹੈ। ਇਸਦਾ ਇੰਟਰਨਲ ਡਿਸਪਲੇਅ ਅਨਫੋਲਡ ਹੋਣ 'ਤੇ 8.12 ਇੰਚ ਹੋ ਜਾਂਦਾ ਹੈ। ਇਸਦਾ ਰੈਜ਼ੋਲਿਊਸ਼ਨ 2480 ਣ 2248 ਪਿਕਸਲ ਹੈ। ਪੀਕ ਬ੍ਰਾਇਟਨੈੱਸ 2100 ਨਿਟਸ ਹੈ। ਡਿਸਪਲੇਅ 'ਚ ਥਿਨ ਗਲਾਸ ਪ੍ਰੋਟੈਕਸ਼ਨ ਮਿਲਦਾ ਹੈ। OPPO Find N5 ਦਾ ਇੰਟਰਨਲ ਡਿਸਪਲੇਅ 6.62 ਇੰਚ ਹੈ। ਇਹ FHD+ ਰੈਜ਼ੋਲਿਊਸ਼ਨ ਦੀ ਪੇਸ਼ਕਸ਼ ਕਰਦਾ ਹੈ। ਦੋਵੇਂ ਡਿਸਪਲੇਅ ਸ਼ੀਸ਼ੇ ਦੀ ਸੁਰੱਖਿਆ ਨਾਲ ਲੈਸ ਹਨ।

**OPPO Find N5 ਪ੍ਰੋਸੈਸਰ ਤੇ ਰੈਮ**

OPPO Find N5 Qualcomm ਦੇ Snapdragon 8 Elite ਚਿੱਪਸੈੱਟ ਵੱਲੋਂ ਸੰਚਾਲਿਤ ਹੈ। ਫੋਨ 'ਚ 12 ਅਤੇ 16 ਜੀਬੀ ਰੈਮ ਹੈ। ਅੰਦਰੂਨੀ ਸਟੋਰੇਜ 512 ਘਭ ਤੋਂ 1 ਠਭ ਤੱਕ ਹੈ। ਇਹ ਐਂਡਰਾਇਡ 15 'ਤੇ ਆਧਾਰਿਤ ColorOS 15 'ਤੇ ਚੱਲਦਾ ਹੈ।

**OPPO Find N5 ਕੈਮਰਾ**

OPPO Find N5 'ਚ 50MP ਪ੍ਰਾਇਮਰੀ ਵਾਈਡ-ਐਂਗਲ ਕੈਮਰਾ ਹੈ। ਇਹ OIS ਦਾ ਸਮਰਥਨ ਕਰਦਾ ਹੈ। ਇਸ ਦੇ ਨਾਲ, ਇਕ 8MP ਅਲਟਰਾ-ਵਾਈਡ ਸੈਂਸਰ ਅਤੇ ਇਕ 50MP ਪੈਰੀਸਕੋਪ ਕੈਮਰਾ ਹੈ। ਪੈਰੀਸਕੋਪ ਕੈਮਰਾ ਆਪਟੀਕਲ ਜ਼ੂਮ ਲਈ ਵਰਤਿਆ ਜਾਂਦਾ ਹੈ। ਫੋਨ 'ਚ 8 MP ਦਾ ਫਰੰਟ ਕੈਮਰਾ ਹੈ, ਜੋ ਕਿ ਕਵਰ ਸਕ੍ਰੀਨ 'ਤੇ ਲਗਾਇਆ ਗਿਆ ਹੈ।

**OPPO Find N5 ਬੈਟਰੀ**

OPPO Find N5 'ਚ 5600mAh ਬੈਟਰੀ ਹੈ। ਇਹ 80W SuperVOOC ਚਾਰਜਿੰਗ ਨੂੰ ਸਪੋਰਟ ਕਰਦਾ ਹੈ। ਇਹ ਫੋਨ 50W ਵਾਇਰਲੈੱਸ ਚਾਰਜਿੰਗ ਦੀ ਵੀ ਪੇਸ਼ਕਸ਼ ਕਰਦਾ ਹੈ। ਹੋਰ ਫੀਚਰਜ਼ ਦੀ ਗੱਲ ਕਰੀਏ ਤਾਂ ਫੋਨ 'ਚ USB ਟਾਈਪ-ਸੀ ਪੋਰਟ ਅਤੇ ਆਡੀਓ ਸਪੀਕਰ ਦਿੱਤੇ ਗਏ ਹਨ। ਇਸ 'ਚ ਸਾਈਡ-ਮਾਊਂਟੇਡ ਫਿੰਗਰਪ੍ਰਿੰਟ ਸੈਂਸਰ ਹੈ। ਇਹ ਫ਼ੋਨ IPX6/IPX8/IPX9 ਰੇਟਿੰਗ ਵਾਲਾ ਹੈ, ਭਾਵ ਇਸਨੂੰ ਪਾਣੀ ਦੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ।

**OPPO Find N5 vs**

PPO Find N5 ਦੁਨੀਆ ਦਾ ਸਭ ਤੋਂ ਪਤਲਾ ਫੋਲਡੇਬਲ ਫੋਨ ਹੈ। ਇਸਦੀ ਮੋਟਾਈ 8.93 ਮਿਲੀਮੀਟਰ ਹੈ। ਦੂਜੇ ਫੋਲਡੇਬਲਾਂ ਨਾਲ ਫੋਨ ਦੀ ਤੁਲਨਾ ਕਰੀਏ ਤਾਂ, OnePlus Open ਦੀ ਮੋਟਾਈ 11.7 ਮਿਲੀਮੀਟਰ ਹੈ। ਗੂਗਲ ਪਿਕਸਲ 9 ਪ੍ਰੋ ਫੋਲਡ ਦੀ ਮੋਟਾਈ 10.5 ਮਿਲੀਮੀਟਰ ਹੈ। Samsung Galaxy Z Fold 6 ਦੀ ਮੋਟਾਈ 12.1 ਮਿਲੀਮੀਟਰ ਹੈ। ਆਨਰ ਮੈਜਿਕ V3 ਦੀ ਮੋਟਾਈ 9.2 ਮਿਲੀਮਿਟਰ ਹੈ। ਵੀਵੋ ਐਕਸ ਫੋਲਡ 3 ਦੀ ਮੋਟਾਈ 11.2 ਮਿਲੀਮੀਟਰ ਹੈ।

# ਕਾਵਿ ਕਿਆਰੀ

## ਖਿਆਲਾਂ 'ਚ

ਤੇਰੇ ਖਿਆਲਾਂ ਚ ਰਹਿਣਾ
ਅਪਣਾ ਮੈਨੂੰ ਖਿਆਲ ਨਹੀਂ ਹੁੰਦਾ
ਇਕੋ ਤੇਰੀ ਯਾਦ ਹੁੰਦੀ ਏ
ਹੋਰ ਕੋਈ ਮੇਰੇ ਨਾਲ ਨਹੀਂ ਹੁੰਦਾ

ਤੇਰੇ ਘਰ ਨੂੰ ਰਾਹ ਹਨੇਰੇ
ਮੈਂ ਠੇਡੇ ਖਾ ਖਾ ਡਿਗਦਾ ਹਾਂ
ਹੱਦੋਂ ਵੱਧ ਤੂੰ ਬੇਵਫਾ ਏਂ
ਜੋ ਇਕ ਵੀ ਦੀਵਾ ਬਾਲ ਨਹੀਂ ਹੁੰਦਾ

ਯਾਦਾਂ ਰੁਸਵਾਈਆਂ ਤੇ ਲਾਰੇ ਤੇਰੇ
ਮੇਰਾ ਕਮਰਾ ਭਰਿਆ ਪਿਆ ਏ
ਮੇਰੇ ਭਾ ਦਾ ਏਹੋ ਖਜ਼ਾਨਾ
ਇਸ਼ਕ ਚ ਕੋਈ ਕੰਗਾਲ ਨਹੀਂ ਹੁੰਦਾ

ਉਂਝ ਤਾਂ ਤੈਥੋਂ ਸੋਹਣਿਆਂ ਦੀ ਵੇ
ਜਗ ਤੇ ਕੋਈ ਕਮੀਂ ਨਹੀਂ ਏਂ
ਅਸੀਂ ਹੀ ਝੱਲੇ ਜਿੰਨਾਂ ਕੋਲੋਂ
ਤੇਰੇ ਵਰਗਾ ਭਾਲ ਨਹੀਂ ਹੁੰਦਾ

**ਲੇਖਕ : ਅਮਨ ਚਾਹਲ**

## ਰਾਹੀਆ ਜਾਂਦੇ ਜਾਂਦਿਆ

ਰਾਹੀਆ ਜਾਂਦੇ ਜਾਂਦਿਆ!
ਤੂੰ ਰਾਹ ਦੇ ਵਿਚ ਕੀ ਡਿੱਠਾ?
ਪਾਣੀ ਵੇ ਕੇਹੜੇ ਖੂਹ ਦਾ
ਤੂੰ ਪੀਤਾ ਰਜ ਕੇ ਮਿੱਠਾ?
ਕਿਹੜੇ ਖੂਹ ਦਾ ਖਾਰੜਾ,
ਕਿੱਥੇ ਰਿਹੋਂ ਤੂੰ ਭੁੱਖਾ,
ਕੌਣ ਹੱਸ ਕੇ ਬੋਲਿਆ,
ਕੌਣ ਬੋਲਿਆ ਵੇ ਰੁੱਖਾ?
ਕਿਸ ਕੁਝ ਦਿੱਤਾ ਖਾਣ ਨੂੰ
ਤੈਨੂੰ ਆਦਰ ਨਾਲ ਬਹਾਇਆ,
ਮੰਜਾ ਦਿੱਤਾ ਸੌਣ ਨੂੰ
ਚੰਨ ਦੇ ਚਾਨਣੇ ਡਾਹਿਆ?
ਕਿਸ ਤੈਨੂੰ ਝਿੜਕਾਂ ਦਿੱਤੀਆਂ
ਤੇ ਬੂਹੇ ਅੰਦਰੋਂ ਮਾਰੇ
ਵੇ ਗੜਿਆਂ ਦੇ ਵਿਚ ਸੌਂ ਗਿਓਂ,
ਤੂੰ ਗਿਣਦਾ ਗਿਣਦਾ ਤਾਰੇ।

**ਲੇਖਕ : ਹਰਦਿਆਲ ਸਿੰਘ ਸੀਕਰੀ**

## ਕਣਕ ਕਿਸਾਨ ਦੀ

ਸੜਕਾਂ ਤੇ ਧਰਨੇ ਦੇ ਰਹੇ ਕਿਸਾਨ
ਲਾਠੀਆਂ ਲੈ ਕੇ ਖੜ੍ਹੇ ਸਿਪਾਹੀ
ਘਰੋਂ ਆਏ ਖਾ ਕੇ ਪਰੌਂਠੇ
ਪਰੌਂਠੇ ਕਣਕ ਦੇ
ਕਣਕ ਕਿਸਾਨ ਦੀ
ਦਫ਼ਤਰਾਂ ਵਿੱਚ ਬੈਠੇ ਅਫ਼ਸਰ
ਦੇ ਰਹੇ ਕਿਸਾਨ ਵਿਰੋਧੀ ਹੁਕਮ
ਘਰੋਂ ਖਾ ਕੇ ਆਏ
ਬ੍ਰਾਊਨ ਬ੍ਰੈਡ
ਬ੍ਰੈਡ ਕਣਕ ਦੀ
ਕਣਕ ਕਿਸਾਨ ਦੀ
ਸੰਸਦ ਵਿੱਚ ਬੈਠੇ ਨੇਤਾ
ਕੱਢ ਰਹੇ ਕਿਸਾਨ ਵਿਰੋਧੀ ਕਾਨੂੰਨ
ਸੰਸਦ ਦੀ ਕੰਟੀਨ ਚੋਂ
ਸਸਤੇ ਮੁੱਲ ਤੇ ਖਾ ਕੇ ਆਏ ਡੋਸੇ
ਡੋਸੇ ਬਣੇ ਦਾਲ ਤੇ ਚੌਲ ਦੇ
ਦਾਲ ਤੇ ਚੌਲ ਕਿਸਾਨ ਦੇ।
ਖ਼ਬਰਾਂ ਕਰ ਰਹੇ ਪੱਤਰਕਾਰ
ਘਰੋਂ ਖਾ ਕੇ ਆਏ ਪੂਰੀਆਂ
ਪੂਰੀਆਂ ਆਟੇ ਦੀਆਂ
ਆਟਾ ਕਣਕ ਦਾ
ਕਣਕ ਕਿਸਾਨ ਦੀ
ਟੀਵੀ ਮੂਹਰੇ ਬੈਠੇ
ਅਸੀਂ ਸੁਣ ਰਹੇ ਤਕਰੀਰਾਂ
ਖਾ ਕੇ ਬੈਠੇ ਭਠੂਰੇ
ਭਠੂਰੇ ਮੈਦੇ ਦੇ ਮੈਦਾ ਕਣਕ ਦਾ
ਤੇ ਕਣਕ ਕਿਸਾਨ ਦੀ।

**ਲੇਖਕ : ਹਰਪ੍ਰੀਤ ਕੌਰ ਸੰਧੂ**

## ਕਿਸੇ ਨੇ ਸਾਡੀ ਬਾਤ ਨਾ ਪੁੱਛੀ

ਕਿਸੇ ਨੇ ਸਾਡੀ ਬਾਤ ਨਾ ਪੁੱਛੀ,
ਕਿਸੇ ਨਾ ਦਰਦ ਪਛਾਤੇ ।
ਦਰਦੀ ਨਹੀਂ ਜੇ ਇੱਕ
ਦੂਜੇ ਦੇ ਕਾਹਦੇ ਰਿਸ਼ਤੇ ਨਾਤੇ ।

ਕਿਸ ਚਾਅ ਪਿੱਛੇ ਟੁਰ ਪਏ
ਖ਼ਾਲੀ ਫੜ ਕੇ ਵਾਅ ਦੀ ਉਂਗਲੀ,
ਕਿਸ ਉਮੀਦੇ ਛੱਡ ਆਏ
ਸਾਂ ਵਿਹੜੇ ਭਰੇ-ਭਰਾਤੇ ।

ਨਾ ਉੱਪਰ ਅਸਮਾਨ ਅਸਾਡਾ
ਨਾ ਥੱਲੇ ਕੋਈ ਧਰਤੀ,
ਅਸਾਂ ਤੇ ਭਾਈਆ
ਮੁੱਢ-ਕਦੀਮੋਂ ਬੇ-ਅਸਲੇ ਬੇ-ਜ਼ਾਤੇ ।

ਪੋਰ-ਪੋਰ ਵਿਚ ਸਿਮਦੀ ਜਾਵੇ,
ਅੱਜ ਬੇਸੁਫ਼ਨੀ ਨੀਂਦਰ,
ਕਿਸ ਕੰਮ ਆਏ ਸਾਂਭ ਕੇ
ਰੱਖੇ ਵਰ੍ਹਿਆਂ ਦੇ ਜਗਰਾਤੇ ।

ਸ਼ਹਿਰ ਦੀਆਂ ਖ਼ਾਲੀ ਸੜਕਾਂ ਤੇ
'ਅੰਜੁਮ' ਕੱਲਮ-ਕੱਲਾ,
ਨਾ ਫਿਰਿਆ ਕਰ ਲਾ-ਲਾ ਕੇ
ਖ਼ੁਸ਼ਬੂਆਂ ਰਾਤ ਬਰਾਤੇ

**ਲੇਖਕ : ਅੰਜੁਮ ਸਲੀਮੀ**

## ਘਰ

ਕਬਰਾਂ ਦੇ ਵਿਚ ਦੱਬ ਜਾਂਦੇ ਨੇ
ਪੱਥਰਾਂ ਦੇ ਥੱਲੇ ਰੱਖ ਜਾਂਦੇ ਨੇ
ਕੀੜੇ ਮਕੌੜੇ ਖਾ ਜਾਂਦੇ ਨੇ
ਉੱਪਰ ਨਾਂ ਦੀ ਤਖ਼ਤੀ ਲਾ ਕੇ
ਜਦ ਕਬਰਾਂ ਦੇ ਵਿਚ ਛੱਡ ਜਾਂਦੇ ਨੇ
ਕਦੇ ਕਦਾਈ ਯਾਦ ਰਹੇ ਤਾਂ
ਫੁੱਲਾਂ ਦੇ ਹਾਰ ਚੜ੍ਹ ਜਾਂਦੇ ਨੇ
ਲੱਕੜ ਦੀ ਸੋਹਣੀ ਸੇਜ਼ ਲਿਟਾ ਕੇ
ਅੱਗ ਦੀ ਭੇਟ ਚੜਾ ਜਾਂਦੇ ਆ
ਹੋਲੀ ਹੋਲੀ ਜਲ ਜਾਂਦੇ ਆ
ਜਦ ਸਿਵਿਆਂ ਦੇ ਵਿੱਚ ਛੱਡ ਜਾਂਦੇ ਨੇ
ਮਰ ਕੇ ਜਦ ਸੁਆਹ ਹਾਂ ਬਣਦੇ
ਹਵਾ ਦੇ ਵਿਚ ਉਡਾ ਕੇ ਉੱਪਰੋਂ ਹੀ
ਪਾਣੀ ਵਿੱਚ ਬਹਾ ਜਾਂਦੇ ਨੇ
ਕੋਈ ਤੇਰਾ ਵਜੂਦ ਨਹੀਂ ਹੁਣ
ਆਪਣੇ ਹੀ ਸਮਝਾ ਜਾਂਦੇ ਆ
ਸੋਹਣੀ ਦੁਨੀਆਂ ਤੇ ਜਦ ਹੁੰਦੇ ਨੇ
ਰੰਗਾਂ ਤੋਂ ਭਰਮਾ ਜਾਂਦੇ ਨੇ
ਸੱਚ ਦੀ ਘੋੜੀ ਤੇ ਕੀ ਚੜ੍ਹਨਾ
ਝੂਠ ਤੋਂ ਵੀ ਘਬਰਾ ਜਾਂਦੇ ਨੇ
ਫਿਰ ਆਊਣੇ ਦਾ ਸੁਫ਼ਨਾ ਲੈ ਕੇ
ਅੰਬਰੀ ਘਰ ਬਣਾ ਲੈਂਦੇ ਨੇ
ਜੰਮਣਾ ਮਰਨਾ ਉਸ ਖੇਡ ਬਣਾਈ
ਆਪਣੀ ਵਾਰੀ ਚੱਕਰ ਲਾ ਜਾਂਦੇ ਹਾਂ।

**ਲੇਖਕ : ਹਰਪ੍ਰੀਤ ਕੌਰ ਘੁਣ**

## ਮੁਕਤੀ

ਤੁਹਾਡੀਆਂ ਸੋਚਾਂ ਦੇ ਬੱਦਲਾਂ ਤੇ ਦੋਸ਼ ਹੈ
ਕਿ ਇਹ ਲੁਕੋ ਦਿੰਦੇ,
ਵਿਹੜਿਆਂ ਵਿੱਚ ਮਘਦੇ ਸੂਰਜਾਂ ਨੂੰ। ਚਲੋ !
ਮੈਂ ਦੋਸ਼ ਮੁਕਤ ਕਰ ਦਿੰਦਾ ਹਾਂ
ਹਰ ਉਸ ਮੁੰਡੇ ਨੂੰ
ਜਿੱਥੇ ਜਿੱਥੇ ਸਾਜ਼ਿਸ਼ ਪਨਪਦੀ ਹੈ।
ਜੇਕਰ ਤੁਸੀਂ ਲੈ ਆਓਗੇ
ਕਾਲੇ ਦਿਨਾਂ ਤੇ ਹਨੇਰੇ ਘਰਾਂ
ਦੇ ਨੂਰ ਨੂੰ ਵਾਪਿਸ
ਤੇ ਸੰਤੁਸ਼ਟ ਕਰ ਸਕੋ
ਮਾਪਿਆਂ ਦੇ ਜ਼ਿਹਨ 'ਚੋਂ
ਤ੍ਰਬਕਦੇ ਵਰਤਮਾਨ
ਤੇ ਸਹਿਮਦੇ ਭਵਿੱਖ ਨੂੰ।

**ਲੇਖਕ : ਹਰਵਿੰਦਰ ਚੰਨੂੰ ਵਾਲਾ**

## ਅਸਤੀਫ਼ੇ ਹੀ ਅਸਤੀਫ਼ੇ

ਅਸਤੀਫ਼ੇ ਦੇਣ ਦੀ ਤੁਰ ਲੀਹ ਪਈ
ਖੜ੍ਹੇ ਪਰੋਈ ਵਾਂਗ ਲੜੀ ਬਾਬਾ।
ਇੱਕ ਪਿੱਛੋਂ ਹੋਏ ਤਿਆਰ ਬੜੇ,
ਰੁੱਕੇ ਹੱਥ ਵਿੱਚ ਖੜ੍ਹੇ ਫੜ੍ਹੀ ਬਾਬਾ।

ਪਾਟੀ ਬੋਰੀਉਂ ਡਿੱਗਣ ਗਾਜਰਾਂ ਜਿਉਂ,
ਆਉਂਦੇ ਵਾਰੋ ਵਾਰੀ ਚੜ੍ਹੀ ਬਾਬਾ।
ਵੇਖ ਨਿਕਲਦੇ ਜਾਂਦੇ ਹੱਥ ਹੇਠੋਂ,
ਜਾਂਦੇ ਆਕੜਖੋਰੇ ਡਰੀ ਬਾਬਾ।

ਬਾਗ਼ੀ ਹੋਣੋਂ ਜੋ ਸੀ ਬਚੇ ਰਹੇ,
ਖਿੱਚੋ ਉਹ ਵੀ ਜਾਂਦੇ ਮੜ੍ਹੀ ਬਾਬਾ।
ਅੱਜ ਨਹੀਂ ਤਾਂ ਕੱਲ੍ਹ ਭਲਕ ਤਾਈਂ,
ਲਾ ਦੇਣਗੇ ਅਸਤੀਫ਼ਾ ਝੜੀ ਬਾਬਾ।

ਵਾਰੋ ਵਾਰੀ ਜਾਣਗੇ ਕਿਰ ਸਾਰੇ,
ਜੇ ਬਾਂਹ ਨਾ ਕਿਸੇ ਫੜ੍ਹੀ ਬਾਬਾ।
ਜਾਊ ਖਾਲੀ ਹੋ ਮੈਦਾਨ 'ਭਗਤਾ',
ਆਉਣੀ ਕੰਮ ਨਾ ਕੀਤੀ ਤੜੀ ਬਾਬਾ।

**ਲੇਖਕ : ਬਰਾੜ-ਭਗਤਾ ਭਾਈ ਕਾ**
**ਸੰਪਰਕ : +1-604-751-1113**

## ਗ਼ਜ਼ਲ

ਪਹਿਲੀ ਕਿਰਨ ਦਾ ਨੂਰ ਤਾਂ,
ਸੋਨਾ ਜਿਵੇਂ ਬਿਖਰਾ ਗਿਆ,
ਜਾਗੋ ਵੇ ਬਸਤੀ ਵਾਲਿਉ,
ਸੂਰਜ ਸਿਰਾਂ ਤੇ ਆ ਗਿਆ ॥
ਸੁੱਤੇ ਰਹੋ ਦੁਪਹਿਰ ਤੱਕ,
ਤਾਂ ਕੀ ਬਣੇਗਾ ਜੇ ਕਦੇ,
ਸੋਹਣਾ ਜਿਹਾ ਸੁਪਨਾ ਕੋਈ,
ਅਖਾਂ 'ਚ ਹੀ ਪਥਰਾ ਗਿਆ॥
ਗਰਮੀ 'ਚ ਧੁੱਪੇ ਬੈਠ ਕੇ,
ਭਾਸ਼ਣ ਉਨ੍ਹਾਂ ਦਾ ਸੁਣਦਿਆਂ,
ਕਈਆਂ ਦਾ ਸਿਰ ਚਕਰਾ ਗਿਆ,
ਕਈਆਂ ਦਾ ਦਿਲ ਘਬਰਾ ਗਿਆ ॥
ਫੁਲਾਂ ਦੇ ਪਾ ਕੇ ਹਾਰ ਗਲ,
ਆਏ ਨੇ ਰਾਖੇ ਬਾਗ਼ ਦੇ,
ਲਗਰਾਂ ਨੇ ਨੀਵੀਂ ਪਾ ਲਈ,
ਕਲੀਆਂ 'ਚ ਮਾਤਮ ਛਾ ਗਿਆ॥
ਹਰ ਬੂੰਦ ਵਿਚ ਨੇ ਬਿਜਲੀਆਂ,
ਹਰ ਲਹਿਰ ਵਿਚ ਤੂਫ਼ਾਨ ਹੈ,
ਚੜ੍ਹਦੀ ਨਦੀ ਨੇ ਖੋਰਨੈ,
ਪਰਬਤ ਵੀ ਜੋ ਟਕਰਾ ਗਿਆ ॥

**ਲੇਖਕ : ਸੁਰਜੀਤ ਸਖੀ**

## ਦੁੱਖੜੇ

ਤੌਬਾ ਤੌਬਾ ਦੁੱਖੜੇ ਵੇਖੋ,
ਹੱਸਦੇ ਫ਼ੇਰ ਵੀ ਮੁੱਖੜੇ ਵੇਖੋ,
ਸਿੱਧਮ ਸਿੱਧੇ ਚੱਲਦੇ ਸੀ ਜੋ,
ਹੋ ਕੇ ਡਿੱਗੇ ਪੁੱਠੜੇ ਵੇਖੋ,
ਹੋਰਾਂ ਦੇ ਟੋਟੇ ਚੁਗਦੇ ਚੁਗਦੇ,
ਖ਼ੁਦ ਹੀ ਹੋਗੇ ਟੁੱਕੜੇ ਵੇਖੋ,
ਕਦੇ ਨਾ ਅੱਖੋਂ ਓਹਲੇ ਹੁੰਦੇ ਸੀ,
ਅੱਜ ਸੱਜਣ ਫਿਰਦੇ ਲੁੱਕਦੇ ਵੇਖੋ,
ਓਹ ਵੀ ਕਰਦੇ ਸਨ ਮੁਹੱਬਤ,
ਅਕੀਦਾ ਨਹੀਂ ਤੇ ਪੁੱਛਕੇ ਵੇਖੋ,
ਜਿਨ੍ਹਾਂ ਵਿੱਚੋਂ ਨੂਰ ਸੀ ਦਿਖਦਾ,
ਓਹੀਓ ਨੈਣ ਹੁਣ ਸੁੱਕਗੇ ਵੇਖੋ,
ਰੁਕੇ ਨਹੀਂ ਸਨ ਕਿਸੇ ਦੇ ਰੋਕੇ,
ਅੱਜ ਬਿਨਾਂ ਕਹੇ ਤੋਂ ਰੁੱਕਦੇ ਵੇਖੋ,
ਸਾਡਾ ਨਾਂ ਥੋਹ ਯਾਦ ਰਿਹਾ ਨਾ,
ਹੁਣ ਭੀੜਾਂ ਕੋਲੋਂ ਪੁੱਛਦੇ ਵੇਖੋ।

**ਲੇਖਕ : ਹਨੀ ਰਾਮਪੁਰਾ**

## ਇਕ ਤੋਂ ਦੂਜੇ ਤਾਰੇ ਤੀਕਰ ਜਾਂਦੀ ਏ

ਇਕ ਤੋਂ ਦੂਜੇ ਤਾਰੇ ਤੀਕਰ ਜਾਂਦੀ ਏ।
ਨਜ਼ਰ ਫਿਰ ਅੰਬਰ ਸਾਰੇ ਤੀਕਰ ਜਾਂਦੀ ਏ।

ਜਦੋਂ ਅਕਲ ਦੇ ਬੰਦ ਦਰਵਾਜ਼ੇ ਖੁਲਦੇ ਨੇ,
ਅੱਖ ਫਿਰ ਅਜਬ ਨਜ਼ਾਰੇ ਤੀਕਰ ਜਾਂਦੀ ਏ।

ਮਜ਼੍ਹਬੀ ਡੰਡੇ ਨਾਲ ਰਿਆਸਤ ਚਲੇ ਤੇ,
ਗੱਲ ਫਿਰ ਖੂਨ ਖਿਲਾਰੇ ਤੀਕਰ ਜਾਂਦੀ ਏ।

ਉਹਨੂੰ ਇਲਮ ਗੁਜ਼ਾਰੇ ਜੋਗਾ ਮਿਲਦਾ ਏ,
ਜਿਸਦੀ ਸੋਚ ਗੁਜ਼ਾਰੇ ਤੀਕਰ ਜਾਂਦੀ ਏ।

ਸਾਡੇ ਹੱਥ ਪਤਵਾਰ ਫੜਾਉ ਤੇ ਵੇਖੋ,
ਕਿਸ਼ਤੀ ਕਿਵੇਂ ਕਿਨਾਰੇ ਤੀਕਰ ਜਾਂਦੀ ਏ।

**ਲੇਖਕ : ਅਲੀ ਬਾਬਰ**

## ਕਿੱਤੇ

ਅਧਿਆਪਕ ਸਕੂਲ ਵਿੱਚ ਪੜ੍ਹਾਏ।
ਮਕਾਨ,ਪੁੱਲ ਇੰਜੀਨੀਅਰ ਬਣਾਏ।
ਮੋਚੀ ਜੁੱਤੀਆਂ ਕਰੇ ਤਿਆਰ।
ਸੁਨਿਆਰਾ ਬਣਾਏ ਸੋਨੇ ਦਾ ਹਾਰ।
ਮਿੱਟੀ ਦੇ ਭਾਂਡੇ ਬਣਾਏ ਘੁਮਿਆਰ।
ਤੋਲ ਤੋਲ ਸੌਦਾ ਵੇਚੇ ਦੁਕਾਨਦਾਰ।
ਕਿਸਾਨ ਫ਼ਸਲਾਂ ਨੂੰ ਉਗਾਵੇ।
ਮਾਲੀ ਪੌਦੇ ਫੁੱਲਾਂ ਦੇ ਲਾਵੇ।
ਲੱਕੜ ਦੇ ਦਰਵਾਜ਼ੇ ਬਣਾਏ ਤਰਖਾਣ।
ਪਾਇਲਟ ਹਵਾਈ-ਜਹਾਜ਼ ਉਡਾਣ।
ਦਰਜ਼ੀ ਕੱਪੜੇ ਸੀਉਂਦਾ ਹੈ।
ਧੋਬੀ ਕੱਪੜੇ ਧੋਂਦਾ ਹੈ।
ਲੋਹੇ ਦਾ ਕੰਮ ਕਰੇ ਲੁਹਾਰ।
ਲੱਕੜਹਾਰਾ ਦੇਵੇ ਲੱਕੜਾਂ ਪਾੜ।
ਰਾਤੀਂ ਪਹਿਰਾ ਦਿੰਦਾ ਚੌਕੀਦਾਰ।
ਡਾਕਟਰ ਠੀਕ ਕਰੇ ਬਿਮਾਰ।
ਦੇਸ਼ ਦੀ ਰੱਖਿਆ ਫ਼ੌਜੀ ਕਰਦੇ।
ਪੁਲਿਸ ਵਾਲੇ ਚੋਰਾਂ ਨੂੰ ਫੜਦੇ।

**ਲੇਖਕ : ਅਮਰਪ੍ਰੀਤ ਸਿੰਘ ਝੀਤਾ**

## ਬਖ਼ਤ ਨਾ ਵਿਕਦੇ ਮੁਲ ਵੇ

ਰੰਗਾ ਰੰਗ ਨੇ ਕਪਾਹ ਦੇ ਫੁੱਲ ਵੇ ।
ਕਦੇ ਬਖ਼ਤ ਨਾ ਵਿਕਦੇ ਮੁੱਲ ਵੇ ।

ਲੈਂਦੇ ਨਾ ਖ਼ਰੀਦ ? ਪਰ ਜੀਵੇਂ ਹਾਣੀਆਂ ।
ਕਰੀਏ ਤੇ ਕਰੀਏ, ਕੀ ਵੇ ਹਾਣੀਆਂ ।
ਕਰਨ ਨਾ ਦਿੰਦੇ ਉੱਚੀ ਸੀ ਵੇ ਹਾਣੀਆਂ ।

ਹੰਝੂ ਚੰਦਰੇ ਨੇ ਪੈਂਦੇ ਡੁੱਲ੍ਹ ਵੇ ।
ਕਿਤੇ ਬਖ਼ਤ ਨਾ ਵਿਕਦੇ ਮੁਲ ਵੇ ।

ਹੱਥ ਆਪਣੇ 'ਚ ਆਪਣੀ ਡੋਰ ਨਹੀਂ ।
ਜਿਹਦੇ ਹੱਥ ਵਿਚ, ਉਸ ਤੇ ਜ਼ੋਰ ਨਹੀਂ ।

ਲਿਖੀ ਧੁਰ ਦੀ ਤੇ ਹੋਂਦੀ ਹੋਰ ਨਹੀਂ ।
ਲੱਖ ਹਫ਼ੀਏ ਪਏ ਘੁਲ ਘੁਲ ਹਾਣੀਆਂ ।
ਰੰਗਾ ਰੰਗ ਨੇ ਕਪਾਹ ਦੇ ਫੁੱਲ ਹਾਣੀਆਂ।

ਮਿੱਟੀ ਢੋਈ ਕਿਸੇ ਚੱਕ ਫੇਰੇ ।
ਕਿਸੇ ਵਗ ਸਿਆਲਾਂ ਦੇ ਛੇੜੇ ।
ਜਦੋਂ ਬਖ਼ਤ ਨਾ ਹੋਣ ਚੰਗੇਰੇ ।

ਰਾਹ ਨੀਲੀਆਂ ਜਾਂਦੀਆਂ ਭੁੱਲ ਵੇ ।
ਰੰਗਾ ਰੰਗ ਨੇ ਕਪਾਹ ਦੇ ਫੁੱਲ ਵੇ ।
ਕਦੇ ਬਖ਼ਤ ਨਾ ਵਿਕਦੇ ਮੁੱਲ ਵੇ ।

**ਲੇਖਕ : ਸ਼ਰੀਫ਼ ਕੁੰਜਾਹੀ**

## ਮਾਂ ਬੋਲੀ

ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ
ਪੰਜਾਬੀ ਮਾਂ ਬੋਲੀ ਸਾਡੀ।
ਸ਼ਹਿਦ ਤੋ ਮਿੱਠੀ ਡਾਢੀ।
ਕਿਸੇ ਵੀ ਦੇਸ਼ 'ਚ ਰਹੀਏ।
ਪੰਜਾਬੀ ਵਿਚ ਸੁਣੀਏ ਕਹੀਏ।
ਗਾਈਏ ਪੰਜਾਬੀ ਦੇ ਸੋਹਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੇ ਪੰਜਾਬੀ।
ਕਨੇਡਾ ਹੈ ਮੁਲਖ਼ ਪਿਆਰਾ।
ਸੋਹਣਾ, ਸੁਥਰਾ ਤੇ ਨਿਆਰਾ।
ਏਕੇ ਦਾ ਸਬਕ ਸਿਖਾਉਂਦਾ।
ਹਰ ਇਕ ਦੇ ਮਨ ਨੂੰ ਭਾਉਂਦਾ।
ਘੁੰਡੀਆਂ ਦਿਲਾਂ ਦੀਆਂ ਖੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੇ ਪੰਜਾਬੀ।
ਬੋਲੀ ਪੰਜਾਬੀ ਸਿਖਣੀ।
ਗੁਰਮੁਖੀ ਲਿੱਪੀ ਲਿਖਣੀ।
ਡਿਗਰੀ ਹੈ ਵੱਡੀ ਲੈਣੀ।
ਵਿਦਿਆ ਦੀ ਘਾਟ ਨਾ ਰਹਿਣੀ।
ਗਿਆਨ ਵਲੋਂ ਨਾ ਹੋ ਜਾਈਏ ਪੋਲੇ।
ਰਹਿੰਦੇ ਕਨੇਡਾ ਵਿੱਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੇ ਪੰਜਾਬੀ।
ਨੀਤੀ ਵਿਚ ਅੱਗੇ ਆਉਣਾ।
ਨੀਅਤ ਦਾ ਝੇੜ ਨਾ ਪਾਉਣਾ।
ਵੱਡੀ ਚਾਹੋ ਪਦਵੀ ਲੈਣੀ।
ਓਥੇ ਵੀ ਸੱਚੀ ਕਹਿਣੀ।
ਹੋਣਾ ਕਦੇ ਨਾ ਕੰਨਾਂ ਤੋਂ ਬੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੇ ਪੰਜਾਬੀ।
ਗੁਣੀਆਂ ਨੇ ਉਮਰ ਲੰਘਾਤੀ।
ਲਿਖਣ ਦੀ ਹੱਦ ਮੁਕਾਤੀ।
ਸਾਡੇ ਬਿਨ ਪੜ੍ਹੇਗਾ ਕਿਹੜਾ।
ਕਰ ਲਓ ਹੁਣ ਤੁਸੀਂ ਨਿਬੇੜਾ।
ਪਿਓ ਦਾਦੇ ਨੇ ਖ਼ਜ਼ਾਨੇ ਖੋਲ੍ਹੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੇ ਪੰਜਾਬੀ।
ਬਾਣੀ ਸਤਿਗੁਰਾਂ ਉਚਾਰੀ।
ਗੁਰਦਾਸ ਜੀ ਲਿਖ ਗਏ ਸਾਰੀ।
ਵੀਰ ਸਿੰਘ ਲਿਖਗੇ ਗਿਆਨ।
'ਨਾਭਾ' ਦਾ ਕੋਸ਼ ਮਹਾਨ।
ਸਿੰਘ ਸਭੀਆਂ ਦੇ ਬਚਨ ਅਮੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੇ ਪੰਜਾਬੀ।
ਪਾਵਨ ਜੋ ਧੁਰ ਕੀ ਬਾਣੀ।
ਸਿੱਖ ਲੈਣੀ ਅਤੇ ਸਿਖਾਉਣੀ।
ਸਾਡਾ ਇਤਿਹਾਸ ਹੈ ਭਾਰਾ।
ਪੜ੍ਹੀਏ,ਅਪਨਾਈਏ ਸਾਰਾ।
ਬਿਨਾਂ ਕੁੰਜੀਓਂ ਜਿੰਦੇ ਕੌਣ ਖੋਲੇ।
ਰਹਿੰਦੇ ਕੈਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੇ ਪੰਜਾਬੀ।
ਮੂੰਹੋਂ ਜੇ ਭੁੱਲਿਆ ਉੜਾ।
ਸਿਰ ਉੱਤੇ ਰਿਹਾ ਨਾ ਜੂੜਾ।
ਜ਼ਿੱਲਤ ਸਹਿਣੀ ਹੀ ਪੈਣੀ।
ਕੌਮ ਦੀ ਹੋਂਦ ਨਾ ਰਹਿਣੀ।
ਤਾਹੀਓਂ ਕਿਸ਼ਤੀ ਖਾਂਵਦੀ ਡੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੇ ਪੰਜਾਬੀ।
ਸਕੂਲ ਪੰਜਾਬ 'ਚ ਖੋਹਲੇ।
ਪੰਜਾਬੀ ਤੋਂ ਰੱਖਣ ਓਹਲੇ।
ਪੰਜਾਬੀ ਤੋਂ ਸਾੜਾ ਰੱਖਦੇ।
ਬੋਲ ਨਾ ਇੰਗਲਿਸ਼ ਥੱਕਦੇ।
'ਮਾਸੀ ਮਾਨ ਦੀ' ਪੰਜਾਬੀ ਨੂੰ ਮਧੋਲੇ।
ਰਹਿੰਦੇ ਕਨੇਡਾ ਵਿੱਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੇ ਪੰਜਾਬੀ।
ਹਰਪਾਲ ਸਿੰਘ ਛੰਦ ਬਣਾਤਾ।
ਕਵੀਸ਼ਰਾਂ ਸੋਹਣਾ ਗਾਤਾ।
ਠੇਠ ਪੰਜਾਬੀ ਬੋਲੋ।
ਮਾਂ ਬੋਲੀ ਕਦੇ ਨਾਂ ਰੋਲੋ।
ਰੰਗ ਲਓ ਮਜੀਠੀ ਚੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੇ ਪੰਜਾਬੀ।

**ਲੇਖਕ : ਗਿ. ਹਰਪਾਲ ਸਿੰਘ ਲੱਖਾ**




# ਸਮਾਜ ਵਿਚ ਵਧ ਰਹੀ ਦਿਖਾਵੇ ਦੀ ਹੋੜ ਤੋਂ ਬਚੋ

**ਲੇਖਕ : ਸੰਜੀਵ ਸਿੰਘ ਸੈਣੀ**
**ਮੋਬਾਈਲ :** 78889-66168

ਸਾਦਗੀ ਨਾਲ ਵਿਅਕਤੀ ਦਾ ਜੀਵਨ ਸ਼ਾਂਤਮਈ ਢੰਗ ਨਾਲ ਬਤੀਤ ਹੁੰਦਾ ਹੈ। ਸਾਨੂੰ ਆਪਣੇ ਬਜ਼ੁਰਗਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਸਮਿਆਂ ਵਿਚ ਜਦੋਂ ਸੀਮਿਤ ਸਾਧਨ ਸਨ, ਕਿਸ ਤਰ੍ਹਾਂ ਉਹ ਸਾਦਗੀ ਵਿਚ ਜ਼ਿੰਦਗੀ ਬਤੀਤ ਕਰਦੇ ਸਨ। ਖਾਣ-ਪੀਣ, ਰਹਿਣ-ਸਹਿਣ, ਬੋਲ ਬਾਣੀ ਵਿਚ ਕਿੰਨੀ ਹੀ ਸਾਦਗੀ ਹੁੰਦੀ ਸੀ। ਜੇਕਰ ਖਾਣ-ਪੀਣ ਦੀ ਗੱਲ ਕਰੀਏ ਤਾਂ ਸਾਡੇ ਬਜ਼ੁਰਗ ਕਈ ਵਾਰ ਪੁਦੀਨੇ ਦੀ ਚਟਨੀ ਤੇ ਗੰਢੇ ਨਾਲ ਵੀ ਰੋਟੀ ਖਾ ਲੈਂਦੇ ਸਨ। ਸਿਹਤ ਵੀ ਬਿਲਕੁਲ ਤੰਦਰੁਸਤ ਰਹਿੰਦੀ ਸੀ। ਕਿਸੇ ਨੂੰ ਵੀ ਮੋਟਾਪਾ ਨਹੀਂ ਹੁੰਦਾ, ਕਿਉਂਕਿ ਖੇਤਾਂ ਵਿਚ ਆਪਣੇ ਹੱਥੀਂ ਕੰਮ ਕੀਤਾ ਜਾਂਦਾ ਸੀ। ਅੱਜ ਜੰਕ ਫੂਡ ਖਾਣ ਨੂੰ ਬਹੁਤ ਤਰਜੀਹ ਦਿੱਤੀ ਜਾਂਦੀ ਹੈ। ਕਈ ਪਰਿਵਾਰ ਤਾਂ ਅਜਿਹੇ ਹਨ ਜੋ ਘਰ ਵਿਚ ਖਾਣਾ ਬਿਲਕੁਲ ਵੀ ਨਹੀਂ ਬਣਾਉਂਦੇ। ਉਹ ਬਾਹਰ ਦੇ ਖਾਣੇ ਨੂੰ ਹੀ ਤਰਜੀਹ ਦਿੰਦੇ ਹਨ, ਜਿਸ ਕਾਰਨ ਅੱਜ ਜੋ ਬੱਚੇ ਹਨ, ਉਹ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਜੇ ਰਹਿਣ-ਸਹਿਣ ਦੀ ਗੱਲ ਕਰੀਏ ਤਾਂ ਬਹੁਤ ਹੀ ਸਾਦੇ ਢੰਗ ਨਾਲ ਜੀਵਨ ਬਤੀਤ ਕੀਤਾ ਜਾਂਦਾ ਸੀ। ਬਹੁਤ ਹੀ ਸਾਦੇ ਸਿੱਧੇ ਕੱਪੜੇ ਪਾਏ ਜਾਂਦੇ ਸਨ। ਰਹਿਣ-ਸਹਿਣ ਬਿਲਕੁਲ ਹੀ ਸਾਦੇ ਢੰਗ ਦਾ ਹੁੰਦਾ ਸੀ। ਬਹੁਤ ਹੀ ਪਿਆਰ ਨਾਲ ਇਕ ਦੂਜੇ ਦਾ ਸਤਿਕਾਰ ਕੀਤਾ ਜਾਂਦਾ ਸੀ। ਬੋਲਬਾਣੀ ਵਿਚ ਮਿਠਾਸ ਹੁੰਦੀ ਸੀ। ਕੋਈ ਉੱਚੀ ਆਵਾਜ਼ ਵਿਚ ਕਿਸੇ ਦੂਜੇ ਮੈਂਬਰ ਨਾਲ ਗੱਲ ਨਹੀਂ ਸੀ ਕਰਦਾ। ਇਕ ਦੂਜੇ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਂਦਾ ਸੀ। ਥੋੜ੍ਹੇ ਪੈਸੇ ਵਿਚ ਹੀ ਸਬਰ ਕਰ ਲਿਆ ਜਾਂਦਾ ਸੀ। ਦਿਖਾਵੇ ਦੀ ਹੋੜ ਬਹੁਤ ਘੱਟ ਸੀ। ਪੈਸੇ ਧੇਲੇ ਨਾਲ ਇਕ-ਦੂਜੇ ਦੀ ਮਦਦ ਕਰ ਦਿੱਤੀ ਜਾਂਦੀ ਸੀ। ਸਮਾਂ ਬਦਲਿਆ, ਪਰਿਵਾਰਾਂ ਵਿਚ ਆਪਸੀ ਪਿਆਰ ਖ਼ਤਮ ਹੋ ਗਿਆ। ਇਕ ਦੂਜੇ ਦੀ ਇੱਜ਼ਤ ਕਰਨੀ ਘੱਟ ਹੋ ਗਈ। ਸੀਮਤ ਜ਼ਰੂਰਤਾਂ ਅਤੇ ਇੱਛਾਵਾਂ ਵਿਚ ਸੰਤੁਲਨ ਕਾਇਮ ਕਰਨਾ, ਸੀਮਤ ਸੋਮਿਆਂ ਵਿਚ ਪ੍ਰਸੰਨ ਰਹਿਣਾ ਸਾਦਗੀ ਦੀਆਂ ਨਿਸ਼ਾਨੀਆਂ ਹਨ। ਅੱਜ ਸਾਡੇ ਲੋਕਾਂ ਵਿਚ ਦਿਖਾਵੇ ਦੀ ਜ਼ਿਆਦਾ ਹੋੜ ਹੈ। ਪੱਛਮੀ ਸੱਭਿਅਤਾ ਦਾ ਬਹੁਤ ਬੋਲਬਾਲਾ ਹੈ। ਏਨਾ ਦਿਖਾਵਾ ਵਧ ਗਿਆ ਹੈ ਕਿ ਲੋਕ ਕਰਜ਼ਾ ਲੈਣ ਨੂੰ ਤਿਆਰ ਹੋ ਜਾਂਦੇ ਹਨ। ਅੱਜ ਦੇ ਇਨਸਾਨ ਨੂੰ ਇਹ ਹੁੰਦਾ ਹੈ ਕਿ ਫਲਾਣਾ ਬੰਦਾ ਮੈਨੂੰ ਇਹ ਨਾ ਆ ਕੇ ਕਹਿ ਦੇਵੇ ਕਿ ਤੇਰੇ ਘਰ ਵਿਚ ਇਹ ਚੀਜ਼ ਨਹੀਂ ਹੈ ਜਾਂ ਛੋਟੀ ਕਾਰ ਹੈ ਜਾਂ ਘਰ ਛੋਟਾ ਹੈ। ਇਕ ਦੂਜੇ ਤੋਂ ਅੱਗੇ ਨਿਕਲਣ ਕਰਕੇ ਅੱਜ ਦਾ ਇਨਸਾਨ ਚਾਹੇ ਕਰਜ਼ਾ ਹੀ ਕਿਉਂ ਨਾ ਚੁੱਕਣਾ ਪਵੇ, ਬੈਂਕ ਤੋਂ ਕਰਜ਼ਾ ਚੁੱਕ ਰਿਹਾ ਹੈ ਤਾਂ ਜੋ ਉਸ ਨੂੰ ਕੋਈ ਵੀ ਘੱਟ ਨਾ ਸਮਝੇ। ਅੱਜਕਲ੍ਹ ਕੋਈ ਵੀ ਇਨਸਾਨ ਆਪਣੇ-ਆਪ ਨੂੰ ਕਿਸੇ ਤੋਂ ਘੱਟ ਨਹੀਂ ਸਮਝਦਾ। ਜਿੰਨਾ ਜ਼ਿਆਦਾ ਦਿਖਾਵਾ ਹੈ, ਇਨਸਾਨ ਓਨਾ ਹੀ ਜ਼ਿਆਦਾ ਦੁਖੀ ਹੋ ਚੁੱਕਿਆ ਹੈ। ਆਪਸੀ ਪਿਆਰ ਬਿਲਕੁਲ ਖ਼ਤਮ ਹੋ ਚੁੱਕਿਆ ਹੈ। ਇਨਸਾਨ ਦੀਆਂ ਇੱਛਾਵਾਂ ਬਹੁਤ ਵਧ ਚੁੱਕੀਆਂ ਹਨ। ਅੱਜ ਦੇ ਇਨਸਾਨ ਨੇ ਆਪਣੀਆਂ ਜ਼ਰੂਰਤਾਂ 'ਚ ਏਨਾ ਵਾਧਾ ਕਰ ਲਿਆ ਹੈ ਕਿ ਸੀਮਤ ਸਾਧਨਾਂ ਵਿਚ ਜ਼ਿੰਦਗੀ ਬਤੀਤ ਨਹੀਂ ਕਰ ਸਕਦਾ। ਜ਼ਿੰਦਗੀ 'ਚ ਦਿਖਾਵਾ ਬਹੁਤ ਭਾਰੀ ਹੋ ਰਿਹਾ ਹੈ। ਆਪਣੇ-ਆਪ ਨੂੰ ਕਿਸੇ ਨਾਲੋਂ ਘੱਟ ਨਹੀਂ ਕਹਾਉਣਾ ਹੈ। ਈਰਖਾ ਦੀ ਭਾਵਨਾ ਬਹੁਤ ਵਧ ਚੁੱਕੀ ਹੈ। ਜਿੰਨਾ ਅਸੀਂ ਸੀਮਤ ਸਾਧਨਾਂ ਵਿਚ ਰਹਾਂਗੇ, ਸਾਡੀ ਜ਼ਿੰਦਗੀ ਓਨੀ ਹੀ ਖ਼ੁਸ਼ਹਾਲ ਹੋਵੇਗੀ।

# ਇੰਟਰਨੈੱਟ ਤੇ ਕੁੜੀਆਂ



**ਲੇਖਕ : ਰਜਨੀ ਭਗਾਣੀਆ,**
**ਮੋਬਾ:** 79736-67793

ਇੰਟਰਨੈੱਟ ਕੀ ਹੈ ਇਸ ਬਾਰੇ ਆਪਾਂ ਨੂੰ ਕਿਸੇ ਤੋਂ ਪੁੱਛਣ ਦੀ ਲੋੜ ਨਹੀਂ ਇੰਟਰਨੈੱਟ ਨੇ ਦੁਨੀਆ ਨੂੰ ਆਪਣੀ ਮੁੱਠੀ ਵਿਚ ਕੀਤਾ ਹੋਇਆ ਹੈ ਹਾਂ ਕਿਉਂਕਿ ਕਿਸੇ ਕੋਲ ਮੋਬਾਈਲ ਹੈ ਤਾਂ ਉਸ ਵਿਚ ਇੰਟਰਨੈੱਟ ਹੋਣਾ ਬਹੁਤ ਜ਼ਰੂਰੀ ਹੈ ਤੇ ਆਪਣੀ ਨਵੀਂ ਪੀੜ੍ਹੀ ਵਧੀਆ ਹੀ ਨਹੀਂ, ਇਸ ਦਾ ਬਹੁਤ ਵਧੀਆ ਇਸਤੇਮਾਲ ਕਰ ਰਹੀ ਹੈ।

ਜਿਵੇਂ ਕਿ ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਇਸ ਵਿਚ ਕੁੜੀਆਂ ਦੀ ਗੱਲ ਆਉਂਦੀ ਹੈ। ਆਪਣਾ ਦੇਸ਼ ਡਿਜੀਟਲ ਦੇਸ਼ ਬਣ ਰਿਹਾ ਹੈ ਪਰ ਇਸ ਵਿਚ ਨਵੀਂ ਪੀੜ੍ਹੀ ਦੀਆਂ ਕੁੜੀਆਂ ਜਾਂ ਇਸ ਤਰ੍ਹਾਂ ਕਹੀਏ ਕਿ ਹਰ ਤਰ੍ਹਾਂ ਦਾ ਨੌਜਵਾਨ ਇਸ ਦੇ ਅਧੀਨ ਹੋ ਗਿਆ ਹੈ।

ਇੰਸਟਾਗ੍ਰਾਮ 'ਤੇ ਰੀਲਜ਼ ਬਣਾਉਣਾ ਕੁੜੀਆਂ ਦਾ ਨਵਾਂ ਫੈਸ਼ਨ ਬਣ ਗਿਆ ਹੈ ਇਹ ਗੱਲ ਨਹੀਂ ਕਿ ਕੁੜੀਆਂ ਹੀ ਇਹ ਸਭ ਕਰਦੀਆਂ ਨੇ ਹਰ ਤਰ੍ਹਾਂ ਦਾ ਇਨਸਾਨ ਇਹ ਕਰ ਰਿਹਾ ਹੈ ਹਰ ਤਰ੍ਹਾਂ ਦੀ ਅਤਰੰਗੀ ਵੀਡੀਓ ਇੰਟਰਨੈੱਟ 'ਤੇ ਸ਼ੇਅਰ ਕਰਦੀਆਂ ਹਨ। ਅਸ਼ਲੀਲਤਾ ਵੀ ਵੇਖੀ ਜਾ ਰਹੀ ਹੈ ਜਿਸ ਵਿਚ ਇਹ ਵੀ ਨਹੀਂ ਪਤਾ ਲਗਦਾ ਕਿ ਜਿਸ ਨਾਲ ਇਹ ਵੀਡੀਓ ਬਣਾਈ ਜਾ ਰਹੀ ਹੈ ਉਸ ਇਨਸਾਨ ਨਾਲ ਰਿਸ਼ਤਾ ਕੀ ਹੈ ਸੈਲਫੀ ਤੋਂ ਸ਼ੁਰੂ ਹੋਈ ਇਹ ਕਹਾਣੀ ਅਤਰੰਗੀ ਵੀਡੀਓ 'ਤੇ ਆ ਗਈ ਹੈ।

ਇੰਸਟਾਗ੍ਰਾਮ 'ਤੇ ਜਾਂ ਕਿਸੇ ਵੀ ਸੋਸ਼ਲ ਸਾਈਟ 'ਤੇ ਆਪਣੀ ਨਿੱਜੀ ਜ਼ਿੰਦਗੀ ਦੀ ਵੀਡੀਓ ਸ਼ੇਅਰ ਕਰਦੇ ਹੋਏ ਵੀ ਨਹੀਂ ਝਿਜਕਦੀਆਂ। ਅਤਰੰਗੀ ਕੱਪੜੇ ਪਾ ਕੇ ਵੀ ਨੁਮਾਇਸ਼ ਹੁੰਦੀ ਹੈ। ਅਤਰੰਗੀ ਕੱਪੜਿਆਂ ਨੂੰ ਪਾ ਕੇ ਸੋਸ਼ਲ ਸਾਈਟ 'ਤੇ ਵੀਡੀਓ ਪਾਈ ਜਾਂਦੀ ਹੈ। ਉਹ ਕੱਪੜੇ ਪਹਿਨਣ ਲੱਗੇ ਇਹ ਸੋਚ ਕੇ ਪਾਉਂਦੇ ਹੋਣੇ ਕਿ ਉਨ੍ਹਾਂ ਦਾ ਨਾਂਅ ਹੋਵੇਗਾ ਜਾਂ ਉਨ੍ਹਾਂ ਦੇ ਫੋਲੋਅਰਜ਼ ਵਧਣਗੇ ਜਾਂ ਸਾਨੂੰ ਮਸ਼ਹੂਰ ਹੋਣ ਵਿਚ ਟਾਈਮ ਨਹੀਂ ਲੱਗੇਗਾ। ਹਾਂ ਕੁਝ ਘਰੇਲੂ ਔਰਤਾਂ ਇਸ ਸੋਸ਼ਲ ਸਾਈਟ ਨੂੰ ਆਪਣੇ ਕੰਮਾਂ-ਕਾਰਾਂ ਲਈ ਵੀ ਵਰਤਦੀਆਂ ਹਨ ਜਿਵੇਂ ਆਪਣੇ ਬਣਾਏ ਖਾਣੇ ਦੀ ਵੀਡੀਓ ਆਪਣੀ ਨੌਲਜ ਲਈ ਜਾਂ ਕਿਸੇ ਵੀ ਤਰ੍ਹਾਂ ਦਾ ਕੰਮ ਸਿੱਖਣ ਲਈ।

ਕਈ ਕੁੜੀਆਂ ਕੁਝ ਅਜੀਬ ਤਰ੍ਹਾਂ ਦੀਆਂ ਵੀਡੀਓ ਕਿਤੇ ਵੀ ਖੜ੍ਹੇ ਹੋ ਕੇ ਆਪਣੇ ਮੋਬਾਈਲ 'ਤੇ ਬਣਾਉਂਦੀਆਂ ਨੇ ਤੇ ਨੈੱਟ 'ਤੇ ਪਾਉਂਦੇ ਹੋਏ ਇਕ ਵਾਰੀ ਵੀ ਨਹੀਂ ਸੋਚਦੀਆਂ ਕਿ ਇਹ ਵੀਡੀਓ ਉਨ੍ਹਾਂ ਨੇ ਚੰਗੀ ਸੋਚ ਨਾਲ ਪਾਈ ਸੀ ਪਰ ਇਹ ਉਨ੍ਹਾਂ ਦੀ ਗ਼ਲਤ ਤਰੀਕੇ ਦੀ ਨੁਮਾਇਸ਼ ਹੋ ਰਹੀ ਹੈ। ਇੰਟਰਨੈੱਟ ਵਿਚ ਡੁੱਬੀਆਂ ਕੁੜੀਆਂ ਘਰਦਿਆਂ ਕੰਮਾਂ-ਕਾਰਾਂ ਤੋਂ ਵੀ ਮੂੰਹ ਮੋੜਦੀਆਂ ਨਜ਼ਰ ਆਉਂਦੀਆਂ ਨੇ ਕੁਝ ਘਰਾਂ ਵਿਚ ਵੇਖਿਆ ਹੈ ਇਕ ਮਾਂ ਆਪਣੀ ਰਸੋਈ ਘਰ ਵਿਚ ਖਾਣਾ ਬਣਾ ਰਹੀ ਹੈ ਤੇ ਕਮਰੇ ਵਿਚ ਜਵਾਨ ਕੁੜੀ ਬੈਠੀ ਆਪਣੇ ਮੋਬਾਈਲ ਵਿਚ ਆਪਣੀ ਵੀਡੀਓ ਬਣਾ ਰਹੀ ਹੈ ਜਾਂ ਸੈਲਫੀ ਲੈ ਰਹੀ ਹੈ। ਕੀ ਉਸ ਵਕਤ ਉਹ ਸੈਲਫੀ ਲੈਣੀ ਜ਼ਰੂਰੀ ਹੈ ਜਾਂ ਵੀਡੀਓ ਬਣਾਉਣੀ ਜ਼ਰੂਰੀ ਹੈ ਜਾਂ ਆਪਣੀ ਮਾਂ ਦਾ ਰਸੋਈ ਵਿਚ ਹੱਥ ਵਟਾਉਣਾ ਇਹ ਤਾਂ ਇਕ ਆਮ ਗੱਲ ਹੋ ਗਈ ਹੈ।

ਅਸੀਂ ਇਹ ਨਹੀਂ ਕਹਿੰਦੇ ਕਿ ਇਹ ਗ਼ਲਤ ਹੈ ਪਰ ਗ਼ਲਤ ਤਰੀਕੇ ਨਾਲ ਇੰਟਰਨੈੱਟ ਦਾ ਇਸਤੇਮਾਲ ਹੈ ਸਾਨੂੰ ਇਸ ਦਾ ਚੰਗਾ ਸੰਦੇਸ਼ ਦੇਣ ਲਈ ਇਸਤੇਮਾਲ ਕਰਨਾ ਚਾਹੀਦਾ ਹੈ।

# ਦੇਸੀ ਤਰੀਕਾ ਅਜ਼ਮਾਓ ਘਰ ਦਾ ਫਰਨੀਚਰ ਚਮਕਾਓ




**ਲੇਖਕ : ਅਨੂ ਆਰ.**


ਆਪਣੇ ਕੀਮਤੀ ਫਰਨੀਚਰ ਦੀ ਸਹੀ ਦੇਖਭਾਲ ਕਰਕੇ ਤੁਸੀਂ ਲੰਮੇ ਸਮੇਂ ਤੱਕ ਚਮਕਦਾਰ ਅਤੇ ਟਿਕਾਊ ਫਰਨੀਚਰ ਬਣਾਈ ਰੱਖ ਸਕਦੇ ਹੋ। ਚਮਕਦਾਰ ਫਰਨੀਚਰ ਹਰ ਕਿਸੇ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ। ਪਰ ਫਰਨੀਚਰ ਨੂੰ ਕਿਸ ਤਰ੍ਹਾਂ ਚਮਕਦਾ ਹੋਇਆ ਬਣਾਈ ਰੱਖੀਏ, ਇਹ ਹਰ ਕੋਈ ਨਹੀਂ ਜਾਣਦਾ। ਦਰਅਸਲ ਫਰਨੀਚਰ ਨੂੰ ਸਾਫ਼ ਕਰਦੇ ਸਮੇਂ ਕੱਪੜੇ ਨੂੰ ਪਾਲਿਸ਼ ਵਿਚ ਡੁਬੋ ਕੇ ਹੀ ਸਾਫ਼ ਕਰਨਾ ਚਾਹੀਦਾ ਹੈ। ਪਰ ਫਰਨੀਚਰ 'ਤੇ ਜੰਮੀ ਧੂੜ-ਮਿੱਟੀ ਨੂੰ ਪਹਿਲਾਂ ਕਿਸੇ ਸੁੱਕੇ ਕੱਪੜੇ ਨਾਲ ਝਾੜ ਲੈਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਧੂੜ-ਮਿੱਟੀ ਨਾਲ ਫਰਨੀਚਰ 'ਤੇ ਰਗੜਾਂ ਲੱਗ ਸਕਦੀਆਂ ਹਨ। ਇਸ ਲਈ ਇਨ੍ਹਾਂ ਨੂੰ ਫਰਨੀਚਰ 'ਤੇ ਜੰਮਣ ਨਹੀਂ ਦੇਣਾ ਚਾਹੀਦਾ। ਜਦੋਂ ਵੀ ਫਰਨੀਚਰ ਨੂੰ ਸਾਫ਼ ਕਰੋ, ਹਮੇਸ਼ਾ ਸਾਫ਼ ਅਤੇ ਮੁਲਾਇਮ ਕੱਪੜੇ ਨਾਲ ਸਾਫ਼ ਕਰਨਾ ਚਾਹੀਦਾ ਹੈ। ਫਰਨੀਚਰ ਸਾਫ਼ ਕਰਨ ਲਈ ਕਦੀ ਵੀ ਸਾਬਣ ਦੇ ਪਾਣੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਸ ਨਾਲ ਫਰਨੀਚਰ ਦੀ ਚਮਕ ਫਿੱਕੀ ਪੈ ਜਾਂਦੀ ਹੈ ਅਤੇ ਪਾਣੀ ਨਾਲ ਉਸ 'ਤੇ ਦਾਗ ਧੱਬੇ ਵੀ ਲੱਗ ਜਾਂਦੇ ਹਨ। ਫਰਨੀਚਰ ਨੂੰ ਸਾਨੂੰ ਆਪਣੇ ਚਿਹਰੇ ਦੀ ਤਰ੍ਹਾਂ ਹੀ ਸੂਰਜ ਦੀਆਂ ਪਰਾਬੈਂਗਣੀ ਕਿਰਨਾਂ ਤੋਂ ਬਚਾਉਣਾ ਚਾਹੀਦਾ ਹੈ, ਕਿਉਂਕਿ ਇਹ ਕਿਰਨਾਂ ਫਰਨੀਚਰ ਦੀ ਚਮਕ ਦੀਆਂ ਦੁਸ਼ਮਣ ਹੁੰਦੀਆਂ ਹਨ। ਇਸ ਲਈ ਫਰਨੀਚਰ ਨੂੰ ਕਮਰੇ ਵਿਚ ਉਸ ਥਾਂ ਰੱਖਣਾ ਚਾਹੀਦਾ ਹੈ, ਜਿਥੇ ਉਸ 'ਤੇ ਸਿੱਧੀ ਧੁੱਪ ਨਾ ਪਵੇ।

ਸਿੱਧੀ ਧੁੱਪ ਆ ਰਹੀ ਹੋਵੇ ਤਾਂ ਪਰਦੇ ਲਗਾ ਦੇਣੇ ਚਾਹੀਦੇ ਹਨ। ਫਰਨੀਚਰ ਨੂੰ ਸਥਾਈ ਜਾਂ ਫਿਕਸ ਕਰਕੇ ਨਾ ਰੱਖੋ, ਸਮੇਂ-ਸਮੇਂ 'ਤੇ ਕਮਰੇ ਦੀ ਸਾਜ-ਸਜਾਵਟ ਦੇ ਨਾਲ-ਨਾਲ ਫਰਨੀਚਰ ਦੀ ਵੀ ਦਿਸ਼ਾ ਅਤੇ ਥਾਂ ਬਦਲਦੇ ਰਹੋ। ਇਸ ਨਾਲ ਅੱਖਾਂ ਲਈ ਫਰਨੀਚਰ ਦੀ ਤਾਜ਼ਗੀ ਵੀ ਬਣੀ ਰਹਿੰਦੀ ਹੈ ਅਤੇ ਉਸ ਦਾ ਆਕਰਸ਼ਣ ਵੀ। ਧਿਆਨ ਰੱਖੋ ਤਰਲ ਪਦਾਰਥ ਡਿਗਣ ਨਾਲ ਫਰਨੀਚਰ ਖ਼ਰਾਬ ਹੋ ਜਾਂਦਾ ਹੈ। ਜੇਕਰ ਗ਼ਲਤੀ ਨਾਲ ਡਿੱਗ ਹੀ ਜਾਵੇ ਤਾਂ ਤੁਰੰਤ ਫਰਨੀਚਰ ਨੂੰ ਸਾਫ਼ ਕਰੋ। ਜ਼ਿਆਦਾ ਗਰਮੀ ਨਾਲ ਫਰਨੀਚਰ ਵਿਚ ਰਸਾਇਣਕ ਪ੍ਰਕਿਰਿਆ ਹੋਣ ਲਗਦੀ ਹੈ। ਉਸ 'ਤੇ ਸਫ਼ੈਦ ਧੱਬੇ ਪੈਣ ਲਗਦੇ ਹਨ। ਇਸ ਲਈ ਫਰਨੀਚਰ ਉੱਤੇ ਸਿੱਧਾ ਕੋਈ ਗਰਮ ਚੀਜ਼ ਨਾ ਰੱਖੋ। ਹੇਠਾਂ ਸੁਰੱਖਿਆ ਪੈਡ ਜ਼ਰੂਰ ਰੱਖੋ। ਜ਼ਿਆਦਾ ਸਲ੍ਹਾਬ ਵਾਲੇ ਮੌਸਮ ਵਿਚ ਲੱਕੜੀ ਦਾ ਫਰਨੀਚਰ ਫੁੱਲ ਜਾਂਦਾ ਹੈ ਜਦ ਕਿ ਸਲ੍ਹਾਬ ਘੱਟ ਹੋਣ 'ਤੇ ਲੱਕੜੀ ਢਿੱਲੀ ਹੋ ਕੇ ਸੁੰਗੜ ਜਾਂਦੀ ਹੈ। ਮੌਸਮ ਦੇ ਬਦਲਣ ਨਾਲ ਫਰਨੀਚਰ ਵਿਚ ਦਰਾਰਾਂ ਵੀ ਪੈ ਜਾਂਦੀਆਂ ਹਨ। ਇਸ ਲਈ ਫਰਨੀਚਰ ਨੂੰ ਹਮੇਸ਼ਾ ਚੰਗੀ ਕੁਆਲਿਟੀ ਦੀ ਵਧੀਆ ਪਾਲਿਸ਼ ਨਾਲ ਹੀ ਪਾਲਿਸ਼ ਕਰੋ। ਇਸ ਨਾਲ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਘੱਟ ਹੁੰਦੀਆਂ ਹਨ। ਦਰਅਸਲ ਫਰਨੀਚਰ ਦੀ ਪਾਲਿਸ਼ ਵਿਚ ਇਸ ਤਰ੍ਹਾਂ ਦੇ ਤੱਤ ਮਿਲਾਏ ਜਾਂਦੇ ਹਨ, ਜਿਨ੍ਹਾਂ ਨਾਲ ਫਰਨੀਚਰ ਵਿਚ ਚਮਕ ਵੀ ਆਉਂਦੀ ਹੈ ਅਤੇ ਉਹ ਟਿਕਾਊ ਵੀ ਬਣਿਆ ਰਹਿੰਦਾ ਹੈ।

ਫਰਨੀਚਰ ਵਿਚ ਹਮੇਸ਼ਾ ਇਕ ਹੀ ਪਾਲਿਸ਼ ਕਰਨੀ ਚਾਹੀਦੀ ਹੈ, ਨਹੀਂ ਤਾਂ ਉਸ ਦਾ ਰੰਗ ਬਦਲ ਜਾਂਦਾ ਹੈ। ਜੇਕਰ ਤੇਲ ਵਾਲੀ ਜਾਂ ਵੈਕਸ ਵਾਲੀ ਪਾਲਿਸ਼ ਅਦਲਾ-ਬਦਲੀ ਕਰਕੇ ਵਰਤੀ ਜਾਵੇ ਤਾਂ ਇਸ ਨਾਲ ਫਰਨੀਚਰ ਦੀ ਚਮਕ ਅਤੇ ਰੰਗ ਧੁੰਦਲਾ ਹੋ ਜਾਂਦਾ ਹੈ। ਹਮੇਸ਼ਾ ਚੰਗੀ ਕੁਆਲਿਟੀ ਦੀ ਪਾਲਿਸ਼ ਦੀ ਵਰਤੋਂ ਕਰੋ। ਡਸਟਿੰਗ ਕਰਨ ਵਾਲੇ ਕੱਪੜੇ ਨੂੰ ਧੋਂਦੇ ਰਹੋ ਜਾਂ ਬਦਲਦੇ ਰਹੋ। ਜ਼ਿਆਦਾ ਮੈਲੇ ਧੂੜ ਵਾਲੇ ਕੱਪੜੇ ਨਾਲ ਡਸਟਿੰਗ ਕਰਨ ਨਾਲ ਫਰਨੀਚਰ 'ਤੇ ਝਰੀਟਾਂ ਪੈ ਜਾਂਦੀਆਂ ਹਨ। ਫਰਨੀਚਰ 'ਤੇ ਕਦੀ-ਕਦਾਈਂ ਸਪ੍ਰੇਅ ਵੀ ਕਰਵਾਓ।



# CLASSIFIEDS & MATRIMONIALS




## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## Looking for Nanny/Home Support Worker

We are looking for a compassionate, Punjabi-speaking caregiver male/ female for our 85-year-old mother. The ideal candidate must be able to stay at home with her, assist with driving to appointments, and help with light cleaning. If interested, please contact us for more details : **604-726-4638, 604-926-1526.**

**Email : Kahlonkamal @yahoo.com**

## BRIDE WANTED

ਇੰਡੀਆ ਰਹਿੰਦੀ ਵਾਲਮੀਕ, ਮੱਜ਼ਬੀ ਸਿੱਖ ਲੜਕੀ, ਉਮਰ 36 ਸਾਲ, ਐਮ. ਐਸ. ਸੀ. (ਫੈਸ਼ਨ ਡਿਜ਼ਾਇਨਿੰਗ), ਪ੍ਰਾਈਵੇਟ ਟੀਚਰ, ਲਈ ਕੈਨੇਡਾ ਵਿੱਚ ਪੀ.ਆਰ. ਜਾਂ ਵਰਕ ਪਰਮਿਟ ਲੜਕੇ ਦੀ ਭਾਲ ਹੈ। ਲੜਕੀ ਤਲਾਕਸ਼ੁਦਾ ਹੈ ਵਿਆਹ ਤੋਂ ਕੁਝ ਦਿਨ ਬਾਅਦ ਹੀ ਤਲਾਕ ਹੋ ਗਿਆ ਸੀ। ਪਿਤਾ ਸਿਹਤ ਵਿਭਾਗ ਤੋਂ ਸੇਵਾ ਮੁਕਤ ਹਨ। ਇੱਕ ਭਰਾ ਹੈਲਥ ਇੰਸਪੈਕਟਰ, ਇੱਕ ਭਰਾ ਕੈਨੇਡਾ ਵਿੱਚ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : +1 - 604-725-0178 AP 13-02

..........................................

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

..........................................

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

..........................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02


# ਬੇਚਿਰਾਗ਼ ਪਿੰਡ ਅਤੇ ਭੂਮੀ ਸੁਧਾਰ ਦੇ ਮਸਲੇ


ਲੇਖਕ : ਮੁਕੇਸ਼ ਮਲੌਦ
ਸੰਪਰਕ: 88962-69000


ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਲੰਮੇ ਸਮੇਂ ਤੋਂ ਪਿੰਡਾਂ ਅੰਦਰ ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਦਲਿਤਾਂ ਨੂੰ ਘੱਟ ਰੇਟ ਉੱਪਰ ਪੱਕੇ ਤੌਰ ’ਤੇ ਵੰਡਾਉਣ, ਨਜ਼ੂਲ ਜ਼ਮੀਨਾਂ ਤੋਂ ਪੇਂਡੂ ਧਨਾਢਾਂ ਦੇ ਨਾਜਾਇਜ਼ ਕਬਜ਼ੇ ਹਟਾਉਣ ਤੇ ਮਾਲਕੀ ਹੱਕ ਦਿਵਾਉਣ, ਲਾਲ ਲਕੀਰ ਅੰਦਰ ਆਉਂਦੇ ਮਕਾਨਾਂ ਦੇ ਮਾਲਕੀ ਹੱਕ ਦਿਵਾਉਣ ਸਮੇਤ ਦਲਿਤਾਂ ਦੇ ਬੁਨਿਆਦੀ ਮਸਲਿਆਂ ਨੂੰ ਲੈ ਕੇ ਤਿੱਖਾ ਸੰਘਰਸ਼ ਲੜਿਆ ਹੈ। ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿੱਚ ਦੀ ਐੱਸਸੀਐੱਲਓ ਕੋ-ਆਪਰੇਟਿਵ ਸੁਸਾਇਟੀ ਬਣਾ ਕੇ ਦਲਿਤਾਂ ਨੂੰ ਸਾਂਝੀ ਖੇਤੀ ਲਈ ਜ਼ਮੀਨ ਦਿੱਤੀ ਗਈ ਅਤੇ ਇਹ ਕਾਨੂੰਨ ਬਣਾਇਆ ਗਿਆ ਕਿ ਜ਼ਮੀਨ ਉੱਪਰ ਸਿਰਫ ਦਲਿਤ ਪਰਿਵਾਰ ਹੀ ਖੇਤੀ ਕਰ ਸਕਦਾ ਹੈ। ਉੱਚ ਜਾਤੀ ਦਾ ਕੋਈ ਵੀ ਸ਼ਖ਼ਸ ਨਾ ਇਸ ਉੱਪਰ ਖੇਤੀ ਕਰ ਸਕਦਾ ਹੈ, ਨਾ ਹੀ ਇਹ ਜ਼ਮੀਨ ਖਰੀਦ ਸਕਦਾ ਹੈ ਪਰ ਦਲਿਤਾਂ ਦੀਆਂ ਇਹ 70% ਜ਼ਮੀਨਾਂ ਉੱਚ ਜਾਤੀ ਪੇਂਡੂ ਧਨਾਢਾਂ ਦੇ ਕਬਜ਼ੇ ਹੇਠ ਹਨ। ਇਸੇ ਤਰ੍ਹਾਂ ਪੰਚਾਇਤੀ ਰਾਜ ਐਕਟ-1964 ਮੁਤਾਬਿਕ, ਪਿੰਡਾਂ ਦੀ ਠੇਕੇ ਉੱਪਰ ਦਿੱਤੀ ਜਾਣ ਵਾਲੀ (1,57,000 ਏਕੜ) ਵਾਹੀਯੋਗ ਜ਼ਮੀਨ ਵਿੱਚੋਂ ਤੀਜਾ ਹਿੱਸਾ ਐੱਸਸੀ ਭਾਈਚਾਰੇ ਲਈ ਰਾਖਵਾਂ ਹੈ। ਹੁਣ ਤੱਕ ਇਸ ਦੀ ਬੋਲੀ ਭਾਵੇਂ ਕਿਸੇ ਐੱਸਸੀ ਸ਼ਖ਼ਸ ਦੇ ਨਾਮ ਉੱਪਰ ਹੀ ਹੁੰਦੀ ਪਰ ਇਸ ਉੱਪਰ ਖੇਤੀ ਪੇਂਡੂ ਧਨਾਢਾਂ ਜਾਂ ਉਨ੍ਹਾਂ ਦੇ ਚਹੇਤੇ ਹੀ ਕਰਦੇ ਸਨ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਲੜੇ ਸੰਘਰਸ਼ ਤੋਂ ਬਾਅਦ ਅੱਜ ਜਿੱਥੇ ਦਲਿਤ ਆਪਣੇ ਹਿੱਸੇ ਦੀ ਪੰਚਾਇਤੀ ਜ਼ਮੀਨ ਉੱਪਰ ਕਾਬਜ਼ ਹੋਏ, ਉੱਥੇ ਨਜ਼ੂਲ ਜ਼ਮੀਨਾਂ ਉੱਪਰੋਂ ਪੇਂਡੂ ਧਨਾਢਾਂ ਦੇ ਨਾਜਾਇਜ਼ ਕਬਜ਼ੇ ਹਟਾ ਕੇ ਦਹਾਕਿਆਂ ਬਾਅਦ ਦਲਿਤਾਂ ਨੇ ਆਪਣਾ ਹਲ ਚਲਾਇਆ। ਹੁਣ ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰਵਾਉਣ ਲਈ ਸੰਘਰਸ਼ ਵਿੱਢਿਆ ਜਾ ਰਿਹਾ ਹੈ। ਇਹ ਕਾਨੂੰਨ ਭਾਵੇਂ 1972 ਵਿੱਚ ਬਣਾਇਆ ਗਿਆ ਸੀ ਪਰ ਜ਼ਮੀਨੀ ਪੱਧਰ ਉੱਪਰ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ। ਸਰਕਾਰ ਦੀ ਯੋਜਨਾ ਕਮਿਸ਼ਨ-2008 ਦੀ ਰਿਪੋਰਟ ਮੁਤਾਬਿਕ, ਜੇ ਇਸ ਕਾਨੂੰਨ ਨੂੰ ਜ਼ਮੀਨੀ ਪੱਧਰ ਉੱਪਰ ਲਾਗੂ ਕੀਤਾ ਜਾਂਦਾ ਹੈ ਤਾਂ ਇੱਕ ਪਰਿਵਾਰ ਦੇ ਹਿੱਸੇ ਲਗਭਗ ਤਿੰਨ ਏਕੜ ਤੋਂ ਵੱਧ ਜ਼ਮੀਨ ਆ ਸਕਦੀ ਹੈ। ਪੰਚਾਇਤੀ ਅਤੇ ਨਜ਼ੂਲ ਜ਼ਮੀਨ ਤੋਂ ਅਗਲੀ ਲੜਾਈ ਜ਼ਮੀਨ ਹੱਦਬੰਦੀ ਤੋਂ ਉੱਪਰਲੀ ਜ਼ਮੀਨ ਦਲਿਤਾਂ, ਬੇਜ਼ਮੀਨੇ ਅਤੇ ਛੋਟੇ ਕਿਸਾਨਾਂ ਵਿੱਚ ਵੰਡਾਉਣ ਦੀ ਹੈ ਜਿਸ ਦਾ ਆਗਾਜ਼ ਬੇਚਿਰਾਗ਼ ਪਿੰਡ ਦੀ 927 ਏਕੜ ਜ਼ਮੀਨ ਵਿੱਚ 28 ਫਰਵਰੀ ਨੂੰ ਦੀਵਾ ਲਗਾ ਕੇ ਉਨ੍ਹਾਂ ਜ਼ਮੀਨਾਂ ਉੱਪਰ ਆਪਣਾ ਹੱਕ ਜਤਾਉਣ ਨਾਲ ਕੀਤਾ ਜਾਵੇਗਾ।

ਮਾਲ ਵਿਭਾਗ ਦੇ ਰਿਕਾਰਡ ਵਿੱਚ ਉਨ੍ਹਾਂ ਪਿੰਡਾਂ ਨੂੰ ਬੇਚਿਰਾਗ਼ ਪਿੰਡ ਕਿਹਾ ਜਾਂਦਾ ਹੈ ਜਿੱਥੇ ਕੋਈ ਵਸੋਂ ਨਹੀਂ ਹੁੰਦੀ। ਸੰਗਰੂਰ ਤੋਂ ਈਲਵਾਲ ਜਾਣ ਵਾਲੀ ਸੜਕ ਉੱਪਰ ਬੀੜ ਐਸ਼ਵਾਨ ਪਿੰਡ ਸਥਿਤ ਹੈ ਜਿੱਥੇ ਜੀਂਦ ਰਿਆਸਤ ਦੇ ਰਾਜਾ ਸਤਬੀਰ ਸਿੰਘ ਦੀ 927 ਏਕੜ ਜ਼ਮੀਨ ਹੈ। ਮਹਾਰਾਜਾ ਸਤਬੀਰ ਸਿੰਘ ਜੀਂਦ ਰਿਆਸਤ ਦੇ ਨੌਵੇਂ ਮਹਾਰਾਜ ਅਤੇ ਇਸ ਜ਼ਮੀਨ ਦੇ ਆਖ਼ਿਰੀ ਵਾਰਿਸ ਸਨ ਜੋ ਹੁਣ ਇਸ ਦੁਨੀਆ ਵਿੱਚ ਨਹੀਂ। ਇਸ ਜ਼ਮੀਨ ਦਾ ਵੱਡਾ ਹਿੱਸਾ ਸੈਂਕਚੁਰੀ ਦੇ ਨਾਮ ਹੇਠ ਅਵਾਰਾ ਪਸ਼ੂਆਂ ਅਤੇ ਜਾਨਵਰਾਂ ਲਈ ਰੱਖਿਆ ਹੋਇਆ ਹੈ। ਥੋੜ੍ਹਾ ਹਿੱਸਾ ਮਹਿਕਮਾ ਡਰੇਨ ਅਤੇ ਕੁਝ ਹਿੱਸਾ ਇੰਡੀਅਨ ਆਇਲ ਦੀ ਰਿਫਾਈਨਰੀ ਕੋਲ ਹੈ। ਇੱਕ ਹਿੱਸਾ ਸਰਕਾਰਾਂ ਵਿੱਚ ਅਸਰ ਰਸੂਖ ਰੱਖਣ ਵਾਲੇ ਵੱਡੇ ਭੂਮੀਪਤੀਆਂ ਵੱਲੋਂ ਲੀਜ਼ ’ਤੇ ਦਿੱਤਾ ਜਾਂਦਾ ਹੈ। ਇਸ ਤੋਂ ਬਿਨਾਂ ਇਸ ਦੇ ਨੇੜੇ ਪਿੰਡ ਬਲਵਾੜ, ਫਤਿਹਗੜ੍ਹ ਛੰਨਾ, ਨਾਈਵਾਲਾ, ਦੇਹ ਕਲਾਂ ਅਤੇ ਸਾਰੋਂ ਵਾਲੇ ਸਰਦਾਰਾਂ ਤੋਂ ਬਿਨਾਂ ਖੇੜੀ ਈਲਵਾਲ ਵਿੱਚ ਇੱਕ ਵੱਡੇ ਪੁਲੀਸ ਅਧਿਕਾਰੀ ਦੀ ਸੈਂਕੜੇ ਏਕੜ ਜ਼ਮੀਨ ਹੈ। ਇਹ ਸਾਰੀਆਂ ਉਹ ਜ਼ਮੀਨਾਂ ਹਨ ਜੋ ਜ਼ਮੀਨ ਹੱਦਬੰਦੀ ਕਾਨੂੰਨ-1972 ਮੁਤਾਬਿਕ ਦਲਿਤਾਂ, ਬੇਜ਼ਮੀਨੇ ਅਤੇ ਛੋਟੇ ਕਿਸਾਨਾਂ ਵਿੱਚ ਵੰਡੀਆਂ ਜਾਣੀਆਂ ਸਨ ਪਰ ਇਨ੍ਹਾਂ ਜ਼ਮੀਨਾਂ ਦੀ ਵੰਡ ਸਿਰਫ ਸਰਕਾਰੀ ਕਾਗਜ਼ਾਂ ਵਿੱਚ ਹੀ ਹੋਈ, ਜ਼ਮੀਨੀ ਪੱਧਰ ਉੱਪਰ ਇਸ ਦੀ ਵੰਡ ਦਾ ਸਵਾਲ ਅਜੇ ਵੀ ਖੜ੍ਹਾ ਹੈ।

ਸਾਡੇ ਦੇਸ਼ ਅੰਦਰ ਪੈਦਾਵਾਰ ਦੇ ਦੋ ਮੁੱਖ ਸਾਧਨ ਹਨ; ਇੱਕ ਜ਼ਮੀਨ ਅਤੇ ਦੂਜਾ ਸਨਅਤ। ਪੰਜਾਬ ਸਨਅਤ ਪੱਖੋਂ ਕਾਫੀ ਪਛੜਿਆ ਹੋਇਆ ਹੈ ਅਤੇ ਇੱਥੇ ਪੈਦਾਵਾਰ ਦਾ ਮੁੱਖ ਸਾਧਨ ਜ਼ਮੀਨ ਹੈ। ਅੱਜ ਵੀ ਜਦੋਂ ਚੁਫੇਰੇ ਨਿਗ੍ਹਾ ਮਾਰਦੇ ਹਾਂ ਤਾਂ ਦੋ ਤਰ੍ਹਾਂ ਦੇ ਲੋਕ ਨਜ਼ਰ ਆਉਂਦੇ ਹਨ: ਇੱਕ ਉਹ ਜਿਨ੍ਹਾਂ ਕੋਲ ਅੱਜ ਵੀ ਸੈਂਕੜੇ ਏਕੜ ਜ਼ਮੀਨ ਹੈ; ਦੂਜੇ ਉਹ ਜਿਨ੍ਹਾਂ ਕੋਲ ਡੰਗਰ ਪਸ਼ੂ ਬੰਨ੍ਹਣ ਲਈ ਦੋ ਮਰਲੇ ਥਾਂ ਵੀ ਨਹੀਂ। ਪੰਜਾਬ ਅੰਦਰ ਦਲਿਤ ਸਮਾਜ ਦੇ ਲੋਕਾਂ ਦੀ ਆਬਾਦੀ ਭਾਵੇਂ 34% ਤੋਂ ਵਧੇਰੇ ਹੈ ਪਰ ਜ਼ਮੀਨ ਦਾ ਟੁਕੜਾ ਨਾਂਹ ਦੇ ਬਰਾਬਰ ਹੈ। ਦਲਿਤਾਂ ਦੀ ਵੱਡੀ ਆਬਾਦੀ ਪਿੰਡਾਂ ਦੀ ਲਾਲ ਲਕੀਰ ਅੰਦਰ ਵਸੀ ਹੋਈ ਹੈ ਜਿੱਥੇ ਉਨ੍ਹਾਂ ਘਰਾਂ ਦੀ ਮਾਲਕੀ ਵੀ ਉਨ੍ਹਾਂ ਦੇ ਨਾਮ ਨਹੀਂ। ਉਨ੍ਹਾਂ ਘਰਾਂ ਦੀ ਹਾਲਤ ਵੀ ਖੁੱਡਿਆਂ ਵਰਗੀ ਹੈ; ਮੁੰਡੇ ਦੇ ਵਿਆਹ ਤੋਂ ਬਾਅਦ ਇਹ ਫ਼ਿਕਰ ਹੋ ਜਾਂਦਾ ਹੈ ਕਿ ਉਸ ਲਈ ਵੱਖਰਾ ਕਮਰਾ ਪਾ ਕੇ ਰਹਿਣ ਦਾ ਪ੍ਰਬੰਧ ਕਿੱਥੇ ਕਰਨ। ਕਈ ਘਰਾਂ ਵਿੱਚ ਚੁੱਲ੍ਹੇ ਨੇੜੇ ਹੀ ਡੰਗਰ ਬੰਨ੍ਹੇ ਹੁੰਦੇ ਹਨ।

ਪੰਜਾਬ ਅੰਦਰ ਜਦੋਂ ਵੀ ਚੋਣਾਂ ਦਾ ਮਾਹੌਲ ਭਖਦਾ ਹੈ, ਦਲਿਤਾਂ ਨੂੰ ਪੰਜ ਮਰਲੇ ਪਲਾਟ ਦੇਣ ਦਾ ਲਾਰਾ ਹਰ ਪਾਰਟੀ ਲਾਉਂਦੀ ਹੈ ਪਰ ਪਾਰਟੀਆਂ ਦੇ ਵਾਅਦੇ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਕੇ ਰਹਿ ਜਾਂਦੇ ਹਨ। ਜ਼ਮੀਨ ਵਿਹੂਣੇ ਅਤੇ ਦੇਸ਼ ਦੀ ਜਾਇਦਾਦ ਵਿੱਚ ਕਿਸੇ ਵੀ ਥਾਂ ਮਾਲਕੀ ਨਾ ਹੋਣ ਕਾਰਨ ਨਾ ਤਾਂ ਕੋਈ ਬੈਂਕ ਅਤੇ ਨਾ ਹੀ ਕੋਈ ਸਹਿਕਾਰੀ ਸਭਾ ਉਨ੍ਹਾਂ ਨੂੰ ਕਰਜ਼ਾ ਦੇਣ ਨੂੰ ਤਿਆਰ ਹੁੰਦੀ ਹੈ; ਨਾ ਹੀ ਕਿਸੇ ਮਾਮਲੇ ਵਿੱਚ ਜ਼ਮਾਨਤ ਦੇਣ ਲਈ ਉਨ੍ਹਾਂ ਕੋਲ ਕੋਈ ਕਾਗਜ਼ ਹੁੰਦੇ ਹਨ। ਕਰਜ਼ੇ ਅਤੇ ਜ਼ਮਾਨਤ ਲਈ ਦਲਿਤਾਂ ਨੂੰ ਪੇਂਡੂ ਧਨਾਢਾਂ ਦੀ ਸ਼ਰਨ ਵਿੱਚ ਜਾਣਾ ਪੈਂਦਾ ਹੈ। ਇਨ੍ਹਾਂ ਧਨਾਢਾਂ ਤੋਂ ਲਏ ਕਰਜ਼ੇ ਦੇ ਬਦਲੇ ਬਹੁਤ ਸਾਰੇ ਪਿੰਡਾਂ ਵਿੱਚ ਕਰਜ਼ਈ ਔਰਤਾਂ ਸਿਰਫ ਵਿਆਜ ਦੀ ਰਕਮ ਵਿੱਚ ਹੀ ਉਨ੍ਹਾਂ ਘਰਾਂ ਦਾ ਗੋਹਾ-ਕੂੜਾ ਸਾਰੀ ਉਮਰ ਕਰਦੀਆਂ ਹਨ। ਇਸ ਤੋਂ ਬਿਨਾਂ ਵੱਡਾ ਹਿੱਸਾ ਔਰਤਾਂ ਮਾਈਕ੍ਰੋ-ਫਾਈਨਾਂਸ ਕੰਪਨੀਆਂ ਦੇ ਜਾਲ ਵਿੱਚ ਫਸੀਆਂ ਹੋਈਆਂ ਹਨ ਜਿਨ੍ਹਾਂ ਨੂੰ ਇੱਕ ਕਰਜ਼ਾ ਚੁਕਾਉਣ ਲਈ ਦੂਜੀ ਕੰਪਨੀ, ਦੂਜੀ ਦਾ ਕਰਜ਼ਾ ਚੁਕਾਉਣ ਲਈ ਤੀਜੀ ਕੰਪਨੀ ਤੋਂ ਕਰਜ਼ਾ ਪੈਣਾ ਪੈਂਦਾ ਹੈ। ਇਸ ਦੀ ਡਰਾਉਣੀ ਤਸਵੀਰ ਲੌਕਡਾਊਨ ਸਮੇਂ ਸਾਹਮਣੇ ਆਈ। ਖੇਤੀ ਦੇ ਮਸ਼ੀਨੀਕਰਨ ਨੇ ਪਿੰਡਾਂ ਦੇ ਮਜ਼ਦੂਰਾਂ ਕੋਲੋਂ ਖੇਤਾਂ ਦਾ ਕੰਮ ਵੀ ਖੋਹ ਲਿਆ ਹੈ। ਪੇਂਡੂ ਮਜ਼ਦੂਰਾਂ ਦੀ ਹਾਲਤ ਇਹ ਹੈ ਕਿ ਉਹ ਰੋਟੀ ਵਾਲਾ ਡੱਬਾ ਆਪਣੇ ਸਾਈਕਲ ਜਾਂ ਮੋਟਰਸਾਈਕਲ ਉੱਪਰ ਟੰਗ ਕੇ ਸ਼ਹਿਰਾਂ ਵਿੱਚ ਇਸ ਆਸ ਨਾਲ ਜਾਂਦੇ ਹਨ ਕਿ ਸ਼ਾਮ ਨੂੰ ਉਹ ਦਿਹਾੜੀ ਲਾ ਕੇ ਆਪਣੇ ਬੱਚਿਆਂ ਲਈ ਕੁਝ ਨਾ ਕੁਝ ਲੈ ਕੇ ਆਉਣਗੇ ਪਰ ਹਾਲਤ ਇਹ ਹੈ ਕਿ ਇਨ੍ਹਾਂ ਵਿੱਚੋਂ ਅੱਧੀ ਗਿਣਤੀ ਬਿਨਾਂ ਦਿਹਾੜੀ, ਨਿਰਾਸ਼ ਹੋ ਕੇ ਘਰ ਨੂੰ ਪਰਤਦੀ ਹੈ। ਜਿਨ੍ਹਾਂ ਨੂੰ ਦਿਹਾੜੀ ਮਿਲਦੀ ਵੀ ਹੈ, ਉਨ੍ਹਾਂ ਨੂੰ ਦਿਹਾੜੀ ਦਾ ਪੂਰਾ ਮੁੱਲ ਨਹੀਂ ਮਿਲਦਾ। ਨਿੱਜੀਕਰਨ ਵਾਲੀਆਂ ਨੀਤੀਆਂ ਤਹਿਤ ਸਰਕਾਰੀ ਅਦਾਰਿਆਂ ਨੂੰ ਪ੍ਰਾਈਵੇਟ ਕੀਤਾ ਜਾ ਰਿਹਾ ਹੈ ਜਿਸ ਕਾਰਨ ਰਿਜ਼ਰਵੇਸ਼ਨ ਤਹਿਤ ਮਿਲਣ ਵਾਲੀਆਂ ਨੌਕਰੀਆਂ ਦੇ ਮੌਕੇ ਵੀ ਸੁੰਗੜ ਰਹੇ ਹਨ। ਸਰਕਾਰ ਦੀ ਮਗਨਰੇਗਾ ਸਕੀਮ ਤਹਿਤ 100 ਦਿਨ ਦੇ ਰੁਜ਼ਗਾਰ ਦੀ ਗਾਰੰਟੀ ਵੀ ਸਫੈਦ ਹਾਥੀ ਸਾਬਿਤ ਹੋ ਰਹੀ ਹੈ। ਮਗਨਰੇਗਾ ਅੰਦਰ ਧਾਂਦਲੀ ਇਸ ਪੱਧਰ ਤੱਕ ਵਧ ਚੁੱਕੀ ਹੈ ਕਿ ਇੱਕ ਪਾਸੇ ਪੇਂਡੂ ਧਨਾਢ ਅਤੇ ਅਸਰ ਰਸੂਖ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਚਹੇਤਿਆਂ ਦੀਆਂ ਹਾਜ਼ਰੀਆਂ ਘਰ ਬੈਠਿਆਂ ਹੀ ਲੱਗ ਜਾਂਦੀਆਂ ਹਨ; ਦੂਜੇ ਪਾਸੇ ਟੋਭੇ ਦਾ ਗੰਦ ਆਪਣੇ ਸਿਰਾਂ ਉੱਪਰ ਢੋਂਦੀਆਂ ਬਜ਼ੁਰਗ ਔਰਤਾਂ ਦੇ ਸਿਰਾਂ ਦੇ ਵਾਲ ਤੱਕ ਝੜ ਜਾਂਦੇ ਹਨ ਪਰ ਉਨ੍ਹਾਂ ਦੇ ਖਾਤਿਆਂ ਵਿੱਚ ਪੈਸੇ ਨਹੀਂ ਆਉਂਦੇ। 100 ਦਿਨ ਦੇ ਰੁਜ਼ਗਾਰ ਦੀ ਥਾਂ ਸਿਰਫ ਕੁਝ ਦਿਨ ਹੀ ਕੰਮ ਚੱਲਦਾ ਹੈ। ਕੇਂਦਰ ਸਰਕਾਰ ਮਗਨਰੇਗਾ ਬਜਟ ਲਗਾਤਾਰ ਘਟਾ ਰਹੀ ਹੈ।

ਇਸ ਸੂਰਤ ਵਿੱਚ ਆਪਣੀ ਕਿਸਮਤ ਨੂੰ ਕੋਸਣ ਦੀ ਥਾਂ ਜ਼ਮੀਨ ਦੀ ਕਾਣੀ ਵੰਡ ਖ਼ਿਲਾਫ਼ ਸੰਘਰਸ਼ ਕਰਨ ਦਾ ਵੇਲਾ ਹੈ। ਦਲਿਤਾਂ ਲਈ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਦਾ ਕਾਨੂੰਨ ਭਾਵੇਂ 1964 ਵਿੱਚ ਬਣ ਗਿਆ ਸੀ ਪਰ ਇਨ੍ਹਾਂ ਜ਼ਮੀਨਾਂ ਉੱਪਰ ਹੱਕ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਲੜੇ ਘੋਲ ਤੋਂ ਬਾਅਦ ਹੀ ਮਿਲਿਆ। ਇਸੇ ਤਰ੍ਹਾਂ ਦੇਸ਼ ਅੰਦਰ ਦੋ ਵਾਰ ਭੂਮੀ ਸੁਧਾਰ ਕਾਨੂੰਨ ਲਿਆਂਦੇ ਗਏ। ਪੰਜਾਬ ਵਿਚ ਪਹਿਲਾ ਭੂਮੀ ਸੁਧਾਰ ਕਾਨੂੰਨ 1955-56 ਵਿੱਚ ਬਣਿਆ ਜਿਸ ਮੁਤਾਬਿਕ ਇੱਕ ਪਰਿਵਾਰ ਦੋ ਫਸਲੀ ਜ਼ਮੀਨ ਦਾ 40 ਏਕੜ, ਇੱਕ ਫਸਲੀ ਜ਼ਮੀਨ ਦਾ 80 ਏਕੜ ਅਤੇ ਬੰਜਰ ਜ਼ਮੀਨ 120 ਏਕੜ ਤੱਕ ਰੱਖ ਸਕਦਾ ਸੀ। ਇਹ ਕਾਨੂੰਨ ਵੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ। ਜ਼ਮੀਨਾਂ ਦਾ ਵੱਡਾ ਹਿੱਸਾ ਚੋਰ-ਮੋਰੀ ਰਾਹੀਂ ਬਾਗਾਂ, ਟਰਸਟਾਂ ਜਾਂ ਧਾਰਮਿਕ ਸੰਸਥਾਵਾਂ ਤੋਂ ਬਿਨਾਂ ਡੰਗਰਾਂ ਤੱਕ ਦੇ ਨਾਮ ਹੇਠ ਜਿਉਂ ਦਾ ਤਿਉਂ ਰਿਹਾ।

ਦੂਜਾ ਭੂਮੀ ਸੁਧਾਰ ਕਾਨੂੰਨ 1972 ਵਿੱਚ ਬਣਿਆ ਜਿਸ ਮੁਤਾਬਿਕ ਇੱਕ ਪਰਿਵਾਰ ਸਾਲ ਵਿੱਚ ਦੋ ਫਸਲਾਂ ਪੈਦਾ ਕਰਨ ਵਾਲੀ ਜ਼ਮੀਨ ਦਾ ਸਾਢੇ 17 ਏਕੜ ਰਕਬਾ, ਇੱਕ ਫਸਲੀ ਜ਼ਮੀਨ ਦਾ 35 ਏਕੜ ਅਤੇ ਬੰਜਰ ਕਿਸਮ ਦੀ 51 ਏਕੜ ਤੋਂ ਵੱਧ ਜ਼ਮੀਨ ਨਹੀਂ ਰੱਖ ਸਕਦਾ ਹੈ। ਇਹ ਕਾਨੂੰਨ ਵੀ ਸਿਰਫ ਨਾਮ ਦਾ ਹੀ ਸੀ। ਇਸ ਨੂੰ ਜ਼ਮੀਨੀ ਪੱਧਰ ’ਤੇ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ। ਅੱਜ ਪੰਜਾਬ ਅੰਦਰ ਲਗਭਗ ਸਾਰੀਆਂ ਜ਼ਮੀਨਾਂ ਚੰਗੀਆਂ ਉਪਜਾਊ ਹਨ। ਦੋ ਦੀ ਥਾਂ ਤਿੰਨ ਤੋਂ ਚਾਰ ਫਸਲਾਂ ਵੀ ਸਾਲ ਵਿੱਚ ਪੈਦਾ ਹੁੰਦੀਆਂ ਹਨ। ਇਸ ਕਾਨੂੰਨ ਮੁਤਾਬਿਕ ਸਾਢੇ ਸਤਾਰਾਂ ਏਕੜ ਤੋਂ ਉੱਪਰਲੀਆਂ ਜ਼ਮੀਨਾਂ ਬੇਜ਼ਮੀਨਿਆਂ ਵਿੱਚ ਵੰਡੀਆਂ ਜਾਣੀਆਂ ਚਾਹੀਦੀਆਂ ਸਨ ਪਰ ਇਨ੍ਹਾਂ ਜ਼ਮੀਨਾਂ ਦੀ ਵੰਡ ਕਾਗਜ਼ਾਂ ਤੱਕ ਹੀ ਹੋਈ। ਅਸਲ ਵਿੱਚ ਇਹ ਕਾਨੂੰਨ ਲਾਗੂ ਕਰਨ ਵਾਲੇ ਖ਼ੁਦ ਇਨ੍ਹਾਂ ਜ਼ਮੀਨਾਂ ਦੀਆਂ ਵੱਡੀਆਂ ਢੇਰੀਆਂ ਉੱਪਰ ਕਾਬਜ਼ ਹਨ। ਇਹ ਕਾਨੂੰਨ ਲਾਗੂ ਕਰਵਾਉਣ ਅਤੇ ਇਸ ਮੁਤਾਬਿਕ ਸਾਢੇ 17 ਏਕੜ ਤੋਂ ਉੱਪਰਲੀਆਂ ਜ਼ਮੀਨਾਂ ਦਲਿਤਾਂ, ਬੇਜ਼ਮੀਨੇ ਅਤੇ ਛੋਟੇ ਕਿਸਾਨਾਂ ਵਿੱਚ ਵੰਡਾਉਣ ਲਈ ਵਿਸ਼ਾਲ ਸੰਘਰਸ਼ ਦੀ ਲੋੜ ਹੈ।

# ਡਾ. ਸੁਖਪਾਲ ਸੰਘੇੜਾ ਨਾਲ ਗੱਲਬਾਤ

ਨੌਵੀਂ ਕਿਸ਼ਤ



ਵਲੋਂ : ਰਵਿੰਦਰ ਸਿੰਘ ਸੋਢੀ

**ਤੁਸੀਂ ਖੁੱਲ੍ਹੀ ਕਵਿਤਾ ਵੀ ਲਿਖੀ ਹੈ ਤੇ ਪ੍ਰਗੀਤਕ ਵੀ। ਇਹ ਫੈਸਲਾ ਕਿਵੇਂ ਕਰਦੇ ਉਂ ਕਿ ਕਦੋਂ ਖੁੱਲ੍ਹੀ ਕਵਿਤਾ ਲਿਖਣੀ ਆਂ ਤੇ ਕਦੋਂ ਗੀਤ ਦੇ ਰੂਪ ਵਿਚ ਜਾਂ ਪ੍ਰਗੀਤਕ?**

ਕਵਿਤਾ ਦਾ ਖੁੱਲ੍ਹੀ ਜਾਂ ਪ੍ਰਗੀਤਕ ਹੋਣਾ ਕਾਵਿ-ਰੂਪ ਦਾ ਮਸਲਾ ਹੈ, ਤੇ ਕਵਿਤਾ ਵਿਚਲਾ ਖਿਆਲ ਤੇ ਮਸਾਲਾ ਕਵਿਤਾ ਦਾ ਵਿਸ਼ਾ-ਵਸਤੂ ਹੁੰਦਾ ਆ। ਕੋਈ ਵਿਸ਼ਾ-ਵਸਤੂ ਖੁੱਲ੍ਹੀ ਕਵਿਤਾ ਵਿਚ ਜ਼ਿਆਦਾ ਅਸਰਦਾਇਕ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਤੇ ਕੋਈ ਹੋਰ ਵਿਸ਼ਾ-ਵਸਤੂ ਪ੍ਰਗੀਤਕ ਕਵਿਤਾ ਵਿਚ। ਸੋ, ਮੇਰੇ ਵਿਚਾਰ ਅਨੁਸਾਰ, ਕਾਵਿ ਰੂਪ ਆਮ ਤੌਰ 'ਤੇ ਵਿਸ਼ਾ-ਵਸਤੂ ਉੱਪਰ ਨਿਰਭਰ ਕਰਦਾ। ਬਾਕੀ, ਹਰੇਕ ਕਵੀ ਦਾ ਕਵਿਤਾ ਲਿਖਣ ਦਾ ਆਪਣਾ ਹੀ ਢੰਗ ਹੁੰਦਾ (ਜਾਂ ਹੋਣਾ ਚਾਹੀਦਾ) ਜਿਹਨੂੰ ਕਾਵਿ-ਵਿਧੀ ਕਹਿ ਸਕਦੇ ਆਂ; ਇਹ ਕਾਵਿ-ਵਿਧੀ ਅਕਸਰ ਤਜਰਬੇ, ਯਾਨਿ ਞਣਪਞਰਇਨਚਞ, 'ਚੋਂ ਉੱਸਰਦੀ ਆ। ਮੌਲਿਕਤਾ ਪੈਦਾ ਕਰਨ ਲਈ ਕਵੀ ਵਾਸਤੇ ਬੜਾ ਜ਼ਰੂਰੀ ਹੁੰਦਾ ਆ ਕਿ ਉਹ ਆਪਣੀ ਅਲੱਗ ਕਾਵਿ-ਵਿਧੀ ਵਿਕਸਿਤ ਕਰੇ। ਇਹ ਕਾਵਿ-ਵਿਧੀ ਵੀ ਇਸ ਫੈਸਲੇ ਵਿਚ ਰੋਲ ਅਦਾ ਕਰਦੀ ਆ ਕਿ ਕੋਈ ਵਿਸ਼ਾ-ਵਸਤੂ ਖੁੱਲ੍ਹੀ ਕਵਿਤਾ ਦੇ ਜ਼ਿਆਦਾ ਮੇਚ ਆਊ ਜਾਂ ਪ੍ਰਗੀਤਕ ਕਵਿਤਾ ਦੇ।

**ਕਵਿਤਾ ਦਾ ਖ਼ਿਆਲ ਆਉਣ ਤੋਂ ਲੈ ਕੇ ਕਵਿਤਾ ਪੂਰੀ ਤਰ੍ਹਾਂ ਲਿਖਣ ਤੱਕ ਦਾ ਸਫ਼ਰ ਕਿਸ ਤਰ੍ਹਾਂ ਦਾ ਹੈ ਤੁਹਾਡਾ?**

ਬੜਾ ਸੋਹਣਾ ਤੇ ਰੌਚਕ ਸੁਆਲ! ਤੁਸੀਂ ਠੀਕ ਬੁੱਝਿਆ; ਮੇਰੀ ਲਈ ਹਰ 'ਕਵਿਤਾ ਉਸਾਰੀ' ਇੱਕ ਸਫ਼ਰ ਹੈ, ਤੇ ਇਹ ਸਫ਼ਰ ਖ਼ਿਆਲ ਤੋਂ ਸ਼ੁਰੂ ਹੁੰਦਾ ਆ। ਖਿਆਲ ਆਉਣ ਲੱਗਾ ਥਾਂ ਤੇ ਸਮਾਂ ਨਹੀਂ ਵੇਖਦਾ, ਨਾ ਇਸ ਗੱਲ ਦੀ ਪ੍ਰਵਾਹ ਕਰਦਾ ਪਈ ਮੈਂ ਕਿਸ ਹਾਲਤ ਵਿੱਚ ਆ, ਕੀ ਕਰ ਰਿਹਾ, ਜਾਗਦਾ ਜਾਂ ਸੁੱਤਾ, ਇਤਿਆਦਿ। ਮੈਨੂੰ ਜਦ ਖਿਆਲ ਜਾਂ ਕਾਵਿ-ਖਿਆਲ ਆਉਂਦਾ ਤਾਂ ਮੈਂ ਫ਼ਟਾਫੱਟ ਲੈਪਟਾਪ ਚੁੱਕ ਕੇ ਕਵਿਤਾ ਲਿਖਣ ਨਹੀਂ ਲੱਗ ਪੈਂਦਾ। ਬਲਕਿ, ਮੈਂ ਖਿਆਲ ਨਾਲ ਘੁਲਦਾ ਰਹਿੰਦਾ ਹਾਂ ਉਹਦੇ ਵੱਖ ਵੱਖ ਪਹਿਲੂ ਟੋਹਣ ਲਈ, ਤੇ ਇਸ ਖ਼ਿਆਲ ਨੂੰ ਇਹਦੇ ਗੁਆਂਡੀ ਖ਼ਿਆਲਾਂ ਨਾਲ ਲੜਨ ਝਗੜਣ ਦਿੰਦਾ। ਫਿਰ ਕਵਿਤਾ ਸ਼ੁਰੂ ਹੋ ਜਾਂਦੀ ਆ, ਮਨ ਹੀ ਮਨ, ਕਵਿਤਾ ਘੁਲਦਾ ਆ, ਮਨ ਹੀ ਮਨ। ਆਖ਼ਰੀ ਕਦਮ ਆ, ਲੈਪਟਾਪ ਚੁੱਕ ਕੇ ਕਵਿਤਾ ਲਿਖਣੀ ਸ਼ੁਰੂ ਕਰਨਾ। ਖਿਆਲ ਦੀ ਆਮਦ ਤੋਂ ਕਵਿਤਾ ਲਿਖਣ ਦੇ ਸਫ਼ਰ ਦੌਰਾਨ, ਕਈ ਵਾਰ ਜੇ ਨਵ-ਆਏ ਖਿਆਲ ਉੱਪਰ ਬੈਠਾ ਹੀ ਰਹਾਂ, ਉਸ ਉੱਪਰ ਕੰਮ ਸ਼ੁਰੂ ਕਰਨ ਦੀ ਬਜਾਏ, ਤਾਂ ਖ਼ਿਆਲ ਓਡਾਰੀ ਮਾਰ ਜਾਂਦਾ ਆ। ਕਈ ਵਾਰ ਅਜੇਹਾ ਖ਼ਿਆਲ ਵਾਪਸ ਆ ਜਾਂਦਾ, ਕਈ ਵਾਰੀ ਨਹੀਂ:

ਪਤਾ ਨਹੀਂ ਕਿੱਧਰੋਂ ਆਇਆ ਤੇ ਕਿੱਧਰ ਚਲਾ ਗਿਆ ਹੈ
ਉਹ ਮੇਰੇ ਆਸਣ ਦੀਆਂ ਚੂਲ੍ਹਾਂ ਹਿਲਾ ਗਿਆ।
ਨਾ ਮਾਇਆ, ਨਾ ਸ਼ਹੁਰਤ ਮਹਿਜ ਇੱਕ ਖਿਆਲ ਸੀ,
ਚਿੱਕੜ 'ਚੋਂ ਚੁੱਕ ਮੈਨੂੰ 'ਪਰਖਿਆ' ਚੋਟੀ 'ਤੇ ਬਿਠਾ ਗਿਆ।

**ਕਵਿਤਾ ਵਿਚ ਸਿਆਸੀ ਦਖ਼ਲਅੰਦਾਜ਼ੀ ਬਾਰੇ ਤੁਹਾਡਾ ਕੀ ਵਿਚਾਰ ਆ। ਕਵਿਤਾ ਕਦੋਂ ਕਵਿਤਾ ਹੁੰਦੀ ਆ ਤੇ ਕਦੋਂ ਸਿਆਸੀ ਨਾਹਰੇਬਾਜ਼ੀ?**

ਜੇ ਸੋਚੀਏ ਤਾਂ, ਇਹ ਮੁੱਦਾ ਬੜਾ ਸਧਾਰਨ ਤੇ ਸੌਖਾ ਆ। ਸਿਆਸਤ ਕਈ ਵਿਸ਼ਿਆਂ ਵਿੱਚੋਂ ਇਕ ਵਿਸ਼ਾ ਤੇ ਬੜਾ ਮਹੱਤਵਪੂਰਨ ਵਿਸ਼ਾ। ਜੇ ਬਾਕੀ ਦੇ ਵਿਸ਼ੇ ਕਵਿਤਾ ਵਿਚ ਦਖ਼ਲ ਅੰਦਾਜ਼ੀ ਕਰ ਸਕਦੇ ਆ ਤਾਂ ਸਿਆਸਤ ਕਿਉਂ ਨਹੀਂ? ਜੇ ਕਵਿਤਾ ਬਾਕੀ ਵਿਸ਼ਿਆਂ, ਮਿਸਾਲ ਵਜੋਂ ਪਿਆਰ, ਵਿਯੋਗ, ਤੇ ਧਰਮ, ਨੂੰ ਛੋਂਹਦੀ ਹੋਈ ਵੀ ਕਵਿਤਾ ਰਹਿ ਸਕਦੀ ਆ ਤਾਂ ਉਹ ਸਿਆਸਤ ਨੂੰ ਛੋਂਹਦਿਆਂ ਅਚਾਨਕ ਅਕਵਿਤਾ ਕਿਉਂ ਹੋ ਜਾਊ? ਕੁਝ ਤੱਤ ਨੇ ਜੋ ਮਿਲਕੇ ਕਿਸੇ ਰਚਨਾ ਨੂੰ ਕਵਿਤਾ ਬਣਾਉਂਦੇ ਨੇ, ਜਿਵੇਂ ਤੁਕਬੰਦੀ, ਬਿੰਬ, ਅਲੰਕਾਰ, ਤੇ ਮੂਰਤੀਮਾਨਤਾ (ਇਮੇਜਰੀ), ਤੇ ਕਵਿਤਾਉਣ ਦੇ ਢੰਗ ਤੇ ਤਕਨੀਕਾਂ ਆਦਿ;

ਇਸ ਸੱਭ ਕੁਝ ਨੂੰ ਅਸੀਂ ਕਾਵਿ-ਸੰਦ ਕਹਿ ਸਕਦੇ ਹਾਂ। ਕਿਸੇ ਕਵਿਤਾ ਦਾ ਗੁਣਾਤਮਕ ਪੱਧਰ ਇਸ ਪੈਮਾਨਾ ਤੋਂ ਮਿਣਿਆਂ ਜਾਂਦਾ (ਜਾਂ ਮਿਣਿਆਂ ਜਾਣਾ ਚਾਹੀਦਾ) ਕਿ ਕਵੀ ਨੇ ਆਪਣੀ ਗੱਲ ਕਹਿਣ ਲਈ ਹਥਲੀ ਕਵਿਤਾ ਦੇ ਰੂਪ ਤੇ ਵਿਸ਼ੇ 'ਤੇ ਆਧਾਰਿਤ ਉਚਿੱਤ ਤੇ ਢੁੱਕਵੇਂ ਕਾਵਿ-ਸੰਦਾ ਦੀ ਯੋਗ ਵਰਤੋਂ ਕਿੰਨੀ ਨਿਪੁੰਨਤਾ ਨਾਲ ਕੀਤੀ ਆ, ਨਾ ਕਿ ਕਵਿਤਾ ਵਿੱਚ ਸਿਆਸੀ ਅੰਸ਼ ਜਾਂ ਨਾਹਰੇ ਦੀ ਮੌਜ਼ੂਦਗੀ ਜਾਂ ਗੈਰਮੌਜ਼ੂਦਗੀ ਤੋਂ। ਪੰਜਾਬੀ ਕਵਿਤਾ ਦੇ ਬਾਹਲੇ ਆਲੋਚਕਾਂ ਨੇ ਕਵਿਤਾ ਦੀ ਪਹਿਲੀ ਜਮਾਤ ਦਾ ਇਹ ਸਬਕ ਜਾਂ ਪੜ੍ਹਿਆ ਨਹੀਂ ਜਾਂ ਉਹ ਜਾਣਬੁੱਝ ਕੇ ਭੁੱਲ ਜਾਂਦੇ ਆ ਕਿ ਕਵਿਤਾ ਦਾ ਕਾਵਿਕ ਮੁਲਅੰਕਣ ਉਹਦੇ ਵਿਚਲੇ ਵਿਸ਼ੇ ਜਾਂ ਫਲਸਫੇ ਤੋਂ ਨਹੀਂ ਸਗੋਂ ਉਹਦੇ ਵਿਚ ਵਰਤੇ ਗਏ ਕਾਵਿਕ ਤੱਤਾਂ ਤੇ ਕਾਵਿ ਵਿਧੀ ਦੇ ਆਧਾਰ ਤੇ ਕੀਤਾ ਜਾਣਾ ਚਾਹੀਦਾ।

ਇਨ੍ਹਾਂ ਤਕਨੀਕਬਾਜੀਆਂ (technicalities) ਤੋਂ ਇਲਾਵਾ ਵੀ, ਸਿਆਸਤ ਬਹੁਤ ਮਹੱਤਵਪੂਰਨ ਵਿਸ਼ਾ ਆ ਜਿਹਦੇ ਘੇਰੇ ਵਿੱਚ ਦੇਸ਼ਾਂ ਦੀਆਂ ਹਕੂਮਤਾਂ ਅਤੇ ਹਕੂਮਤਾਂ ਤੇ ਰਾਜਨੀਤਿਕ/ਸਮਾਜਿਕ ਪ੍ਰਬੰਧਾਂ ਵਿਰੁੱਧ ਲੜਨ ਸ਼ਕਤੀਆਂ ਵੀ ਆਉਂਦੀਆਂ ਨੇ। ਇੰਝ ਇਹ ਵਿਸ਼ਾ, ਸਿਰਫ਼ ਵਿਸ਼ਵ ਮਹੱਤਤਾ ਵਾਲਾ ਹੀ ਨਹੀਂ, ਸਗੋਂ ਇਸ ਧਰਤੀ 'ਤੇ ਮਨੁੱਖਤਾ ਦਾ ਇਤਿਹਾਸ ਸਿਰਜਣ ਵਿੱਚ ਅਹਿਮ ਰੋਲ ਅਦਾ ਕਰਦਾ ਆ। ਇੰਨੀ, ਜਾਂ ਵੱਧ, ਮਹੱਤਤਾ ਵਾਲਾ ਹੋਰ ਵਿਸ਼ਾ ਸਿਰਫ਼ ਵਿਗਿਆਨ ਹੈ। ਇਸ ਤੋਂ ਇਲਾਵਾ, ਇਹ ਦੋਨੋਂ ਵਿਸ਼ੇ ਬਾਕੀ ਦੇ ਕਰੀਬ ਸਾਰੇ ਵਿਸ਼ਿਆਂ ਨੂੰ ਪ੍ਰਭਾਵਿਤ ਕਰਦੇ ਆ। ਇਸ ਲਈ ਜੇ ਕਵਿਤਾ, ਜਾਂ ਸਾਹਿਤ ਦੇ ਕਿਸੇ ਹੋਰ ਰੂਪ, ਨੇ ਮਨੁੱਖੀ ਪ੍ਰਗਤੀ ਦੇ ਰਾਹ ਉੱਪਰ ਮਾਰਚ ਕਰ ਰਹੇ ਹਰਾਵਲ ਦਸਤੇ ਵਿੱਚ ਸ਼ਾਮਲ ਰਹਿਣਾ, ਜਾਂ ਸ਼ਾਮਲ ਹੋਣਾ, ਤਾਂ ਉਹਨੂੰ ਬਾਕੀ ਵਿਸ਼ਿਆਂ ਦੇ ਨਾਲ ਨਾਲ ਸਿਆਸਤ ਤੇ ਵਿਗਿਆਨ ਨੂੰ ਬੜੀ ਸ਼ਿੱਦਤ ਨਾਲ ਨਿਭਾਉਣਤ ਕਰਨਾ ਪਊ, ਅੱਖੋਂ ਪਰੋਖੇ ਕਰਨ ਦੀ ਥਾਂ।



ਕਿਸਿੱਆਂ ਦੇ ਕੈਦੀ ਰਿਲੀਜ਼ ਸਮਾਗਮ ਦੌਰਾਨ

**ਲੇਖਕ ਦੀ ਪ੍ਰਤੀਬੱਧਤਾ ਬਾਰੇ ਕੀ ਖਿਆਲ ਆ?**

ਨਿਰਭਰ ਕਰਦਾ ਕਿ ਪ੍ਰਤੀਬੱਧਤਾ ਦੀ ਕੀ ਪ੍ਰੀਭਾਸ਼ਾ। ਮੈਂ ਤੁਹਾਨੂੰ ਇੱਕ ਉਦਾਹਰਣ ਦਿੰਨਾ। ਜੇ ਮਨੁੱਖੀ ਤੇ ਕਿਰਤੀ ਹੱਕਾਂ ਦਾ ਝੰਡਾ-ਬਰਦਾਰ ਮਾਨਵਵਾਦੀ ਲੇਖਕ ਆ, ਤੇ ਇਨ੍ਹਾਂ ਹੱਕਾਂ ਦੇ ਖਲਿਾਫ ਭੁਗਤ ਕੋਈ ਸੰਸਥਾ ਜਾਂ ਹਕੂਮਤ ਮੈਨੂੰ ਸਾਹਿਤਕ ਜਾਂ ਹੋਰ ਇਨਾਮ/ਸਨਮਾਨ/ਉਪਾਧੀ ਦੇਣਾ ਚਾਹੇ ਤਾਂ ਮੈਨੂੰ ਸਵੀਕਾਰ ਕਰਨ ਤੋਂ ਸਾਫ਼ ਇਨਕਾਰ ਕਰ ਦੇਣਾ ਚਾਹੀਦਾ। ਇੰਨੀ ਕੁ ਪ੍ਰਤੀਬੱਧਤਾ ਲੇਖਕ ਦੀ ਆਪਣੀ ਰਚਨਾ ਪ੍ਰਤੀ ਤਾਂ ਜ਼ਰੂਰ ਹੋਣੀ ਚਾਹੀਦੀ ਆ। ਅਸੀਂ ਕਈ ਵਾਰੀ ਪ੍ਰਤੀਬੱਧਤਾ ਦੇ ਵਿਸ਼ੇ ਨੂੰ ਲੈ ਕੇ ਲੇਖਕਾਂ ਪ੍ਰਤੀ ਕੁਝ ਜ਼ਿਆਦਾ ਈ ਸਖਤੀ ਵਾਲਾ ਰਵਈਆਂ ਅਖਤਿਆਰ ਕਰਦੇ ਰਹੇ ਆਂ। ਮਿਸਾਲ ਵਜੋਂ, ਜੇ ਕਿਸੇ ਲੇਖਕ ਦੀਆਂ ਲਿਖਤਾਂ ਵਿੱਚਲੀ ਸੋਚ ਕਿਸੇ ਰਾਜਨੀਤਿਕ ਪਾਰਟੀ ਦੀ ਸੋਚ ਨਾਲ ਮੇਲ ਖਾਂਦੀ ਹੋਵੇ, ਤਾਂ ਜ਼ਰੂਰੀ ਨਹੀਂ ਕਿ ਉਹ ਲੇਖਕ ਉਸ ਪਾਰਟੀ ਦਾ ਮੈਂਬਰ ਜਾਂ ਸਰਗਰਮ ਕਰਿੰਦਾ ਬਣੇ। ਜਦੋਂ ਕੋਈ ਲੇਖਕ ਆਪਣਾ ਵਕਤ ਤੇ ਦੀਮਾਗ ਖਰਚ ਕੇ ਕੋਈ ਰਚਨਾ ਸਿਰਜਦਾ, ਇਹ ਆਪਣੇ ਆਪ ਵਿਚ ਇਕ ਪ੍ਰਤੀਬੱਧਤਾ ਆ, ਜਿੰਨਾ ਚਿਰ ਉਹ ਮੁੱਦਿਆਂ ਬਾਰੇ ਲਿਖਣ ਤੇ ਅਮਲੀ ਜਿੰਦਗੀ ਦੇ ਅਭਿਆਸ ਵਿੱਚ ਦਕੀਆਨੂਸੀ ਪਹੁੰਚ ਨਾ ਅਪਣਾਵੇ।

**ਪਿਛੇ ਜਿਹੇ ਕੁਝ ਸਮੇਂ ਲਈ ਪੰਜਾਬੀ ਲੇਖਕਾਂ/ਅਲੋਚਕਾਂ ਦੇ ਇਕ ਖੇਮੇ ਵਲੋਂ ਉਤਰ-ਆਧੁਨਿਕਤਾ ਦੇ ਡੰਕੇ ਬੜੇ ਜ਼ੋਰ ਸ਼ੋਰ ਨਾਲ ਵਜਾਏ ਗਏ। ਇਹਦੇ ਬਾਰੇ ਤੁਹਾਡਾ ਕੀ ਵਿਚਾਰ ਆ?**

ਸੁਆਲ ਪੈਦਾ ਹੁੰਦਾ ਕਿ ਉਤਰ ਆਧੁਨਿਕਤਾ ਹੀ ਕੀ? ਇਸ ਫਲਸਫੇ ਦਾ ਇਕ ਧਰਾਤਲ ਹੈ ਵਿਗਿਆਨ ਦੀ ਗਿਆਨ ਪ੍ਰਾਪਤੀ ਦੀਆਂ ਸੀਮਾਵਾਂ ਤੋਂ ਪੈਦਾ ਹੋਈ ਨਿਰਾਸ਼ਤਾ। ਮੈਂ ਇਸ ਫਲਸਫੇ ਨਾਲ ਸਹਿਮਤ ਹੋਵਾਂ ਜਾਂ ਨਾ, ਪਰ ਇਸ ਗੱਲ ਨਾਲ ਜ਼ਰੂਰ ਸਹਿਮਤ ਹਾਂ ਕਿ ਪੱਛਮ ਵਿਚ ਰੋਜ਼ਾਨਾ ਸਮਾਜਕ ਜ਼ਿੰਦਗੀ ਦੇ ਮਾਨਸਿਕ ਤੇ ਪਦਾਰਥਕ ਖੇਤਰਾਂ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਵਿਗਿਆਨ ਦਾ ਬੜਾ ਮਹੱਤਵਪੂਰਨ ਰੋਲ ਆ; ਇੱਥੋਂ ਤੱਕ ਕਿ ਆਮ ਜਨ-ਸੋਚਣੀ ਵਿੱਚ ਵੀ। ਸੋ, ਉੱਤਕ ਨਿਰਾਸ਼ਾ ਬਿਲਕੁਲ ਅਰਥਹੀਣ ਨਹੀਂ ਹੋ ਸਕਦੀ। ਪਰ ਪੰਜਾਬ ਵਰਗੇ ਸੂਬੇ ਵਿਚ ਜਿੱਥੇ, ਬਾਕੀ ਭਾਰਤ ਵਾਂਗ, ਅਜੇ ਤੱਕ ਵੀ ਜਗੀਰੂ ਕਦਰਾਂ ਕੀਮਤਾਂ ਭਾਰੂ ਨੇ, ਜਿੱਥੇ ਮਾਨਸਿਕ ਤੇ ਪਦਾਰਥਿਕ ਖੇਤਰਾਂ ਵਿਚ ਮੌਜ਼ੂਦਾ ਵਿਗਿਆਨਕ ਗਿਆਨ ਜਾਂ ਤਕਨਾਲੋਜੀ ਦਾ ਬਹੁਤ ਹੀ ਘੱਟ ਲਾਭ ਉਠਾਇਆ ਗਿਆ ਹੈ, ਉੱਥੇ ਵਿਗਿਆਨਕ ਗਿਆਨ ਪ੍ਰਾਪਤੀ ਦੀਆਂ ਸੀਮਾਵਾਂ ਬਾਰੇ ਨਿਰਾਸ਼ਤਾ ਦਾ ਆਧਾਰ ਹੀ ਨਹੀਂ। ਸੋ ਸਪਸ਼ਟ ਆ ਕਿ ਕੁਝ ਲੇਖਕਾਂ/ਅਲੋਚਕਾਂ ਨੇ ਉੱਤਰ ਆਧੁਨਿਕਤਾ ਨੂੰ ਪੱਛਮੀ ਦੇਸ਼ਾਂ 'ਚੋਂ ਨਕਲ ਕੀਤਾ, ਇਹਦਾ ਭਾਰਤ ਵਿਚ ਕੋਈ ਸਮਾਜਕ ਆਧਾਰ ਨਹੀਂ। ਇਸ ਪ੍ਰਸੰਗ ਵਿੱਚ ਸੁਆਲ ਪੁੱਛਣਾ ਬਣਦਾ ਕੀ ਪੰਜਾਬੀ ਸਾਹਿਤਕਾਰਾਂ ਨੇ ਪ੍ਰਾਪਤ ਵਿਗਿਆਨਕ ਗਿਆਨ ਦਾ ਪੂਰਾ ਲਾਭ ਉਠਾ ਲਿਆ ਆ? ਇਸ ਗਿਆਨ ਨੂੰ ਉਨ੍ਹਾਂ ਕਿਸੇ ਵੀ ਤਰਾਂ ਕਿਸੇ ਵੀ ਸੰਦਰਭ ਵਿਚ ਆਪਣੀਆਂ ਰਚਨਾਵਾਂ ਵਿਚ ਕਿੰਨਾ ਕੁ ਅਪਣਾਇਆ? ਜੁਆਬ ਹੈ: ਕਰੀਬ ਸਿਫ਼ਰ ਜਾਂ ਆਟੇ ਵਿੱਚ ਲੂਣ ਬਰਾਬਰ। ਉਤਰ ਆਧੁਨਿਕਤਾ ਦੀ ਕਵਿਤਾ ਅਮਰੀਕਾ ਵਿਚ 1950 ਵਿਚ ਸ਼ੁਰੂ ਹੋ ਗਈ ਸੀ। ਕਰੀਬ ਪੌਣੀ ਸਦੀ ਬਾਅਦ ਹੁਣ ਹਿੰਦੋਸਤਾਨ ਵਰਗੇ ਦੇਸ਼ ਵਿਚ ਜਿੱਥੇ ਅਜੇ ਪੂਰੀ ਤਰਾਂ ਆਧੁਨਿਕਤਾ ਵੀ ਨਹੀਂ ਆਈ, ਉੱਥੇ ਅੱਜ ਜਾਂ ਅੱਜ ਤੋਂ ਪਹਿਲਾਂ ਉਤਰ ਆਧੁਨਿਕਤਾ ਦਾ ਰਾਮ-ਰੌਲਾ ਸੁਣ ਕੇ ਮੇਰਾ ਤਾਂ ਚੁੱਪ ਰਹਿਣ ਜਾਂ ਰੋਣ ਨੂੰ ਹੀ ਜੀਅ ਕਰੇਗਾ। ਇਹ ਵਰਤਾਰਾ ਵੀ ਮਿਆਰੀ ਮਾਪ-ਦੰਡਾਂ ਦੇ ਆਧਾਰ 'ਤੇ ਗੰਭੀਰ ਅਲੋਚਨਾ ਦੀ ਥਾਂ ਫ਼ਤਵੇਬਾਜ਼ੀਆਂ, ਧੜੇਬੰਦੀਆਂ, ਤੇ ਯਾਰ ਪੂਜਾ ਵਾਲੀ ਅਲੋਚਨਾ ਦੀ ਹੀ ਇਕ ਹੋਰ ਉਦਾਹਰਣ ਹੈ।

**ਭਾਵੇਂ ਤੁਸੀਂ ਪੰਜਾਬੀ ਸਾਹਿਤ ਦੀ ਸਥਾਪਤੀ ਤੇ ਆਲੋਚਕਾਂ ਦੀਆਂ ਨਜ਼ਰਾਂ ਤੋਂ ਅਕਸਰ ਬਚਦੇ ਰਹੇ ਹੋ, ਪਰ ਜਿਹਨੂੰ ਤੁਸੀਂ ਉੱਨੀ ਸੌ 70ਵਿਆਂ ਦੇ ਪੰਜਾਬ ਦੀ ਮਿੰਨੀ 'ਸਾਹਿਤਕ ਸੱਭਿਆਚਾਰਕ ਰੇਨਾਸਾਂਸ ਲਹਿਰ' ਦਾ ਕੇਂਦਰੀ 'ਰੇਨਾਸਾਂਸ ਮੈਨ' ਕਹਿੰਦੇ ਓਂ, ਉਹਦੀ ਨਜ਼ਰ ਤੋਂ ਨਾ ਬਚ ਸਕੇ। "ਕਿੱਸਿਆਂ ਦੇ ਕੈਦੀ" ਕਾਵਿ ਸੰਗ੍ਰਹਿ 'ਤੇ ਟਿੱਪਣੀ ਕਰਦੇ ਹੋਏ ਆਪਣੇ 12 ਅਪਰੈਲ 1997 ਦੇ 'ਇਹੁ ਹਮਾਰਾ ਜੀਵਣਾ' ਕਾਲਮ ਵਿੱਚ ਭਾਅ ਜੀ ਗੁਰਸ਼ਰਨ ਸਿੰਘ ਹੁਣਾਂ ਤੁਹਾਡੀ "ਕਵਿਤਾ ਨੂੰ ਇਕ ਇਤਿਹਾਸਕ ਘਟਨਾ ਸਵੀਕਾਰ" ਕੀਤਾ ਸੀ। ਫਿਰ ਵੀ, "ਕਿੱਸਿਆਂ ਦੇ ਕੈਦੀ" ਤੋਂ ਸ਼ੁਰੂ ਹੋ ਕੇ ਤੁਹਾਡੀ ਕਵਿਤਾ ਤੇ ਲੇਖਾਂ ਵਿਚ ਪੰਜਾਬੀ ਵਿਰਸੇ ਦੇ 'ਪਿਛਾਂਹ ਖਿਚੂ' ਪੱਖਾਂ ਦੀ ਬੜੀ ਭੰਡੀ ਆ। ਕਈ ਵਾਰ ਤਾਂ ਪੜ੍ਹਨ ਵਾਲੇ ਨੂੰ ਇੰਝ ਲੱਗਣ ਸਕਦਾ ਕਿ ਜਿਵੇਂ ਤੁਹਾਨੂੰ ਪੰਜਾਬੀ ਵਿਰਸੇ ਦਾ 'ਅਗਾਂਹ ਵਧੂ' ਪੱਖ ਦਿਸਦਾ ਈ ਨਾ ਹੋਵੇ। ਇਹਦੇ ਬਾਰੇ ਕੁਝ ਕਹੋਗੇ?**

ਦੋਖੋ ਸੋਢੀ ਜੀ, ਗੱਲ ਬੜੀ ਆਸਾਨ ਤੇ ਕੁਦਰਤੀ ਆ, ਅੱਜ ਵਿਚ ਜੀਣ ਦਾ ਅਰਥ ਹੈ ਕੱਲ੍ਹ ਨੂੰ ਵਿਦਾ ਕਰਕੇ ਭਲਕ ਵੱਲ ਨੂੰ ਕਦਮ ਪੁੱਟਣਾ। ਜੋ ਸਮਾਜ ਇਹ ਕਦਮ ਪੁੱਟਣ ਤੋਂ ਇਨਕਾਰੀ ਹੋ ਜਾਂਦਾ, ਉਹ ਚੱਲਦੇ ਫਿਰਦੇ ਮੁਰਦਿਆਂ ਦਾ ਸਮਾਜ ਹੋ ਕੇ ਰਹਿ ਜਾਂਦਾ। ਮੇਰੀ ਕਵਿਤਾ ਦਾ ਇਕ ਲਕਸ਼ ਆਂ ਪੰਜਾਬੀ ਬੰਦੇ ਨੂੰ ਇਹ ਕਦਮ ਚੁੱਕਣ ਤੇ ਚੁੱਕਦੇ ਲਈ ਹੁੱਝਾਂ ਮਾਰਨੀਆਂ। ਵਿਰਸੇ ਦੇ ਚੰਗੇ/ਮਾੜੇ, ਜਾਂ ਅਗਾਂਹ ਵਧੂ /ਪਿਛਾਂਹ ਖਿਚੂ ਪੱਖਾਂ ਦੀਆਂ ਸਿਫਤਾਂ ਬਥੇਰੀ ਕੀਤੀਆਂ ਜਾ ਚੁੱਕੀਆਂ ਆ ਤੇ ਬਥੇਰੀਆਂ ਕੀਤੀਆ ਜਾ ਰਹੀਆਂ ਆ, ਬਥੇਰਿਆਂ ਵਲੋਂ। ਪੰਜਾਬੀ ਸਾਹਿਤ ਵਿਚ ਘਾਟ ਰਹੀ ਆ ਪੰਜਾਬੀ ਵਿਰਸੇ ਤੇ ਸੁਭਾਅ ਦੇ ਪਿਛਾਂਹ ਖਿੱਚੂ ਕਿਰਦਾਰ ਉੱਪਰ ਉਂਗਲੀ ਧਰਨ ਦੀ। ਸ਼ਿਵ ਕੁਮਾਰ ਦੀ "ਲੂਣਾ" ਵਰਗੇ ਉਂਗਲਾਂ ਤੇ ਗਿਣੇ ਜਾਣ ਯੋਗੇ ਯਤਨ ਨੇ ਜਿਨ੍ਹਾਂ ਨੇ ਪੰਜਾਬੀ ਬੰਦੇ ਦੀ ਭੂਤਮੁੱਖੀ ਜਗੀਰੂ ਹਾਂ ਅਰਧ-ਜਾਗੀਰੂ ਸੋਚ ਨੂੰ ਚੁਣੌਤੀ ਦਿੱਤੀ ਅਗਾਂਹ ਵਧੂ ਦਿਸ਼ਾ ਵਿੱਚ। ਜੇ ਅਸੀਂ ਆਪਣੀਆਂ ਕਮਜ਼ੋਰੀਆਂ ਤੇ ਬੇਪ੍ਰਵਾਹੀਆਂ ਨੂੰ ਏਦਾਂ ਹੀ ਵਡਿਆਉਂਦੇ ਰਹੇ, ਪੂਰਨ ਸਿੰਘ ਦੇ "ਬੇਪ੍ਰਵਾਹ ਜਵਾਨ ਪੰਜਾਬ ਦੇ" ਬਣ ਕੇ ਤਾਂ ਅੰਦਰੋਂ ਹੋਰ ਹੋਰ ਖੋਖਲੇ ਹੁੰਦੇ ਜਾਵਾਂਗੇ। ਭਾਵੇਂ ਢਾਡੀ ਜਥੇ ਜਿੰਨਾ ਮਰਜ਼ੀ ਜ਼ੋਰ ਲਾ ਲੈਣ, ਇਤਿਹਾਸਕ ਹਾਰਾਂ ਨੂੰ ਜਿੱਤਾਂ ਬਣਾ ਬਣਾ ਕੇ ਪੇਸ਼ ਕਰਨ ਨਾਲ ਕੋਈ ਵੀ ਕੌਮ ਬਹਾਦਰ ਜਾਂ ਜੇਤੂ ਨਹੀਂ ਬਣ ਜਾਂਦੀ, ਸਗੋਂ ਭਵਿਖ ਵਿਚ ਆਪਣੀ ਹਾਰ ਦੇ ਬੀਜ ਈ ਬੀਜਦੀ ਆ। ਮੇਰੀ ਕਵਿਤਾ ਤੇ ਗ਼ਦ ਰਚਨਾ ਦਾ ਇਕ ਲਕਸ਼ ਆ ਪੰਜਾਬੀ ਬੰਦੇ ਨੂੰ ਆਪਣੇ ਇਤਿਹਾਸ, ਗਿਆਨ, ਤੇ ਵਿਸ਼ਵਾਸ਼ ਪ੍ਰਬੰਧ ਦੀ ਪਰਖ਼ ਪੜਤਾਲ ਲਈ ਉਤਸ਼ਾਹਤ ਕਰਨਾ ਜਾਂ ਉਕਸਾਉਣਾ। ਗੁਫ਼ਾ/ਜੰਗਲ ਤੋਂ ਚੱਲ ਕੇ ਅੱਜ ਤੱਕ ਪਹੁੰਚਣ ਲਈ ਮਨੁੱਖ ਨੇ ਬੜਾ ਲੰਬਾ ਪੈਂਡਾ ਤਹਿ ਕੀਤਾ ਆ। ਕਈ ਯੁਗ ਪਲਟਾਊ ਇਨਕਲਾਬਾਂ 'ਚੀਂ ਲੰਘਣ ਤੋਂ ਬਾਅਦ ਅੱਜ ਉਹ ਸੂਚਨਾ ਇਨਕਲਾਬ ਵਿਚੀਂ ਗੁਜ਼ਰ ਰਿਹਾ। ਇਸ ਇਨਕਲਾਬ ਦੀ ਅਸਰ ਸ਼ਕਤੀ ਤੇ ਅਸਰ ਘੇਰਾ ਇਸ ਧਰਤੀ ਉਪਰ ਪਹਿਲਾਂ ਹੋਏ ਕਿਸੇ ਵੀ ਇਨਕਲਾਬ ਨਾਲੋਂ ਕਿਤੇ ਵੱਧ ਹੋਣਾ; ਜਿਵੇਂ ਮੈਂ ਮੇਰੀ ਪਿਛਲੀ ਗੱਲਬਾਤ ਦੌਰਾਨ ਕਿਹਾ ਸੀ ਕਿ ਇਸ ਇਨਕਲਾਬ ਨਾਲ "ਆਦਮੀ ਨੇ ਸੂਚਨਾ ਯੁਗ ਵਿਚ ਦਾਖਲ ਹੋ ਜਾਣਾ ਤੇ ਸਾਰੀ ਦੁਨੀਆਂ ਨੇ ਇਕ ਪਿੰਡ ਵਿਚ ਬਦਲ ਜਾਣਾ। ਜੇ ਤੁਸੀਂ ਇਸ ਪਿੰਡ ਵਿਚ ਕਮਲ ਕੁੱਟਿਆ ਤਾਂ ਉਹਦੀ ਭੰਡੀ ਇਕ ਗਲੀ ਵਿਚ ਜਾਂ ਪਿੰਡ ਦੇ ਇਕ ਪਾਸੇ ਨਹੀਂ ਹੋਣੀ ਸਗੋਂ ਸਾਰੇ ਸੰਸਾਰ ਵਿਚ ਹੋਣੀ ਆਂ।" ਇਸ ਯੁਗ ਦੇ ਹਾਣ ਦਾ ਹੋਣ ਲਈ ਪੰਜਾਬੀ ਬੰਦੇ ਨੂੰ ਆਪਣੀ ਮਾਨਸਿਕਤਾ ਵਿਚ ਝੂਲ ਰਹੀਆਂ ਰਜਵਾੜਾਸ਼ਾਹੀ ਦੀਆਂ ਕਲਗੀਆਂ ਤੇ ਨੱਚ ਰਹੀਆਂ ਗ਼ੁਲਾਮੀ ਦੀਆਂ ਪੂਛਾਂ ਦੋਵਾਂ ਵਿਰੁਧ ਇਕ ਲੜਾਈ ਲੜਨੀ ਪੈਣੀ ਆਂ। ਮੇਰੀ ਕਵਿਤਾ ਦੇ ਗ਼ਦ ਦਾ ਇੱਕ ਲਕਸ਼ ਆ ਇਸ ਲੜਾਈ ਲਈ ਪੰਜਾਬੀ ਬੰਦੇ ਨੂੰ ਉਤਸ਼ਾਹਤ ਕਰਨਾ, ਮੇਰੇ ਸਮੇਤ।

**ਸੰਨ 2004 ਵਿੱਚ 'ਚੇਤਨਾ ਪ੍ਰਕਾਸ਼ਨਾ' ਵਲੋਂ ਤੁਹਾਡੇ ਕਾਵਿ-ਸੰਗ੍ਰਹਿ 'ਭੂਤ ਨਗਰੀ' ਦੀ ਪ੍ਰਕਾਸ਼ਨਾ ਤੋਂ ਬਾਅਦ ਤੁਹਾਡੀ ਅਗਲੀ ਕਿਤਾਬ ਪ੍ਰਕਾਸ਼ਤ ਹੁੰਦੀ ਹੈ 2020 ਵਿੱਚ, ਪੰਜਾਬ ਪੀਪਲਜ਼ ਫ਼ੋਰਮ ਵਲੋਂ, 'ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ (ਯੂਰਪੀਅਨ ਰੇਨਾਸਾਂਸ ਦੇ ਪ੍ਰਸੰਗ ਵਿੱਚ)', ਗ਼ਦ ਦੇ ਖ਼ੇਤਰ 'ਚੇ, ਪਰ ਕਵਿਤਾ ਦੀ ਕੋਈ ਕਿਤਾਬ 2004 ਤੋਂ ਬਾਅਦ ਅਜੇ ਤੱਕ ਵੀ ਨਹੀਂ ਆਈ, ਭਾਵੇਂ ਕਿ ਤੁਹਾਡੀਆਂ ਨਵੀਂਆਂ ਕਵਿਤਾਵਾਂ ਇੱਧਰ ਉੱਧਰ ਛਪਦੀਆਂ ਰਹਿੰਦੀਆਂ ਨੇ। ਕਿਤਾਬੀ ਰੂਪ ਵਿੱਚ ਕਾਵਿ-ਸੰਗ੍ਰਹਿ ਪ੍ਰਕਾਸ਼ਨਾ ਤੋਂ ਇੰਨੀ ਲੰਬੀ ਛੁੱਟੀ ਦਾ ਕਾਰਣ?**

ਕਿਤਾਬ 'ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ (ਯੂਰਪੀਅਨ ਰੇਨਾਸਾਂਸ ਦੇ ਪ੍ਰਸੰਗ ਵਿੱਚ)' ਤਾਂ ਪ੍ਰਕਾਸ਼ਤ ਹੋ ਗਈ ਕਿਉਂਕਿ ਉਹਨੂੰ 'ਅਸਲੀ ਪ੍ਰਕਾਸ਼ਕ' ਲੱਭ ਪਿਆ 'ਪੰਜਾਬ ਪੀਪਲਜ਼ ਫ਼ੋਰਮ' ਦੇ ਰੂਪ ਵਿੱਚ। ਕਵਿਤਾ ਲਿਖਣੀ ਵੀ ਬੰਦ ਨਹੀਂ ਹੋਈ। ਤਿੰਨ ਕਾਵਿ ਸੰਗ੍ਰਿਹਾਂ ਦੇ ਖਰੜੇ ਤਿਆਰ ਪਏ ਨੇ ਪ੍ਰਕਾਸ਼ਤ ਹੋਣ ਲਈ: ਖੁੱਲ੍ਹੀ ਕਵਿਤਾ ਦਾ, ਪ੍ਰਗੀਤਕ ਲਗੂ ਕਵਿਤਾ, ਤੇ ਪ੍ਰਗੀਤਕ ਆਮ-ਆਕਾਰ ਕਵਿਤਾ ਦਾ। ਜਦੋਂ ਇਨ੍ਹਾਂ ਕਾਵਿ ਸੰਗ੍ਰਿਹਾਂ ਲਈ ਕੋਈ 'ਅਸਲੀ ਪ੍ਰਕਾਸ਼ਕ' ਮਿਲ ਗਿਆ ਤਾਂ ਜ਼ਰੂਰ ਪ੍ਰਕਾਸ਼ਤ ਹੋਣਗੇ; 'ਪੀਪਲਜ਼ ਫ਼ੋਰਮ' ਵਾਲਿਆਂ ਦੇ ਪ੍ਰਕਾਸ਼ਕੀ ਘੇਰੇ ਵਿੱਚ ਕਵਿਤਾ ਆਮ ਤੌਰ 'ਤੇ ਨਹੀਂ ਆਉਂਦੀ।

**'ਅਸਲੀ ਪ੍ਰਕਾਸ਼ਕ' ਤੋਂ ਤੁਹਾਡਾ ਕੀ ਮਤਲਬ?**

ਪੰਜਾਬੀ ਵਿੱਚ ਆਮ ਲੇਖਕਾਂ ਲਈ ਬਾਹਲੇ, ਜੇ ਸਾਰੇ ਨਹੀਂ, ਤਥਾ-ਕਥਿਕ ਪ੍ਰਕਾਸ਼ਕ ਅਸਲੋਂ 'ਮਹਿੰਗੇ' ਵਾਲੇ ਛਾਪਕ ਹੀ ਹੁੰਦੇ ਨੇ ਜੋ ਪ੍ਰਕਾਸ਼ਕ ਹੋਣ ਢੌਂਗ ਰਚਾ ਕੇ ਲੇਖਕ ਕੋਲੋਂ ਪੇਸੇ ਭੋਟ ਕੇ 'ਮਹਿੰਗੇ' ਭਾਅ 'ਉਹਦੇ ਹਿੱਸੇ ਦੀਆਂ' ਕਿਤਾਬ ਦੀਆਂ ਕਾਪੀਆਂ ਛਪਾ ਕੇ "ਆ ਕੇ ਚੁੱਕ ਲੈ ਜਾਓ" ਦਾ ਸੁਨੇਹਾ ਘੱਲ ਦਿੰਦੇ ਆ, ਪਰ ਪਾਠਕ ਤੱਕ ਕਿਤਾਬ ਪਹੁੰਚਾਉਣ ਲਈ ਕੋਈ ਗੰਭੀਰ ਜਾਂ ਅਸਰਦਾਇਕ ਯਤਨ ਤੱਕ ਵੀ ਨਹੀਂ ਕਰਦੇ। ਐਸੇ 'ਨਕਲੀ ਪ੍ਰਕਾਸ਼ਕ' ਕਿਸੇ ਵੀ ਲੇਖਕ ਦੀ ਕੋਈ ਵੀ ਕਿਤਾਬ ਛਾਪ ਦੇਣਗੇ ਕਿਉਂਕਿ ਉਨ੍ਹਾਂ ਨੇ ਛਪਾਈ ਵਿੱਚ ਹੀ ਮੁਨਾਫ਼ਾ ਕਮਾਉਣਾ ਹੁੰਦਾ ਹੈ, ਲੇਖਕ ਤੋਂ ਉਗਾਰਾਹੇ ਪੈਸਿਆਂ 'ਚੋਂ, ਕਿਤਾਬ ਪਾਠਕਾਂ ਤੱਕ ਤਾਂ ਪਹੁੰਚਾਉਂਣੀ ਹੀ ਨਹੀਂ ਹੁੰਦੀ। ਪਹੁੰਚਾਉਂਦੇ ਵੀ ਨੇ, ਪਰ ਕੇਵਲ ਆਪਣੇ ਚਹੇਤੇ ਲੇਖਕਾਂ ਦੀਆਂ ਕਿਤਾਬਾਂ ਹੀ, ਬਾਕੀ ਲੇਖਕਾਂ ਨੂੰ ਲੁੱਟਦੇ ਨੇ ਆਪਣੀ ਪ੍ਰਾਕਾਸ਼ਕੀ ਦੇ ਨਾਂ ਉੱਤੇ।

– ਚਲਦਾ

ਸਰੀ ਵਿੱਚ ਪੰਜਾਬੀਆਂ ਦੀ ਸ਼ਾਨ

FIX'N GO
auto service
Specialized European Cars

» Maintenance
» Oil Change
» Service & Repair
» Tire Service
» AC/Heating
» Transmission Repair

ਸਾਡੇ ਪਾਸ ਤਜ਼ਰਬੇਕਾਰ ਮਕੈਨਿਕ ਹਨ, ਗੱਡੀਆਂ ਦੀ ਤਸੱਲੀਬਖਸ਼ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ



JAS SANDHU

604-825-4545
604-598-9111

107-13302 76 AVE, SURREY

ਸਾਡੀ ਦੂਜੀ ਲੋਕੇਸ਼ਨ 205-13395-76 Ave Surrey

# ਪੰਜਾਬੀਆਂ ਨੂੰ ਕੌਮਾਂਤਰੀ ਪ੍ਰਵਾਸ ਦਾ ਕੀ ਲਾਭ ਹੋਇਆ ਤੇ ਕੀ ਗੁਆਇਆ?

ਲੇਖਕ : ਡਾ. ਗਿਆਨ ਸਿੰਘ
ਸਰਵੇਖਣ ਰਿਪੋਰਟ

ਗ਼ੈਰ-ਖੇਤੀਬਾੜੀ ਖੇਤਰਾਂ ਦੀ ਰੁਜ਼ਗਾਰ-ਰਹਿਤ ਪ੍ਰਗਤੀ ਕਾਰਨ ਸੂਬੇ ਦੇ ਲੋਕਾਂ, ਖ਼ਾਸ ਕਰ ਕੇ ਨੌਜਵਾਨਾਂ ਵਿਚ ਆਪਣੇ ਦੇਸ਼ ਅਤੇ ਸੂਬੇ ਲਈ ਬੇਰੁਖੀ ਹੋਣ ਕਰ ਕੇ ਉਹ ਬਾਹਰਲੇ ਦੇਸ਼ਾਂ ਵਿਚ ਜਾਣ ਲਈ ਬਹੁਤ ਹੀ ਉਤਾਵਲੇ ਰਹਿੰਦੇ ਹਨ।ਕੈਨੇਡਾ, ਯੂਰਪ, ਯੂ.ਐੱਸ.ਏ. ਅਤੇ ਯੂ.ਕੇ. ਵੱਡੇ ਪੱਧਰ ਉੱਤੇ ਭਾਰਤੀਆਂ ਦੇ ਪਸੰਦੀਦਾ ਟਿਕਾਣੇ ਹਨ। ਇਨ੍ਹਾਂ ਦੇਸ਼ਾਂ ਵਿਚ ਜਾਣ ਲਈ ਪੰਜਾਬੀ ਉਤਾਵਲੇ ਹੋਏ ਪਏ ਹਨ। ਜਦੋਂ ਪ੍ਰਵਾਸੀ ਭਾਰਤੀ ਪੰਜਾਬ ਆਉਂਦੇ ਅਤੇ ਇੱਥੋਂ ਦੇ ਲੋਕਾਂ ਨੂੰ ਆਪਣੀ ਬਦਲੀ ਹੋਈ ਜੀਵਨ ਸ਼ੈਲੀ ਦਿਖਾਉਂਦੇ ਹਨ ਤਾਂ ਉਨ੍ਹਾਂ ਵਿਚੋਂ ਇਕ ਬਹੁਤ ਹੀ ਵੱਡੀ ਗਿਣਤੀ ਵਿਚ ਲੋਕ ਬਾਹਰਲੇ ਦੇਸ਼ਾਂ ਵਿਚ ਜਾਣ ਦਾ ਮਨ ਬਣਾ ਲੈਂਦੇ ਹਨ। ਇਸ ਤੋਂ ਇਲਾਵਾ ਸੂਬੇ ਦੇ ਪੱਧਰ ਉੱਤੇ ਸਮਾਜਿਕ-ਆਰਥਿਕ ਖੇਤਰਾਂ ਵਿਚ ਵਖਰੇਵੇਂ ਵੀ ਕੌਮਾਂਤਰੀ ਪ੍ਰਵਾਸ ਦੀਆਂ ਪ੍ਰਵਿਰਤੀਆਂ ਨੂੰ ਵਧਾਉਂਦੇ ਹਨ। ਅਜੋਕੇ ਸਮੇਂ ਵਿਚ ਪੰਜਾਬੀ ਵਿਦੇਸ਼ਾਂ ਦੇ ਕੋਨੇ-ਕੋਨੇ ਵਿਚ ਵਸੇ ਹੋਏ ਹਨ। ਇਸ ਲੇਖ ਵਿਚ ਪੇਂਡੂ ਪੰਜਾਬ ਤੋਂ ਕੌਮਾਂਤਰੀ ਪ੍ਰਵਾਸ ਦੇ ਵੱਖ-ਵੱਖ ਮਹੱਤਵਪੂਰਨ ਪਹਿਲੂਆਂ ਦਾ ਵਿਸ਼ਲੇਸ਼ਣ ਕਰਨ ਦਾ ਇਕ ਯਤਨ ਕੀਤਾ ਗਿਆ ਹੈ, ਜਿਹੜਾ ਲੇਖਕ (ਡਾ. ਗਿਆਨ ਸਿੰਘ), ਡਾ. ਧਰਮਪਾਲ, ਡਾ. ਗੁਰਿੰਦਰ ਕੌਰ, ਡਾ. ਰੁਪਿੰਦਰ ਕੌਰ, ਡਾ. ਸੁਖਵੀਰ ਕੌਰ ਅਤੇ ਡਾ. ਜੋਤੀ ਦੁਆਰਾ ਪੰਜਾਬ ਵਿਚੋਂ ਕੌਮਾਂਤਰੀ ਪ੍ਰਵਾਸ ਸੰਬੰਧੀ ਕੀਤੇ ਗਏ ਇਕ ਸਰਵੇਖਣ ਉੱਪਰ ਆਧਾਰਿਤ ਹੈ। ਇਸ ਸਰਵੇਖਣ ਲਈ ਮਾਝੇ ਦੇ ਚਾਰ ਜ਼ਿਲ੍ਹਿਆਂ ਵਿਚੋਂ ਦੋ ਜ਼ਿਲ੍ਹੇ-ਅੰਮ੍ਰਿਤਸਰ ਅਤੇ ਗੁਰਦਾਸਪੁਰ, ਦੁਆਬੇ ਦੇ ਚਾਰ ਜ਼ਿਲ੍ਹਿਆਂ ਵਿਚੋਂ ਦੋ ਜ਼ਿਲ੍ਹੇ - ਜਲੰਧਰ ਅਤੇ ਹੁਸ਼ਿਆਰਪੁਰ ਅਤੇ ਮਾਲਵੇ ਦੇ ਪੰਦਰਾਂ ਜ਼ਿਲ੍ਹਿਆਂ ਵਿਚੋਂ ਅੱਠ ਜ਼ਿਲ੍ਹੇ - ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਲੁਧਿਆਣਾ, ਮੋਗਾ, ਪਟਿਆਲਾ, ਸੰਗਰੂਰ ਅਤੇ ਸ੍ਰੀ ਮੁਕਤਸਰ ਸਾਹਿਬ ਚੁਣੇ ਗਏ ਸਨ। ਚੁਣੇ ਹੋਏ ਜ਼ਿਲ੍ਹਿਆਂ ਦੇ ਹਰੇਕ ਕਮਿਊਨਿਟੀ ਵਿਕਾਸ ਬਲਾਕ ਵਿਚੋਂ ਇਕ ਪਿੰਡ ਨੂੰ ਗ਼ੈਰ-ਵਿਵਸਥਾ ਢੰਗ ਨਾਲ ਚੁਣਿਆ ਗਿਆ। ਇਸ ਤਰ੍ਹਾਂ ਸਰਵੇਖਣ ਲਈ ਕੁੱਲ 98 ਪਿੰਡ ਚੁਣੇ ਗਏ, ਜਿਨ੍ਹਾਂ ਵਿਚ ਮਾਝੇ ਦੇ 20, ਦੁਆਬੇ ਦੇ 21 ਅਤੇ ਮਾਲਵੇ ਦੇ 57 ਪਿੰਡ ਹਨ। ਇਹ ਸਰਵੇਖਣ 1951 ਤੋਂ 2021 ਦਰਮਿਆਨ ਦੇ ਸਮੇਂ ਨਾਲ ਸੰਬੰਧਿਤ ਹੈ। ਪੇਂਡੂ ਪੰਜਾਬ ਵਿਚੋਂ ਕੁੱਲ 2597 ਪਰਿਵਾਰਾਂ ਤੋਂ ਅੰਕੜੇ ਇਕੱਠੇ ਕੀਤੇ ਗਏ।

1956 ਤੋਂ 2021 ਦਰਮਿਆਨ ਵਿਦੇਸ਼ਾਂ ਵਿਚ ਪ੍ਰਵਾਸ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ ਮਾਝੇ ਵਿਚ 358, ਦੁਆਬੇ ਵਿਚ 947 ਅਤੇ ਮਾਲਵੇ ਵਿਚ 1292 ਪਾਈ ਗਈ। ਇਨ੍ਹਾਂ ਪਰਿਵਾਰਾਂ ਵਿਚੋਂ ਪ੍ਰਵਾਸ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਕ੍ਰਮਵਾਰ 362, 1023 ਅਤੇ 1403 ਸੀ ਜਿਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕੁਝ ਪਰਿਵਾਰਾਂ ਵਿਚੋਂ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ ਹੈ। ਮਾਝੇ ਵਿਚ ਬਹੁ-ਗਿਣਤੀ ਪਰਿਵਾਰਾਂ (98.88 ਫ਼ੀਸਦੀ) ਵਿਚੋਂ ਇਕੱਲੇ ਵਿਅਕਤੀ ਅਤੇ ਬਾਕੀ ਦੇ 1.12 ਫ਼ੀਸਦੀ ਪਰਿਵਾਰਾਂ ਵਿਚੋਂ ਦੋ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ। ਦੁਆਬੇ ਦੇ ਦੋ-ਤਿਹਾਈ ਤੋਂ ਥੋੜ੍ਹੇ ਘੱਟ ਪਰਿਵਾਰਾਂ (64.63 ਫ਼ੀਸਦੀ) ਵਿਚੋਂ ਇਕੱਲੇ ਵਿਅਕਤੀ, 15.63 ਫ਼ੀਸਦੀ ਪਰਿਵਾਰਾਂ ਵਿਚੋਂ ਦੋ ਵਿਅਕਤੀਆਂ, 3.91 ਫ਼ੀਸਦੀ ਪਰਿਵਾਰਾਂ ਵਿਚੋਂ ਤਿੰਨ ਵਿਅਕਤੀਆਂ ਅਤੇ ਬਾਕੀ ਦੇ 0.11 ਫ਼ੀਸਦੀ ਪਰਿਵਾਰਾਂ ਵਿਚੋਂ ਚਾਰ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ। ਇਸੇ ਤਰ੍ਹਾਂ, ਮਾਲਵੇ ਵਿਚੋਂ 64.32 ਫ਼ੀਸਦੀ ਪਰਿਵਾਰਾਂ ਵਿਚੋਂ ਇਕੱਲੇ ਵਿਅਕਤੀ ਅਤੇ ਬਾਕੀ ਦੇ 35.68 ਫ਼ੀਸਦੀ ਪਰਿਵਾਰਾਂ ਵਿਚੋਂ ਇਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ। ਇਸ ਤੋਂ ਇਲਾਵਾ, ਦੁਆਬੇ ਅਤੇ ਮਾਲਵੇ ਦੇ ਸਰਵੇਖਣ ਕੀਤੇ ਗਏ ਕੁੱਲ ਪਰਿਵਾਰਾਂ ਵਿਚੋਂ ਕ੍ਰਮਵਾਰ 15.73 ਅਤੇ 15.79 ਫ਼ੀਸਦੀ ਪੂਰੇ ਪਰਿਵਾਰ ਹੀ ਬਾਹਰਲੇ ਦੇਸ਼ਾਂ ਵਿਚ ਪ੍ਰਵਾਸ ਕਰ ਗਏ।

ਭਾਵੇਂ ਜਾਤੀ ਅਤੇ ਪ੍ਰਵਾਸ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ, ਪਰ ਇਹ ਅਸਿੱਧੇ ਤੌਰ ਉੱਤੇ ਇਕ-ਦੂਜੇ ਨਾਲ ਜੁੜੇ ਹੋਏ ਹਨ। ਪ੍ਰਵਾਸ ਉੱਤੇ ਜਾਤੀ ਦਾ ਪ੍ਰਭਾਵ ਪਰਿਵਾਰ ਦੀ ਆਰਥਿਕ ਸਥਿਤੀ ਨਾਲ ਪੈਦਾ ਹੁੰਦਾ ਹੈ। ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 83.7 ਫ਼ੀਸਦੀ ਜਨਰਲ ਵਰਗ ਨਾਲ ਸੰਬੰਧਿਤ ਸਨ, ਜਦੋਂ ਕਿ 11.6 ਫ਼ੀਸਦੀ ਅਨੁਸੂਚਿਤ ਜਾਤੀਆਂ ਅਤੇ ਬਾਕੀ ਦੇ 4.7 ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਸਨ। ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ 63.34, 22.68, ਅਤੇ 13.98 ਫ਼ੀਸਦੀ ਕ੍ਰਮਵਾਰ ਜਨਰਲ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਸਨ। ਇਸ ਤਰ੍ਹਾਂ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚੋਂ ਜ਼ਿਆਦਾਤਰ ਕੌਮਾਂਤਰੀ ਪ੍ਰਵਾਸੀ ਜਨਰਲ ਜਾਤੀਆਂ ਨਾਲ ਸੰਬੰਧਿਤ ਸਨ, ਇਸ ਤੋਂ ਬਾਅਦ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦਾ ਕ੍ਰਮ ਆਉਂਦਾ ਹੈ। ਖੇਤਰੀ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਕਿ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰ ਮਾਝਾ, ਦੁਆਬਾ ਅਤੇ ਮਾਲਵਾ ਵਿਚ ਬਹੁਤ ਵੱਡੀ ਗਿਣਤੀ ਵਿਚ ਪ੍ਰਵਾਸੀ ਜੱਟ ਜਾਤੀ ਨਾਲ ਸੰਬੰਧਿਤ ਸਨ। ਭਾਰਤੀ ਸਮਾਜ ਸਾਂਝੇ ਪਰਿਵਾਰਾਂ ਦਾ ਸਮਾਜ ਹੈ। ਭਾਵੇਂ ਇਹ ਵਿਸ਼ੇਸ਼ਤਾ ਸ਼ਹਿਰੀ ਖੇਤਰਾਂ ਵਿਚੋਂ ਅਲੋਪ ਹੋ ਰਹੀ ਹੈ, ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਜ਼ਿਆਦਾਤਰ ਪੇਂਡੂ ਖੇਤਰਾਂ ਵਿਚ ਬਰਕਾਰ ਹਨ। ਪੰਜਾਬ ਸੂਬਾ ਵਿਆਪਕ ਤੌਰ ਉੱਤੇ ਆਪਣੀ ਖੇਤੀਬਾੜੀ ਸਦਕਾ ਖ਼ੁਸ਼ਹਾਲ ਹੋਇਆ, ਜਿਸ ਨੇ ਪੇਂਡੂ ਖੇਤਰਾਂ ਵਿਚ ਮੌਜੂਦ ਸਾਂਝੇ ਪਰਿਵਾਰ ਦੀ ਪ੍ਰਣਾਲੀ ਤੋਂ ਆਪਣੀ ਤਾਕਤ ਹਾਸਿਲ ਕੀਤੀ।

ਹਾਲਾਂਕਿ, ਸਮਾਜਿਕ-ਆਰਥਿਕ ਜ਼ਰੂਰਤਾਂ ਵਿਚ ਤਬਦੀਲੀਆਂ ਨਾਲ ਜ਼ਮੀਨੀ ਵੰਡ ਹੋਈ, ਜਿਸ ਦੇ ਨਤੀਜੇ ਵਜੋਂ ਇਕਹਿਰੀ ਪਰਿਵਾਰ ਪ੍ਰਣਾਲੀ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਜ਼ੋਰ ਫੜ ਰਹੀ ਹੈ। ਮੌਜੂਦਾ ਸਰਵੇਖਣ ਤੋਂ ਇਹ ਸਾਹਮਣੇ ਆਇਆ ਕਿ ਜ਼ਿਆਦਾ ਪ੍ਰਵਾਸੀ ਜਿਵੇਂ ਦੁਆਬੇ ਦੇ 83.77, ਮਾਝੇ ਦੇ 8.11, ਅਤੇ ਮਾਲਵੇ ਦੇ 72.27 ਫ਼ੀਸਦੀ ਇਕਹਿਰੇ ਪਰਿਵਾਰਾਂ ਵਿਚ ਰਹਿ ਰਹੇ ਸਨ, ਜਦੋਂ ਕਿ ਬਾਕੀ ਦੇ 16.23, 19.89 ਅਤੇ 27.73 ਫ਼ੀਸਦੀ ਪ੍ਰਵਾਸੀ ਕ੍ਰਮਵਾਰ ਦੁਆਬੇ, ਮਾਝੇ ਅਤੇ ਮਾਲਵੇ ਵਿਚ ਸਾਂਝੀ ਪਰਿਵਾਰ ਪ੍ਰਣਾਲੀ ਨਾਲ ਸੰਬੰਧਿਤ ਸਨ। ਪ੍ਰਵਾਸੀਆਂ ਦੀ ਲਿੰਗ-ਅਧਾਰਿਤ ਵੰਡ ਦਰਸਾਉਂਦੀ ਹੈ ਕਿ ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 85.64 ਫ਼ੀਸਦੀ ਮਰਦ ਅਤੇ ਬਾਕੀ ਦੇ 14.36 ਫ਼ੀਸਦੀ ਔਰਤਾਂ ਸਨ। ਦੁਆਬੇ ਵਿਚ ਮਰਦ ਅਤੇ ਔਰਤ ਪ੍ਰਵਾਸੀਆਂ ਦੀ ਫ਼ੀਸਦੀ ਕ੍ਰਮਵਾਰ 88.47 ਅਤੇ 11.53 ਸੀ। ਮਾਲਵੇ ਵਿਚ ਇਹ ਫ਼ੀਸਦੀ 67.14 ਅਤੇ 32.86 ਪਾਈ ਗਈ। ਪ੍ਰਵਾਸ ਵਿਚ ਮਰਦਾਂ ਦਾ ਉੱਚ ਅਨੁਪਾਤ ਇਸ ਤੱਥ ਨੂੰ ਮਜ਼ਬੂਤ ਕਰਦਾ ਹੈ ਕਿ ਭਾਵੇਂ ਸਮਕਾਲੀ ਸੰਸਾਰ ਵਿਚ ਦੋਵਾਂ ਲਿੰਗਾਂ ਲਈ ਬਰਾਬਰ ਪੱਧਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਪਰ ਫਿਰ ਵੀ ਮਰਦਾਂ 'ਤੇ ਆਪਣੇ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਜ਼ਿੰਮੇਵਾਰੀ ਹੁੰਦੀ ਹੈ। ਪੰਜਾਬ ਤੋਂ ਔਰਤਾਂ ਦਾ ਪ੍ਰਵਾਸ ਮੁੱਖ ਤੌਰ ਉੱਤੇ ਵਿਆਹ-ਕੇਂਦਰਿਤ ਰਿਹਾ ਹੈ, ਜਿੱਥੇ ਲੜਕੀਆਂ ਇਕ ਜੀਵਨ ਸਾਥੀ ਦੇ ਰੂਪ ਵਿਚ ਵਿਦੇਸ਼ਾਂ ਵਿਚ ਜਾਂਦੀਆਂ ਸਨ।

ਉਂਜ, ਅਜੋਕੇ ਸਮੇਂ ਦੌਰਾਨ ਪੰਜਾਬ ਵਿਚ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ, ਕਿਉਂਕਿ ਜਿਹੜੀਆਂ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਵਿਚ ਉੱਚ ਬੈਂਡ ਪ੍ਰਾਪਤ ਕਰਦੀਆਂ ਹਨ, ਉਨ੍ਹਾਂ ਨੂੰ ਕੌਮਾਂਤਰੀ ਪ੍ਰਵਾਸ ਲਈ ਪੌੜੀ ਮੰਨਿਆ ਜਾਂਦਾ ਹੈ। ਜਿਹੜੇ ਅਮੀਰ ਪਰਿਵਾਰਾਂ ਦੇ ਲੜਕੇ ਵਿਦੇਸ਼ ਜਾਣ ਲਈ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਪਾਸ ਨਹੀਂ ਕਰ ਪਾਉਂਦੇ, ਉਹ ਇਨ੍ਹਾਂ ਕੁੜੀਆਂ ਦੇ ਪਰਿਵਾਰਾਂ ਨੂੰ ਲੁਭਾਉਂਦੇ ਹਨ ਅਤੇ ਉਨ੍ਹਾਂ ਦੇ ਵਿਆਹ ਤੋਂ ਬਾਅਦ ਉਹ ਆਪਣੀ ਨੂੰਹ ਦੀ ਵਿਦੇਸ਼ ਯਾਤਰਾ, ਖ਼ਰਚੇ ਅਤੇ ਪੜ੍ਹਾਈ ਨੂੰ ਸਪਾਂਸਰ ਕਰਦੇ ਹਨ। ਇਹ ਕੁੜੀਆਂ ਬਾਅਦ ਵਿਚ ਸਪਾਊਸ ਵੀਜ਼ੇ ਉੱਤੇ ਆਪਣੇ ਪਤੀਆਂ ਨੂੰ ਵਿਦੇਸ਼ ਬੁਲਾਉਂਦੀਆਂ ਹਨ ਅਤੇ ਸਮਾਂ ਬੀਤਣ ਦੇ ਨਾਲ ਉਹ ਮੰਜ਼ਿਲ ਵਾਲੇ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਇਕੱਠੇ ਕੰਮ ਕਰਦੇ ਹਨ ਅਤੇ ਫਿਰ ਉਹ ਆਪਣੇ ਪੂਰੇ ਪਰਿਵਾਰ ਲਈ ਇਮੀਗ੍ਰੇਸ਼ਨ ਦੀ ਟਿਕਟ ਬਣ ਜਾਂਦੇ ਹਨ।

ਸਿੱਖਿਆ ਅਤੇ ਪ੍ਰਵਾਸ ਦਾ ਇਕ-ਦੂਜੇ ਨਾਲ ਇਕ ਮਜ਼ਬੂਤ ਰਿਸ਼ਤਾ ਹੈ, ਕਿਉਂਕਿ ਬਿਹਤਰ ਪੜ੍ਹੇ-ਲਿਖੇ ਵਿਅਕਤੀਆਂ ਦੇ ਪ੍ਰਵਾਸ ਵਾਲੀ ਜਗ੍ਹਾ ਦੇ ਸਮਾਜਿਕ-ਆਰਥਿਕ ਵਾਤਾਵਰਨ ਵਿਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ। ਉੱਚ ਸਿੱਖਿਆ ਪ੍ਰਾਪਤ ਵਿਅਕਤੀਆਂ ਦੇ ਪ੍ਰਵਾਸ ਨੂੰ ਅਕਸਰ 'ਬੌਧਿਕ ਹੂੰਝਾ' ਕਿਹਾ ਜਾਂਦਾ ਹੈ, ਕਿਉਂਕਿ ਪ੍ਰਵਾਸੀ ਵਿਅਕਤੀ ਬਿਹਤਰ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਆਪਣੀਆਂ ਸੇਵਾਵਾਂ ਵਿਦੇਸ਼ਾਂ ਵਿਚ ਦਿੰਦੇ ਹਨ। ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਜਰਮਨੀ, ਫਰਾਂਸ, ਯੂ.ਕੇ. ਵਰਗੇ ਵਿਕਸਿਤ ਦੇਸ਼ਾਂ ਵਿਚ 'ਬੌਧਿਕ ਹੂੰਝਾ' ਸ਼੍ਰੇਣੀ ਦੇ ਪ੍ਰਵਾਸ ਦੇ ਸੰਬੰਧ ਵਿਚ ਅੱਜਕੱਲ੍ਹ ਭਾਰਤ ਲਗਭਗ ਸਿੱਖਰ ਉੱਤੇ ਹੈ। ਭਾਰਤੀ ਰਾਜਨੀਤੀ ਵਿਚ 'ਬੌਧਿਕ ਹੂੰਝਾ' ਸਿਆਸਤਦਾਨਾਂ ਅਤੇ ਨੌਕਰਸ਼ਾਹੀ ਲਈ ਓਨੀ ਚਿੰਤਾ ਦਾ ਵਿਸ਼ਾ ਨਹੀਂ ਜਾਪਦਾ ਜਿੰਨਾ ਇਹ ਉੱਨੀ ਸੌ ਸੱਤਰ ਦੇ ਦਹਾਕੇ ਵਿਚ ਹੁੰਦਾ ਸੀ।

ਵਿਦੇਸ਼ ਜਾਣ ਤੋਂ ਪਹਿਲਾਂ ਪ੍ਰਵਾਸੀਆਂ ਦੀ ਵਿੱਦਿਅਕ ਯੋਗਤਾ ਦਾ ਅਧਿਐਨ ਦਰਸਾਉਂਦਾ ਹੈ ਕਿ ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 70.17 ਫ਼ੀਸਦੀ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿਚ ਪ੍ਰਵਾਸ ਕੀਤਾ। ਇਸੇ ਖੇਤਰ ਦੇ ਤਕਰੀਬਨ 16 ਫ਼ੀਸਦੀ ਨੇ ਆਪਣੀ ਗ੍ਰੈਜੂਏਸ਼ਨ, ਜਦੋਂ ਕਿ 8.01 ਫ਼ੀਸਦੀ ਨੇ ਡਿਪਲੋਮਾ ਅਤੇ 3.04 ਫ਼ੀਸਦੀ ਨੇ ਮੈਟ੍ਰਿਕ ਕਰਨ ਤੋਂ ਬਾਅਦ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ ਅਤੇ ਥੋੜ੍ਹੇ ਜਿਹੇ ਹਿੱਸੇ (2.21 ਫ਼ੀਸਦੀ) ਕੋਲ ਪ੍ਰਵਾਸ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ ਲਗਭਗ ਦੋ-ਤਿਹਾਈ (64.08 ਫ਼ੀਸਦੀ) ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਨੂੰ ਪ੍ਰਵਾਸ ਕਰ ਗਏ। 15.37 ਫ਼ੀਸਦੀ ਨੇ ਮੈਟ੍ਰਿਕ ਅਤੇ 10.47 ਫ਼ੀਸਦੀ ਨੇ ਆਪਣੀ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ। ਪ੍ਰਵਾਸ ਕਰਨ ਦੇ ਸਮੇਂ 2.74 ਫ਼ੀਸਦੀ ਕੋਲ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ 1403 ਪ੍ਰਵਾਸੀਆਂ ਵਿਚੋਂ 61.01 ਫ਼ੀਸਦੀ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ।

ਵਿਦੇਸ਼ਾਂ ਨੂੰ ਪ੍ਰਵਾਸ ਕਰਨ ਸਮੇਂ 18 ਫ਼ੀਸਦੀ ਤੋਂ ਥੋੜ੍ਹੇ ਵੱਧ ਪ੍ਰਵਾਸੀਆਂ ਕੋਲ ਗ੍ਰੈਜੂਏਸ਼ਨ ਅਤੇ 8.84 ਫ਼ੀਸਦੀ ਕੋਲ ਮੈਟ੍ਰਿਕ ਦੀ ਵਿੱਦਿਅਕ ਯੋਗਤਾ ਸੀ। ਪ੍ਰਵਾਸੀਆਂ ਦੇ ਥੋੜ੍ਹੇ ਜਿਹੇ ਹਿੱਸੇ (4.92 ਫ਼ੀਸਦੀ) ਕੋਲ ਪ੍ਰਵਾਸ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ ਉੱਚ-ਵਿੱਦਿਅਕ ਪੱਧਰ ਵਾਲੇ ਨੌਜਵਾਨ ਵੀ ਵਿਦੇਸ਼ਾਂ ਵਿਚ ਵਸਣ ਨੂੰ ਇਕ ਬਿਹਤਰ ਬਦਲ ਸਮਝਦੇ ਹਨ। ਇਸ ਤੋਂ ਇਲਾਵਾ, ਪ੍ਰਵਾਸੀਆਂ ਦੇ ਬਹੁਤ ਹੀ ਥੋੜ੍ਹੇ ਜਿਹੇ ਹਿੱਸੇ ਕੋਲ ਪ੍ਰਵਾਸ ਦੇ ਸਮੇਂ ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. ਦੀ ਡਿਗਰੀ ਜਾਂ ਡਿਪਲੋਮਾ ਸੀ। ਇੱਥੇ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਸਿੱਖਿਆ ਦੇ ਨੀਵੇਂ ਪੱਧਰ ਵਾਲੇ ਵਿਅਕਤੀ ਜਾਂ ਤਾਂ ਬਜ਼ੁਰਗ ਸਨ ਜਿਨ੍ਹਾਂ ਨੇ ਆਪਣੇ ਪਰਿਵਾਰਾਂ ਸਮੇਤ ਪ੍ਰਵਾਸ ਕੀਤਾ ਜਾਂ ਉਹ ਵਿਅਕਤੀ ਸਨ ਜਿਨ੍ਹਾਂ ਨੇ ਵਰਕ ਵੀਜ਼ੇ ਉੱਤੇ ਏਸ਼ੀਆ ਮਹਾਦੀਪ ਦੇ ਵਿਕਾਸਸ਼ੀਲ ਦੇਸ਼ਾਂ ਨੂੰ ਪ੍ਰਵਾਸ ਕੀਤਾ।

ਉਮਰ ਅਤੇ ਪ੍ਰਵਾਸ ਵਿਚ ਗੂੜ੍ਹਾ ਸੰਬੰਧ ਹੈ, ਕਿਉਂਕਿ ਪ੍ਰਵਾਸ ਕਰਨ ਦਾ ਫ਼ੈਸਲਾ ਮੁੱਖ ਤੌਰ ਉੱਤੇ ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀਆਂ ਦੁਆਰਾ ਲਿਆ ਜਾਂਦਾ ਹੈ। ਇਹ ਮੂਲ ਰੂਪ ਵਿਚ ਇਸ ਲਈ ਹੈ, ਕਿਉਂਕਿ ਪ੍ਰਵਾਸ ਇਕ ਜੋਖ਼ਮ ਭਰਿਆ ਕਦਮ ਹੈ, ਜਿਸ ਵਿਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਕਈਆਂ ਨੂੰ ਚੰਗੇ ਅਵਸਰ ਵੀ ਪ੍ਰਦਾਨ ਕਰਦਾ ਹੈ। ਪੰਜਾਬ ਦੇ ਬਹੁਤ ਜ਼ਿਆਦਾ ਨੌਜਵਾਨ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਪ੍ਰਵਾਸ ਦੀ ਪ੍ਰਕਿਰਿਆ ਦੁਆਰਾ ਮੁਹੱਈਆ ਕਰਵਾਏ ਜਾਣ ਵਾਲੇ ਅਵਸਰਾਂ ਦਾ ਲਾਭ ਲੈਣ ਲਈ ਵਿਦੇਸ਼ਾਂ ਨੂੰ ਜਾਣ ਲਈ ਕਾਹਲੇ ਪਏ ਹੋਏ ਹਨ। ਪ੍ਰਵਾਸ ਕਰਨ ਵੇਲੇ ਬਹੁ-ਗਿਣਤੀ ਵਿਅਕਤੀ ਜਿਵੇਂ ਮਾਝੇ ਵਿਚ 87.85 ਫ਼ੀਸਦੀ, ਮਾਲਵੇ ਵਿਚ 85.25 ਫ਼ੀਸਦੀ, ਅਤੇ ਦੁਆਬੇ ਵਿਚ 81.53 ਫ਼ੀਸਦੀ 15 ਤੋਂ 30 ਸਾਲ ਦੀ ਉਮਰ ਸਮੂਹ ਨਾਲ ਸੰਬੰਧਿਤ ਸਨ। ਜਨਸੰਖਿਅਕ ਲਾਭਅੰਸ਼ ਆਰਥਿਕ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਫੀਲਡ ਸਰਵੇਖਣ ਦਾ ਇਹ ਨਤੀਜਾ ਇਸ ਧਾਰਨਾ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਆਮ ਤੌਰ ਉੱਤੇ ਪ੍ਰਵਾਸ ਅਤੇ ਖ਼ਾਸ ਤੌਰ ਉੱਤੇ ਕੌਮਾਂਤਰੀ ਪ੍ਰਵਾਸ ਇਕ ਨੌਜਵਾਨ-ਕੇਂਦਰਿਤ ਵਰਤਾਰਾ ਹੈ। 15 ਤੋਂ 30 ਸਾਲ ਦੀ ਉਮਰ ਸਮੂਹ ਦੇ ਵਿਅਕਤੀਆਂ ਦਾ ਵਿਦੇਸ਼ਾਂ ਵਲ ਪ੍ਰਵਾਸ ਪੰਜਾਬ ਸਮੇਤ ਭਾਰਤ ਨੂੰ ਜਨਸੰਖਿਅਕ ਲਾਭ ਅੰਸ਼ ਦੇ ਹੋ ਰਹੇ ਬਹੁਤ ਵੱਡੇ ਨੁਕਸਾਨ ਨੂੰ ਚਿੱਟੇ ਦਿਨ ਵਾਂਗ ਸਾਹਮਣੇ ਲਿਆਉਂਦਾ ਹੈ।

ਕੌਮਾਂਤਰੀ ਪ੍ਰਵਾਸੀਆਂ ਦੇ ਪਰਿਵਾਰਾਂ ਦੀਆਂ ਜ਼ਮੀਨਾਂ ਦੇ ਵੇਰਵੇ ਦੱਸਦੇ ਹਨ ਕਿ ਮਾਝੇ ਦੇ ਕੁੱਲ ਪ੍ਰਵਾਸੀ ਪਰਿਵਾਰਾਂ ਵਿਚੋਂ ਇਕ-ਤਿਹਾਈ ਤੋਂ ਥੋੜ੍ਹਾ ਵੱਧ (33.43 ਫ਼ੀਸਦੀ) ਪਰਿਵਾਰ ਭੂਮੀਹੀਣ ਸਨ। ਤਕਰੀਬਨ 30 ਫ਼ੀਸਦੀ ਪਰਿਵਾਰਾਂ ਕੋਲ 2.5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 26.8, 3.59, 3.31, ਅਤੇ 2.48 ਫ਼ੀਸਦੀ ਪਰਿਵਾਰਾਂ ਦਾ ਨੰਬਰ ਆਉਂਦਾ ਹੈ, ਜਿਨ੍ਹਾਂ ਕੋਲ ਕ੍ਰਮਵਾਰ 2.51 ਤੋਂ 5 ਏਕੜ, 7.51 ਤੋਂ 10 ਏਕੜ, ਅਤੇ 10 ਏਕੜ ਤੋਂ ਵੱਧ ਜ਼ਮੀਨ ਸੀ। ਦੁਆਬੇ ਦੇ ਕੁੱਲ ਪਰਿਵਾਰਾਂ ਵਿਚੋਂ ਸਭ ਤੋਂ ਵੱਧ ਪਰਿਵਾਰਾਂ (32.16 ਫ਼ੀਸਦੀ) ਕੋਲ 2.51 ਤੋਂ 5 ਏਕੜ ਤੱਕ ਜ਼ਮੀਨ ਸੀ। ਲਗਭਗ 18 ਫ਼ੀਸਦੀ ਪਰਿਵਾਰਾਂ ਕੋਲ 2.5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 9.48, 7.72, ਅਤੇ 5.57 ਫ਼ੀਸਦੀ ਪ੍ਰਵਾਸੀਆਂ ਦੇ ਪਰਿਵਾਰਾਂ ਕੋਲ ਕ੍ਰਮਵਾਰ 5.01 ਤੋਂ 7.5 ਏਕੜ, 7.51 ਤੋਂ 10 ਏਕੜ, ਅਤੇ 10 ਏਕੜ ਤੋਂ ਵੱਧ ਜ਼ਮੀਨ ਸੀ। ਕੁੱਲ ਪਰਿਵਾਰਾਂ ਵਿਚੋਂ 26.3 ਫ਼ੀਸਦੀ ਪ੍ਰਵਾਸੀਆਂ ਦੇ ਪਰਿਵਾਰਾਂ ਕੋਲ ਖੇਤੀਬਾੜੀ ਲਈ ਕੋਈ ਜ਼ਮੀਨ ਨਹੀਂ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ ਪਰਿਵਾਰਾਂ ਵਿਚੋਂ ਸਭ ਤੋਂ ਵੱਧ ਪਰਿਵਾਰਾਂ (26.87 ਫ਼ੀਸਦੀ) ਕੋਲ 2.51 ਤੋਂ 5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 18.25, 15.25, 14.26 ਅਤੇ 10.05 ਫ਼ੀਸਦੀ ਪ੍ਰਵਾਸੀਆਂ ਦੇ ਪਰਿਵਾਰਾਂ ਕੋਲ ਕ੍ਰਮਵਾਰ 10 ਏਕੜ ਤੋਂ ਵੱਧ, 7.51 ਤੋਂ 10 ਏਕੜ, 2.5 ਏਕੜ ਤੱਕ, 5.01 ਤੋਂ 7.5 ਏਕੜ ਦੇ ਦਾਇਰੇ ਵਿਚ ਜ਼ਮੀਨਾਂ ਸਨ। ਇਸ ਖੇਤਰ ਵਿਚੋਂ ਪ੍ਰਵਾਸੀਆਂ ਦੇ ਕੁੱਲ ਪਰਿਵਾਰਾਂ ਵਿਚੋਂ 15.32 ਫ਼ੀਸਦੀ ਪਰਿਵਾਰ ਭੂਮੀਹੀਣ ਪਾਏ ਗਏ।

ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚ ਮੰਜ਼ਿਲ ਵਾਲੇ ਦੇਸ਼ਾਂ ਦੀ ਸੂਚੀ ਬਹੁਤ ਲੰਮੀ ਹੈ। ਮਾਝੇ ਵਿਚ ਕੌਮਾਂਤਰੀ ਪ੍ਰਵਾਸੀਆਂ ਦੁਆਰਾ ਸਭ ਤੋਂ ਵੱਧ ਤਰਜੀਹ ਵਾਲੇ ਦੇਸ਼-ਕੈਨੇਡਾ, ਆਸਟ੍ਰੇਲੀਆ, ਬਹਿਰੀਨ, ਕਤਰ, ਯੂ.ਕੇ., ਯੂ.ਐੱਸ.ਏ., ਅਤੇ ਯੂ.ਏ.ਈ. ਸਨ, ਜਿੱਥੇ ਇਸ ਖੇਤਰ ਵਿਚੋਂ ਸਰਵੇਖਣ ਕੀਤੇ ਗਏ ਪਰਿਵਾਰਾਂ ਵਿਚੋਂ ਕ੍ਰਮਵਾਰ 76, 67, 47, 38, 36, 34, ਅਤੇ 28 ਵਿਅਕਤੀਆਂ ਨੇ ਪ੍ਰਵਾਸ ਕੀਤਾ। ਦੁਆਬੇ ਵਿਚੋਂ ਜ਼ਿਆਦਾਤਰ ਪ੍ਰਵਾਸੀਆਂ ਅਰਥਾਤ 3273 ਵਿਅਕਤੀਆਂ ਨੇ ਕੈਨੇਡਾ ਨੂੰ ਮੰਜ਼ਿਲ ਵਾਲੇ ਦੇਸ਼ ਵਜੋਂ ਚੁਣਿਆ, ਜਿਸ ਤੋਂ ਬਾਅਦ 154, 121, 114, 90, 43, 43, 28, 27, ਅਤੇ 24 ਵਿਅਕਤੀ ਕ੍ਰਮਵਾਰ ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਆਸਟ੍ਰੇਲੀਆ, ਨਿਊਜ਼ੀਲੈਂਡ, ਕੁਵੈਤ, ਜਰਮਨੀ, ਅਤੇ ਸਪੇਨ ਗਏ। ਇਸੇ ਤਰ੍ਹਾਂ ਮਾਲਵੇ ਵਿਚੋਂ ਕੌਮਾਂਤਰੀ ਪ੍ਰਵਾਸੀਆਂ ਲਈ ਪਸੰਦੀਦਾ ਦੇਸ਼-ਕੈਨੇਡਾ, ਆਸਟ੍ਰੇਲੀਆ, ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਨਿਊਜ਼ੀਲੈਂਡ, ਮਲੇਸ਼ੀਆ, ਅਤੇ ਫਿਲੀਪੀਨਜ਼ ਸਨ, ਜਿੱਥੇ ਕ੍ਰਮਵਾਰ 719, 171, 108, 72, 67, 40, 37, 34, ਅਤੇ 33 ਵਿਅਕਤੀਆਂ ਨੇ ਪ੍ਰਵਾਸ ਕੀਤਾ।

ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 43.37 ਫ਼ੀਸਦੀ ਨੇ 2019, 18.23 ਫ਼ੀਸਦੀ ਨੇ 2018, 14.09 ਫ਼ੀਸਦੀ ਨੇ 2021, 10.21 ਫ਼ੀਸਦੀ ਨੇ 2016, 6.91 ਫ਼ੀਸਦੀ ਨੇ 2020, ਅਤੇ 5 ਫ਼ੀਸਦੀ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ, ਜਦੋਂ ਕਿ ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ 13 ਫ਼ੀਸਦੀ ਵਿਅਕਤੀਆਂ ਨੇ 2018 ਵਿਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ। ਇਸ ਤੋਂ ਬਾਅਦ 9.97 ਫ਼ੀਸਦੀ ਨੇ ਹਰੇਕ ਸਾਲ 2019 ਅਤੇ 2017, 9.78 ਫ਼ੀਸਦੀ ਨੇ 2021, 8.9 ਫ਼ੀਸਦੀ ਨੇ 2015, 7.14 ਫ਼ੀਸਦੀ ਨੇ 2010, 6.45 ਫ਼ੀਸਦੀ ਨੇ 2016, 5.77 ਫ਼ੀਸਦੀ ਨੇ 2012 ਅਤੇ 5 ਫ਼ੀਸਦੀ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ। ਇਸੇ ਤਰ੍ਹਾਂ, ਮਾਲਵੇ ਦੇ ਕੁੱਲ 1403 ਪ੍ਰਵਾਸੀਆਂ ਵਿਚੋਂ 15.97 ਫ਼ੀਸਦੀ ਨੇ 2021, 14.54 ਫ਼ੀਸਦੀ ਨੇ 2020, 6.49 ਫ਼ੀਸਦੀ ਨੇ 2016, ਅਤੇ 5 ਫ਼ੀਸਦੀ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੇਂਡੂ ਪੰਜਾਬ ਵਿਚੋਂ ਕੌਮਾਂਤਰੀ ਪ੍ਰਵਾਸ ਦੀ ਪ੍ਰਕਿਰਿਆ ਵਿਚ 2014 ਤੋਂ ਬਾਅਦ ਤੇਜ਼ੀ ਆਈ। 2020 ਦੌਰਾਨ ਕੋਰੋਨਾ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਵੱਖ ਵੱਖ ਦੇਸ਼ਾਂ ਦੁਆਰਾ ਤਾਲਾਬੰਦੀ ਕੀਤੀ ਗਈ ਜਿਸ ਨੇ ਪੇਂਡੂ ਪੰਜਾਬ ਤੋਂ ਕੌਮਾਂਤਰੀ ਪ੍ਰਵਾਸ ਦੀ ਪ੍ਰਕ੍ਰਿਆ ਨੂੰ ਹੌਲੀ ਕੀਤਾ, ਜੋ ਮੁੜ ਤੇਜ਼ੀ ਫੜ ਰਹੀ ਹੈ।

ਮੌਜੂਦਾ ਅਧਿਐਨ ਦੇ ਸਾਕਾਰਾਤਮਿਕ ਪਹਿਲੂਆਂ ਵਿਚੋਂ ਇਕ ਇਹ ਹੈ ਕਿ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚੋਂ ਜ਼ਿਆਦਾਤਰ ਮਾਮਲਿਆਂ ਵਿਚ ਕੌਮਾਂਤਰੀ ਪ੍ਰਵਾਸ ਕਾਨੂੰਨੀ ਢੰਗ ਨਾਲ ਹੋਇਆ। ਮਾਝੇ ਦੇ ਕੁੱਲ 362 ਪ੍ਰਵਾਸੀਆਂ ਨੇ ਕਾਨੂੰਨੀ ਢੰਗ ਨਾਲ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ। ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ 991 ਕਾਨੂੰਨੀ ਢੰਗ ਅਤੇ ਬਾਕੀ ਦੇ 32 ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਗਏ। ਇਸ ਖੇਤਰ ਦੇ ਪ੍ਰਵਾਸੀਆਂ ਦੀ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਜਾਣ ਦੀ ਫ਼ੀਸਦੀ ਕ੍ਰਮਵਾਰ 96.87 ਅਤੇ 3.13 ਬਣਦੀ ਹੈ। ਮਾਲਵੇ ਦੇ ਕੁੱਲ 1403 ਪ੍ਰਵਾਸੀਆਂ ਵਿਚੋਂ 1394 (99.36 ਫ਼ੀਸਦੀ) ਨੇ ਵਿਦੇਸ਼ਾਂ ਨੂੰ ਪ੍ਰਵਾਸ ਕਰਨ ਲਈ ਕਾਨੂੰਨੀ ਢੰਗ ਅਤੇ ਬਾਕੀ ਦੇ ਸਿਰਫ਼ 9 (0.64 ਫ਼ੀਸਦੀ) ਨੇ ਗ਼ੈਰ-ਕਾਨੂੰਨੀ ਢੰਗ ਅਪਣਾਇਆ। ਫੀਲਡ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਕਿ ਜਿੱਥੇ ਭਾਰਤੀ ਟਰੈਵਲ ਏਜੰਟਾਂ ਜਾਂ ਬਾਹਰਲੇ ਦੇਸ਼ਾਂ ਵਿਚ ਰਹਿੰਦੇ ਰੁਜ਼ਗਾਰਦਾਤਾਵਾਂ ਨੇ ਪ੍ਰਵਾਸੀਆਂ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਬਾਹਰ ਜਾਣ ਵਾਲੇ ਪਾਸੇ ਪਾਇਆ, ਉੱਥੇ ਅਜਿਹੇ ਪ੍ਰਵਾਸੀਆਂ ਨੂੰ ਗੰਭੀਰ ਸ਼ੋਸ਼ਣ ਦਾ ਸ਼ਿਕਾਰ ਵੀ ਹੋਣਾ ਪਿਆ ਅਤੇ ਇਸ ਸੰਬੰਧ ਵਿਚ ਜ਼ਿਆਦਾਤਰ ਐਨ.ਆਰ.ਆਈ. ਰੁਜ਼ਗਾਰਦਾਤਾਵਾਂ ਨੇ ਤਾਂ ਪ੍ਰਵਾਸੀਆਂ ਦਾ ਅਮਰਵੇਲ ਵਾਂਗ ਨਪੀੜਨ ਕੀਤਾ।

# ਬੀ.ਸੀ. ਵਿੱਚ ਬਜ਼ੁਰਗਾਂ ਨੂੰ ਨਿਸ਼ਾਨਾ ਬਣਾ ਰਹੇ ਠੱਗ, ਪੁਲਿਸ ਨੇ ਚੇਤਾਵਨੀ ਕੀਤੀ ਜਾਰੀ

## 14 ਠੱਗੀਆਂ ਦੀ ਸ਼ਿਕਾਇਤਾਂ ਹੋਈਆਂ ਦਰਜ, 36,000 ਡਾਲਰ ਦੀ ਲੁੱਟ

**ਸਰੀ, (ਸਿਮਰਨਜੀਤ ਸਿੰਘ):** ਕੇਲੋਨਾ ਦੇ ਸੀਨੀਅਰ ਐਕਟੀਵਿਟੀ ਸੈਂਟਰ ਵਿੱਚ ਇੱਕ ਵੱਡੀ ਚਿੰਤਾ ਉਭਰੀ ਹੈ—ਉਨ੍ਹਾਂ ਬਜ਼ੁਰਗਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਠੱਗੀਆਂ ਵਿੱਚ ਵਾਧਾ ਹੋ ਰਿਹਾ ਜਿਨ੍ਹਾਂ ਨੂੰ ਅੱਜ ਦੀ ਤਕਾਨੋਲਜੀ ਬਾਰੇ ਜਾਣਕਾਰੀ ਘੱਟ ਹੁੰਦੀ ਹੈ।

ਕੇਲੋਨਾ ਦੀ ਸਿਉ ਉਲਮਰ ਨੇ ਕਿਹਾ। "ਇਹ ਬਹੁਤ ਹੀ ਚਿੰਤਾਜਨਕ ਗੱਲ ਹੈ ਕਿ ਲੋਕ, ਖ਼ਾਸ ਤੌਰ 'ਤੇ ਸੀਨੀਅਰ, ਠੱਗੀ ਦਾ ਸ਼ਿਕਾਰ ਹੋ ਰਹੇ ਹਨ," "ਅਤੇ ਇਹ ਬਹੁਤ ਜ਼ਰੂਰੀ ਹੈ ਕਿ ਲੋਕਾਂ ਤੱਕ ਇਹ ਜਾਣਕਾਰੀ ਪਹੁੰਚਾਈ ਜਾਵੇ, ਤਾਂ ਜੋ ਉਹ ਐਸੀਆਂ ਠੱਗੀਆਂ ਤੋਂ ਬਚ ਸਕਣ।"

ਕੇਲੋਨਾ ਆਰ.ਸੀ.ਐੱਮ.ਪੀ. ਅਨੁਸਾਰ, ਜਨਵਰੀ ਤੋਂ ਹੁਣ ਤੱਕ ਘੱਟੋ-ਘੱਟ 14 ਠੱਗੀਆਂ ਦਰਜ ਕੀਤੀਆਂ ਗਈਆਂ ਹਨ, ਪਰ ਅਸਲ ਗਿਣਤੀ ਇਸ ਤੋਂ ਵੀ ਵੱਧ ਹੋ ਸਕਦੀ ਹੈ, ਕਿਉਂਕਿ ਬਹੁਤ ਸਾਰੀਆਂ ਠੱਗੀਆਂ ਦੀ ਸ਼ਿਕਾਇਤ ਹੀ ਨਹੀਂ ਕੀਤੀ ਜਾਂਦੀ।

ਇਨ੍ਹਾਂ ਮਾਮਲਿਆਂ ਵਿੱਚ ਕੁੱਲ 36,000 ਡਾਲਰ ਦੀ ਲੁੱਟ ਹੋਈ ਹੈ। ਸੀਨੀਅਰਾਂ ਨੂੰ ਚੇਤਾਵਨੀ ਦਿੰਦਿਆਂ, ਕੋਰਪੋਰਲ ਮਾਈਕ ਗੌਥੀਏ ਨੇ ਕਿਹਾ, "ਸਾਨੂੰ ਇਹ ਸੁਨੇਹਾ ਪਹੁੰਚਾਉਣ ਦੀ ਲੋੜ ਹੈ ਕਿ ਇਹ ਠੱਗੀਆਂ ਕੇਲੋਨਾ ਅਤੇ ਸੈਂਟਰਲ ਓਕਾਨਾਗਨ ਵਿੱਚ ਹੋ ਰਹੀਆਂ ਹਨ।"

ਆਰ.ਸੀ.ਐੱਮ.ਪੀ. ਅਨੁਸਾਰ, ਹਾਲੀਆ ਠੱਗੀਆਂ ਵਿੱਚੋਂ ਅਕਸਰ ਮਾਮਲੇ 'ਗ੍ਰੈਂਡਪੈਰੈਂਟ ਸਕੈਮ' ਦੇ ਹਨ।

ਇਸ ਠੱਗੀ ਵਿੱਚ, ਠੱਗ ਠੱਗੀ ਦਾ ਸ਼ਿਕਾਰ ਹੋਣ ਵਾਲੇ ਸੀਨੀਅਰ ਨੂੰ ਫ਼ੋਨ ਕਰਦੇ ਹਨ ਅਤੇ ਉਹਨਾਂ ਦੇ ਪੋਤਾ ਜਾਂ ਪੋਤੀ (ਜਾਂ ਹੋਰ ਪਰਿਵਾਰਕ ਮੈਂਬਰ) ਬਣ ਕੇ ਗੱਲ ਕਰਦੇ ਹਨ। ਠੱਗ ਇਹ ਦੱਸਦੇ ਹਨ ਕਿ ਉਨ੍ਹਾਂ ਨੂੰ ਤੁਰੰਤ ਪੈਸਿਆਂ ਦੀ ਲੋੜ ਹੈ ਕਿਉਂਕਿ ਉਹ ਕਿਸੇ ਮੁਸੀਬਤ ਵਿੱਚ ਫੱਸ ਗਏ ਹਨ।

ਅੱਜਕੱਲ੍ਹ ਠੱਗ ਹੋਰ ਵੀ ਧੋਖਾਧੜੀ ਵਾਲੇ ਤਰੀਕੇ ਅਪਣਾ ਰਹੇ ਹਨ।




ਕਦੇ ਕਦੇ ਠੱਗ ਇੱਕ 'ਕੌਰਿਅਰ' ਬਣ ਕੇ ਜਾਂ 'ਅੰਡਰਕਵਰ ਪੁਲਿਸ ਅਧਿਕਾਰੀ' ਬਣ ਕੇ ਪੈਸੇ ਇਕੱਠੇ ਕਰ ਰਹੇ ਹਨ।

ਇਹ ਨਵਾਂ ਤਰੀਕਾ ਵਧੇਰੇ ਖ਼ਤਰਨਾਕ ਬਣ ਗਿਆ ਹੈ, ਕਿਉਂਕਿ ਠੱਗ ਸੀਨੀਅਰਾਂ ਦੇ ਘਰ ਜਾਂ ਹੋਰ ਕਿਸੇ ਸੈਟ ਕੀਤੇ ਸਥਾਨ ਤੇ ਖ਼ੁਦ ਆ ਕੇ ਪੈਸੇ ਲੈ ਰਹੇ ਹਨ।

ਇਸ ਤੋਂ ਇਲਾਵਾ ਇੱਕ ਹੋਰ ਵਧ ਰਿਹਾ ਤਰੀਕਾ ਕੰਪਿਊਟਰ ਰਾਹੀਂ ਠੱਗੀਆਂ ਮਾਰੀਆਂ ਜਾ ਰਹੀਆਂ ਹਨ।

ਠੱਗ ਈਮੇਲ ਦੁਆਰਾ ਸੰਪਰਕ ਕਰਦੇ ਹਨ ਅਤੇ ਲੋਕਾਂ ਨੂੰ ਉਨ੍ਹਾਂ ਦੇ ਕੰਪਿਊਟਰ ਦੀ ਮੁਰੰਮਤ ਕਰਵਾਉਣ ਲਈ ਇੱਕ ਲਿੰਕ 'ਤੇ ਕਲਿੱਕ ਕਰਨ ਲਈ ਕਹਿੰਦੇ ਹਨ।

ਕਲਿੱਕ ਕਰਦੇ ਹੀ, ਠੱਗ ਉਨ੍ਹਾਂ ਦੇ ਕੰਪਿਊਟਰ 'ਤੇ ਕਾਬੂ ਪਾ ਲੈਂਦੇ ਹਨ ਅਤੇ ਬਦਲੇ ਵਿੱਚ ਧਮਕੀ ਦਿੰਦੇ ਹਨ ਕਿ ਉਹ ਨਿੱਜੀ ਜਾਣਕਾਰੀ ਨੂੰ ਪਬਲਿਕ ਕਰ ਦੇਣਗੇ, ਜੇਕਰ ਉਨ੍ਹਾਂ ਨੂੰ ਪੈਸੇ ਨਾ ਦਿੱਤੇ ਗਏ।

ਆਰ.ਸੀ.ਐੱਮ.ਪੀ. ਨੇ ਵੱਡੀ ਚੇਤਾਵਨੀ ਜਾਰੀ ਕੀਤੀ ਹੈ ਕਿ ਸੀਨੀਅਰ ਆਪਣੇ ਨਿੱਜੀ ਵੇਰਵੇ ਕਿਸੇ ਅਣਜਾਣ ਵਿਅਕਤੀ ਨਾਲ ਨਾ ਸਾਂਝੇ ਕਰਨ। This report was written by Simranjit Singh as part of the Local Journalism Initiative.

# ਮੈਕਸੀਕੋ 'ਚ ਛੁੱਟੀਆਂ ਮਨਾਉਣ ਗਏ ਬ੍ਰਿਟਿਸ਼ ਕੋਲੰਬੀਆ ਦੇ ਕਈ ਪਰਿਵਾਰ ਹੋਏ ਬਿਮਾਰ, ਰਿਜ਼ੋਰਟ 'ਤੇ ਉਠੇ ਸਵਾਲ

**ਕੇਲੋਨਾ (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਤੋਂ ਮੈਕਸੀਕੋ ਵਿਖੇ ਸੰਡੋਸ ਪਲੇਆਕਾਰ ਰਿਜ਼ੋਰਟ 'ਤੇ ਛੁੱਟੀਆਂ ਮਨਾਉਣ ਗਏ ਸੈਂਕੜਿਆਂ ਕੈਨੇਡੀਆਂ ਯਾਤਰੀਆਂ ਦੀ ਇਹ ਯਾਤਰਾ ਇੱਕ ਭਿਆਨਕ ਤਜਰਬੇ ਵਿੱਚ ਬਦਲ ਗਈ।




ਓਕਾਨਾਗਨ ਨਿਵਾਸੀ ਐਲਿਸਾ ਸਟੋਥਾਰਟ ਆਪਣੇ ਪਰਿਵਾਰ ਦੇ 15 ਮੈਂਬਰਾਂ ਨਾਲ ਸੈਂਡੋਸ ਪਲੇਆਕਾਰ, ਜੋ ਕੈਂਕੂਨ ਤੋਂ ਲਗਭਗ 75 ਕਿਲੋਮੀਟਰ ਦੱਖਣ ਵੱਲ ਸਥਿਤ ਹੈ, ਆਪਣੀ ਮਾਂ ਦਾ 60ਵਾਂ ਜਨਮਦਿਨ ਮਨਾਉਣ ਗਈ ਸੀ।

ਉਹਨਾਂ ਦੱਸਿਆ ਕਿ ਜਦੋਂ ਉਹ ਰਿਜ਼ੋਰਟ 'ਤੇ ਪਹੁੰਚੇ, ਤਾਂ ਸਭ ਕੁਝ ਠੀਕ-ਠਾਕ ਸੀ, ਪਰ 2-3 ਦਿਨਾਂ ਦੇ ਅੰਦਰ ਹੀ ਪਰਿਵਾਰ ਦੇ ਬਹੁਤ ਸਾਰੇ ਮੈਂਬਰ ਬੀਮਾਰ ਹੋਣ ਲੱਗੇ ਅਤੇ 15 'ਚੋਂ 14 ਲੋਕਾਂ ਨੂੰ ਡਾਕਟਰ ਕੋਲ ਲੈਜਾਣ ਦੀ ਨੌਬਤ ਆ ਗਈ।

ਸਟੋਥਾਰਟ ਨੇ ਦੱਸਿਆ ਕਿ ਰਿਜ਼ੋਰਟ 'ਚ ਮੌਜੂਦ ਡਾਕਟਰ ਨੇ ਕਿਹਾ ਕਿ ਉਨ੍ਹਾਂ ਨੇ ਇਹੋ ਜਿਹੀ ਸਥਿਤੀ ਪਹਿਲਾਂ ਕਦੇ ਨਹੀਂ ਵੇਖੀ।

"ਉਹਨੇ ਸਾਨੂੰ ਚੇਤਾਵਨੀ ਦਿੱਤੀ ਕਿ ਕੋਈ ਵੀ ਪੀਣ ਵਾਲੀ ਚੀਜ਼, ਜੋ ਸੀਲਬੰਦ ਬੋਤਲ ਜਾਂ ਕੈਨ ਵਿੱਚ ਨਾ ਹੋਵੇ, ਨਾ ਪੀਓ। ਅਜਿਹੇ ਖਾਣ-ਪੀਣ ਦੀਆਂ ਚੀਜ਼ਾਂ ਤੋਂ ਵੀ ਬਚੋ, ਜੋ ਪਾਣੀ ਨਾਲ ਸੰਪਰਕ 'ਚ ਆਈ ਹੋ ਸਕਦੀ ਹੋਵੇ।" ਪਰਿਵਾਰ ਨੇ ਰਿਜ਼ੋਰਟ ਤੋਂ ਕਿਸੇ ਵੀ ਤਰੀਕੇ ਦੀ ਜਾਣਕਾਰੀ ਨਹੀਂ ਮਿਲੀ ਕਿ ਇਹ ਸਭ ਕੁਝ ਕਿਸ ਕਰਕੇ ਹੋਇਆ।

ਰਿਜ਼ੋਰਟ ਦੇ ਨੁਮਾਇੰਦੇ ਇਲਸੇ ਜੋਰਡਨ ਨੇ ਆਨਲਾਈਨ ਟਿੱਪਣੀਆਂ 'ਚ ਲਿਖਿਆ, "ਸਾਡੇ ਕੋਲ ਖਾਣ-ਪੀਣ ਦੀ ਸੁਰੱਖਿਆ ਅਤੇ ਹਾਈਜੀਨ ਲਈ ਸਖ਼ਤ ਨੀਤੀਆਂ ਹਨ।"

ਉਨ੍ਹਾਂ ਕਿਹਾ ਕਿ "ਅਸੀਂ ਹਮੇਸ਼ਾ ਚੈੱਕਿੰਗ ਕਰਦੇ ਰਹਿੰਦੇ ਹਾਂ ਅਤੇ ਅਸੀਂ ਭੋਜਨ ਦੀ ਗੁਣਵੱਤਾ ਅਤੇ ਸਹੀ ਤਰੀਕੇ ਨਾਲ ਇਲਾਜ ਦਾ ਭਰੋਸਾ ਆਪਣੇ ਗਾਹਕਾਂ ਨੂੰ ਦਿੰਦੇ ਹਾਂ।" ਉਨ੍ਹਾਂ ਇਹ ਵੀ ਕਿਹਾ ਕਿ ਰਿਜ਼ੋਰਟ 'ਤੇ ਡਾਕਟਰੀ ਸੇਵਾ ਉਪਲਬਧ ਹੈ, ਪਰ ਇਹ ਬਾਹਰੀ ਕੰਪਨੀ ਰਾਹੀਂ ਦਿੱਤੀ ਜਾਂਦੀ ਹੈ।

ਹਾਲਾਤ ਇੰਨੇ ਗੰਭੀਰ ਬਣ ਗਏ ਹਨ ਕਿ ਸੰਡੋਸ ਪਲੇਆਕਾਰ 'ਤੇ ਬੀਮਾਰ ਹੋਣ ਵਾਲੇ ਲੋਕਾਂ ਨੇ ਫੇਸਬੁੱਕ 'ਤੇ ਇੱਕ ਗਰੁੱਪ ਬਣਾਇਆ, ਜਿਸ 'ਚ ਹੁਣ ਤੱਕ 700 ਤੋਂ ਵੱਧ ਲੋਕ ਸ਼ਾਮਲ ਹੋ ਚੁੱਕੇ ਹਨ।

ਇਸੇ ਤਰ੍ਹਾਂ ਇੱਕ ਹੋਰ ਪਰਿਵਾਰ ਮੇਪਲ ਰਿਜ ਨਿਵਾਸੀ, ਸ਼ੀਨਾ ਰੌਬਿਨਸਨ ਵੀ 17 ਫਰਵਰੀ ਨੂੰ ਆਪਣੇ ਪਰਿਵਾਰ ਅਤੇ 32 ਮੈਂਬਰਾਂ ਦੇ ਗਰੁੱਪ ਨਾਲ ਇਸ ਰਿਜ਼ੋਰਟ 'ਤੇ ਵਿਆਹ ਲਈ ਗਏ ਸਨ ਪਰ ਸੋਮਵਾਰ ਰਾਤ ਆਉਣ ਤੋਂ ਬਾਅਦ, ਮੰਗਲਵਾਰ ਦੀ ਦਿਨ ਚੰਗੀ ਤਰ੍ਹਾਂ ਗੁਜ਼ਰਿਆ, ਪਰ ਬੁੱਧਵਾਰ ਸਵੇਰੇ ਉਹ ਬਿਮਾਰੀ ਮਹਿਸੂਸ ਕਰਨ ਲੱਗੀ।

ਉਨ੍ਹਾਂ ਕਿਹਾ "ਉਲਟੀਆਂ, ਡਾਇਰੀਆ, ਨੌਜ਼ੀਆ – ਇਹ ਸਭ ਕੁਝ ਹੋ ਰਿਹਾ ਸੀ।"

ਉਨ੍ਹਾਂ ਕਿਹਾ "ਜਦੋਂ ਅਸੀਂ ਰਿਜ਼ੋਰਟ 'ਚ ਆਏ, ਤਾਂ ਹਵਾ 'ਚ ਸੀਵਰੇਜ ਦੀ ਬਹੁਤ ਹੀ ਤੀਖੀ ਬੂ ਆ ਰਹੀ ਸੀ, ਸਿੰਕ ਜਾਂ ਸ਼ਾਵਰ ਚਲਾਉਂਦੇ, ਤਾਂ ਵੀ ਇਹ ਬੂ ਆਉਂਦੀ ਸੀ। ਉਨ੍ਹਾਂ ਨੇ ਹੋਰ ਲੋਕਾਂ ਨੂੰ ਅਜਿਹੇ ਹਾਲਤਾਂ 'ਚ ਇਥੇ ਆਉਣ ਤੋਂ ਚਿਤਾਵਨੀ ਦਿੱਤੀ ਹੈ। This report was written by Simranjit Singh as part of the Local Journalism Initiative.

# ਲੋਅਰ ਮੈਨਲੈਂਡ 'ਚ ਦੋ ਖਸਰੇ ਮਾਮਲੇ ਆਉਣ ਤੋਂ ਬਾਅਦ ਬੀ.ਸੀ. ਵਾਸੀਆਂ ਨੂੰ ਟੀਕਾਕਰਨ ਅਤੇ ਜਾਂਚ ਕਰਨ ਦੀਆਂ ਹਦਾਇਤਾਂ ਜਾਰੀ



ਵੈਨਕੂਵਰ : ਲੋਅਰ ਮੈਨਲੈਂਡ 'ਚ ਦੋ ਨਵੇਂ ਖਸਰੇ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ, ਬੀ.ਸੀ. ਸੈਂਟਰ ਫੋਰ ਡਿਜੀਜ਼ ਕੰਟਰੋਲ (BCCDC) ਨੇ ਬੀ.ਸੀ. ਵਾਸੀਆਂ ਨੂੰ ਟੀਕਾਕਰਨ ਦੀ ਜਾਂਚ ਕਰਨ ਅਤੇ ਜ਼ਰੂਰੀ ਵੈਕਸੀਨ ਲਗਵਾਉਣ ਦੀ ਹਦਾਇਤਾਂ ਜਾਰੀ ਕੀਤੀਆਂ ਹਨ। ਬੀ.ਸੀ. ਸਿਹਤ ਮੰਤਰਾਲਾ, BCCDC, ਅਤੇ ਸੂਬਾਈ ਸਿਹਤ ਸੇਵਾਵਾਂ ਅਥਾਰਟੀ ਨੇ 21 ਫ਼ਰਵਰੀ ਨੂੰ ਇੱਕ ਬੁਲੇਟਿਨ ਜਾਰੀ ਕਰਕੇ ਬੀ.ਸੀ. ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਟੀਕਾਕਰਨ ਦੀ ਜਾਂਚ ਕਰਨ ਅਤੇ ਵੈਕਸੀਨ ਲਗਵਾਉਣ ਲਈ ਅੱਜ ਹੀ ਆਪਣੀ ਮੁਲਾਕਾਤ ਬੁੱਕ ਕਰਨ। ਉਨ੍ਹਾਂ ਦੱਸਿਆ ਕਿ ਵੈਕਸੀਨ ਦੀਆਂ ਦੋ ਖੁਰਾਕਾਂ ਦਿੱਤੀਆਂ ਜਾਂਦੀਆਂ ਹਨ। 12 ਮਹੀਨਿਆਂ ਦੀ ਉਮਰ 'ਚ ਪਹਿਲੀ ਖੁਰਾਕ , ਕਿੰਡਰਗਾਰਟਨ ਉਮਰ 'ਚ ਦੂਜੀ ਖੁਰਾਕ। BCCDC ਨੇ ਕਿਹਾ ਕਿ ਖਸਰਾ ਇੱਕ ਬਹੁਤ ਤੇਜ਼ੀ ਨਾਲ ਫੈਲਣ ਵਾਲਾ ਵਾਇਰਸ ਹੈ, ਜੋ ਹਵਾ ਰਾਹੀਂ ਵੀ ਦੂਜਿਆਂ ਨੂੰ ਲੱਗ ਸਕਦਾ ਹੈ। ਇਹ ਵਾਇਰਸ ਦੇ ਲੱਛਣ ਦਿਖਾਈ ਦੇਣ ਤੋਂ ਪਹਿਲਾਂ ਹੀ ਦੂਜਿਆਂ ਨੂੰ ਲੱਗ ਸਕਦਾ ਹੈ, ਅਤੇ ਕਿਸੇ ਕਮਰੇ 'ਚ ਘੰਟਿਆਂ ਤਕ ਮੌਜੂਦ ਰਹਿ ਸਕਦਾ ਹੈ। 21 ਫ਼ਰਵਰੀ ਨੂੰ ਜਾਰੀ ਰਿਪੋਰਟ ਅਨੁਸਾਰ, 2024 ਵਿੱਚ ਕੈਨੇਡਾ ਵਿੱਚ 146 ਖਸਰੇ ਮਾਮਲੇ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 44 ਕੇਸ ਇਸ ਸਾਲ ਹੀ ਹੋਏ ਹਨ। ਇਹ ਮਾਮਲੇ ਮੁੱਖ ਤੌਰ 'ਤੇ ਉਨ੍ਹਾਂ ਲੋਕਾਂ 'ਚ ਪਾਏ ਗਏ ਹਨ, ਜਿਨ੍ਹਾਂ ਨੇ ਟੀਕਾਕਰਣ ਨਹੀਂ ਕਰਵਾਇਆ ਜਾਂ ਅਧੂਰਾ ਕਰਵਾਇਆ ਹੋਇਆ ਸੀ।

15 ਫ਼ਰਵਰੀ ਨੂੰ ਫਰੇਜ਼ਰ ਅਤੇ ਵੈਨਕੂਵਰ ਕੋਸਟਲ ਸਿਹਤ ਅਥਾਰਟੀ ਨੇ ਪਹਿਲੇ ਮਾਮਲੇ ਦੀ ਪੁਸ਼ਟੀ ਕੀਤੀ ਸੀ। ਇਹ ਮਾਮਲਾ ਇੱਕ ਯਾਤਰੀ 'ਚ ਪਾਇਆ ਗਿਆ ਸੀ, ਜੋ ਕਿ ਫਰੇਜ਼ਰ ਹੈਲਥ ਖੇਤਰ 'ਚ ਰਹਿੰਦਾ ਸੀ। ਅਧਿਕਾਰੀਆਂ ਨੇ ਚੇਤਾਵਨੀ ਜਾਰੀ ਕੀਤੀ ਕਿ ਯਾਤਰਾ ਦੌਰਾਨ ਫਲਾਈਟ ਦੇ ਅੰਤਰਰਾਸ਼ਟਰੀ ਪਹੁੰਚ ਖੇਤਰ 'ਚ ਲੋਕ ਸੰਕਰਮਿਤ ਹੋ ਸਕਦੇ ਹਨ। ਦੂਜਾ ਮਾਮਲਾ 19 ਫ਼ਰਵਰੀ ਨੂੰ ਵੈਨਕੂਵਰ ਕੋਸਟਲ ਹੈਲਥ ਨੇ ਪੁਸ਼ਟੀ ਕੀਤੀ, ਜੋ ਉਸੇ ਯਾਤਰੀ ਗਰੁੱਪ ਦਾ ਹਿੱਸਾ ਸੀ, ਜਿਸ ਵਿੱਚ ਪਹਿਲਾ ਮਰੀਜ਼ ਸੀ।

ਸਰੀ ਵਿੱਚ, ਨਿਊਟਨ ਪਬਲਿਕ ਹੈਲਥ ਯੂਨਿਟ ਅਤੇ ਨੌਰਥ ਸਰੀ ਪਬਲਿਕ ਹੈਲਥ ਯੂਨਿਟ 'ਚ ਟੀਕਾਕਰਨ ਸੇਵਾਵਾਂ ਉਪਲਬਧ ਹਨ। ਉਨ੍ਹਾਂ ਲੋਕਾਂ ਨੂੰ ਤੁਰੰਤ ਟੀਕਾ ਲਗਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ । ਹੋਰ ਜਾਣਕਾਰੀ ਲਈ Fraser Health ਦੀ ਵੈੱਬਸਾਈਟ ਜਾਂ immunizebc.ca 'ਤੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। This report was written by Simranjit Singh as part of the Local Journalism Initiative.



# WINNIPEG LOCATION

NOW OPEN 9am to 9pm
#3- 1375 McPhillips St.

SABZI MANDI SUPERMARKET

Serving our Community since 2003

Ramadan Mubarak!

HOT PRICE — JUMBO CAULIFLOWER ਗੋਭੀ — 2.49 ea

HOT PRICE — FRESH CILANTRO ਧਨੀਆਂ Bunch — 2 for 99¢

HOT PRICE — ROMA TOMATOES ਰੋਮਾ ਟਮੇਟਰ — 69¢ /lb

HOT PRICE — FRESH SPINACH ਪਾਲਕ Bunch — 99¢ ea

SHAN SPICES ਸ਼ਾਨ ਮਸਾਲੇ Asst. — 1.99 ea

PITTED DATES ਖੰਜੂਰਾਂ 680g — 5.99 ea

SHAN ROASTED VERMICELLI ਸ਼ਾਨ ਸੇਵੀਆਂ 150g — 2 for 99¢

AASHIRVAAD ATTA ਆਸ਼ਿਰਵਾਦ ਆਟਾ 20lb — 10.99 ea

ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb — 8.99 ea

## UNBEATABLE DEAL

PUNJABI BY NATURE ATTA COOKIES
ਪੰਜਾਬੀ ਬਾਈ ਨੇਚਰ ਆਟਾ ਕੁਕੀਆਂ
5lb — 16.99 ea

## CASE LOT SALE

ROMA TOMATOES ਰੋਮਾ ਟਮੇਟਰ 25lb CASE — $16 ea

GREEN PEPPERS ਹਰੀਆਂ ਸ਼ਿਮਲਾ ਮਿਰਚਾਂ 23lb — $20 ea

FRESH CAULIFLOWER ਗੋਭੀ 12 pieces — $25 ea

FRESH METHI ਮੇਥੀ Bunch — 1.99 ea

PEELED GARLIC ਲਸਣ 5lb — 11.99 ea

RUSSET POTATOES ਆਲੂ 10lb — 3.99 ea

LARGE SEEDLESS ORANGES ਸੰਗਤਰੇ — 99¢ /lb

FRESH OPO ਲੌਕੀ — 1.29 /lb

EXTRA FANCY RED ONIONS ਲਾਲ ਗੰਢੇ 25lb — 16.99 ea

FRESH BROCCOLI ਬਰੋਕੋਲੀ — 1.29 /lb

GREEN PEPPERS ਹਰੀਆਂ ਸ਼ਿਮਲਾ ਮਿਰਚਾਂ — 99¢ /lb

AMBROSIA APPLES ਐਮਬਰੋਜ਼ੀਆ ਸੇਬ — 88¢ /lb

FRESH GINGER ਅੱਦਰਕ — 1.59 /lb

FRESH ZUCCHINI ਤੋਰੀ — 79¢ /lb

PROUDLY CANADIAN • PROUDLY PUNJABI!

Western Union
Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੋਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. February 28, 2025 - Wed. March 05, 2025

MasterCard VISA American Express Interac
American Express accepted at three locations.

STORES OPEN 7 DAYS A WEEK
Visit one of our great locations so we can serve you today!

| | | | |
|---|---|---|---|
| NEWTON STORE: #106 - 12568 72nd Ave., Surrey | 604-590-2400 | BURNABY: 7565 6th Street, Burnaby | 604-553-6603 |
| NEWTON 80th AVENUE: 13208 80th Ave., Surrey | 778-565-7880 | RICHMOND: 9371 No 5 Rd, Richmond | 604-285-2400 |
| NEWTON EXCHANGE: 101-13753 72 Ave., Surrey | 604-581-2400 | NEWTON 64 AVE: 140- 6350 120 st, Surrey | 778-565-1266 |
| NEWTON EAST: 15299 68th Ave., Surrey | 604-598-8006 | LANGLEY: #50 – 20150 Langley Bypass, Langley | 604-427-3912 |
| ABBOTSFORD: 31831 S. Fraser Way, Abbotsford | 604-864-9193 | ABBOTSFORD: 2777 Gladwin Road, Abbotsford | 604-744-2077 |

Prices in effect at the above listed store locations only.

SABZI MANDI SUPERMARKET
You can also visit us online at www.sabzimandicanada.com